ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਇਤਿਹਾਸ) ਭਾਗ ਪਹਿਲਾ ਸਮੈਸਟਰ : 1

ਪੇਪਰ : ਭਾਰਤ ਦਾ ਇਤਿਹਾਸ 1000ਈ. ਤੱਕ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਪ੍ਰਾਚੀਨ ਭਾਰਤ ਦਾ ਅਰਥ,ਇਤਿਹਾਸਕਾਰੀ,ਕਾਲਵੰਡ ਅਤੇ ਮਹੱਤਤਾ

1.2 : ਭਾਰਤ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਤੇ ਪ੍ਰਭਾਵ

1.3 : ਇਤਿਹਾਸ ਦੇ ਮੁਖ ਸੋਮੇ

1.4 : ਹੜੱਪਾ ਅਥਵਾ ਸਿੰਧ ਘਾਟੀ-ਸਭਿਅਤਾ-ਉਭਾਰ ਸਮਾਂ ਤੇ ਪਤਨ ਦੇ ਕਾਰਣ

1.5 : ਰਿਗਵੈਦਿਕ ਸਭਿਅਤਾ : ਆਰੀਆ ਦਾ ਉਥਾਨ-ਸਮਾਜਿਕ, ਆਰਥਿਕ ਤੇ ਧਾਰਮਿਕ ਜੀਵਨ

1.6 : ਉੱਤਰ-ਵੈਦਿਕ ਕਾਲ : ਰਾਜਸੀ,ਧਾਰਮਿਕ ਤੇ ਸਮਾਜਿਕ ਜੀਵਨ

1.7 : ਜੈਨ ਧਰਮ : ਮਹਾਂਵੀਰ-ਜੀਵਨ ਤੇ ਸਿਖਿਆਵਾਂ

1.8 : ਬੁੱਧ ਧਰਮ : ਮਹਾਤਮਾ ਬੁੱਧ ਦਾ ਜੀਵਨ ਤੇ ਸਿਖਿਆਵਾਂ



Department website : www.pbidde.org

**ਪਾਠ ਨੰਬਰ : 1.1** **ਸੈਕਸ਼ਨ - ਏ** **ਲੇਖਕ: ਨਾਜ਼ਰ ਸਿੰਘ**

# ਪ੍ਰਾਚੀਨ ਭਾਰਤ ਦਾ ਅਰਥ, ਇਤਿਹਾਸਕਾਰੀ, ਕਾਲ ਵੰਡ ਅਤੇ ਮਹੱਤਤਾ

## ਪਾਠ ਦੀ ਬਣਤਰ

ਉਦੇਸ਼
ਜਾਣ-ਪਛਾਣ (Introduction)
ਅਰਥ (Meaning) - ਵਿਸ਼ਾਲਤਾ ਤੇ ਵਿਗਿਆਨ
ਕਾਲਵੰਡ (Periodization) : ਪ੍ਰਾਚੀਨ ਭਾਰਤ ਬਨਾਮ ਅੱਜ ਦਾ ਭਾਰਤ
ਇਤਿਹਾਸ ਤੇ ਇਤਿਹਾਸਕਾਰੀ - ਪੂਰਵ-ਇਤਿਹਾਸ ਤੋਂ ਇਤਿਹਾਸ ਵੱਲ - ਖੋਜ ਜਾਂ ਡਿਸਕਵਰੀ - ਜੇਮਜ ਮਿਲ ਦੀ ਕਾਲ-ਵੰਡ, ਸ੍ਰੋਤ ਤੇ ਕਾਲ-ਵੰਡ
ਭਾਰਤੀ ਸਭਿਅਤਾ ਤੇ ਸਭਿਆਚਾਰ ਦੀਆਂ ਇਤਿਹਾਸਕ ਵਿਸ਼ੇਸ਼ਤਾਵਾਂ - ਤਬਦੀਲੀਆਂ ਤੇ ਨਿਰਅੰਤਰਤਾ (Change and Continuity in Indian Civilization and Culture) :
ਪ੍ਰਾਚੀਨ ਭਾਰਤ ਦੇ ਇਤਿਹਾਸ ਦੀ ਮਹੱਤਤਾ
ਪਾਠ ਵਿਚ ਆਏ ਮੁੱਖ ਨੁਕਤੇ ਅਤੇ ਤਕਨੀਕੀ ਸ਼ਬਦ
ਅਭਿਆਸ ਲਈ ਛੋਟੇ ਤੇ ਵੱਡੇ ਪ੍ਰਸ਼ਨ
ਹੋਰ ਜਾਣਕਾਰੀ ਲਈ ਪੁਸਤਕਾਂ

## ਉਦੇਸ਼

(1) ਭਾਰਤ ਦੀ ਭੌਤਿਕ ਤੇ ਇਤਿਹਾਸਕ ਉਤਪਤੀ ਬਾਰੇ ਜਾਣਕਾਰੀ ਦੇਣਾ।

(2) ਪ੍ਰਾਚੀਨ ਕਾਲ ਦੇ ਭਾਰਤੀ ਇਤਿਹਾਸ ਦੀ ਪੇਸ਼ਕਾਰੀ ਵੇਲੇ ਸੋਮਿਆਂ ਤੇ ਕਾਲ-ਵੰਡ ਨਾਲ ਸੰਬੰਧਤ ਅੰਕੜਾਂ ਬਾਰੇ ਚੇਤਨਾ ਪੈਦਾ ਕਰਨਾ।

(3) ਭਾਰਤੀ ਜੀਵਨ ਦੇ ਭੌਤਿਕ ਅਤੇ ਮਾਨਸਿਕ ਆਧਾਰ ਤੇ ਵਿਕਾਸ ਦੀਆਂ ਪ੍ਰਕਿਰਿਆਵਾਂ ਤੇ ਪੜਾਵਾਂ ਦੀ ਨਿਸ਼ਾਨਦੇਹੀ ਕਰਨਾ।

(4) ਪ੍ਰਾਚੀਨ ਭਾਰਤੀ ਮਨੁੱਖ ਰਾਹੀਂ ਮਾਨਵਜਾਤੀਆਂ ਦੀਆਂ ਮੁਢਲੀਆਂ ਪ੍ਰਾਪਤੀਆਂ ਤੇ ਸੀਮਾਵਾਂ ਦੇ ਅਧਿਅਨ ਵੱਲ ਰੁਚੀ ਅਤੇ ਦਿਲਚਸਪੀ ਪੈਦਾ ਕਰਨਾ।

## 1. ਜਾਣ-ਪਛਾਣ (Introduction) :

ਪ੍ਰਾਚੀਨ ਭਾਰਤ ਦਾ ਭਾਵ ਉਸ ਉਪ-ਮਹਾਂਦੀਪ ਤੋਂ ਹੈ ਜਿਹੜਾ ਕਿ ਦੱਖਣ-ਏਸ਼ੀਆ ਦਾ ਹਿੱਸਾ ਹੈ।

ਰਾਜਨੀਤਕ ਤੌਰ ਤੇ ਪ੍ਰਾਚੀਨ ਭਾਰਤ ਲਗਭਗ ਉਹ ਭੂਗੋਲਿਕ ਖਿੱਤਾ ਸੀ ਜਿਸ ਨੂੰ ਅਸੀਂ 15 ਅਗਸਤ, 1947 ਤੱਕ ਇੰਡੀਆ ਜਾਂ ਭਾਰਤ ਕਹਿੰਦੇ ਸਾਂ। ਇਤਿਹਾਸ ਵਿਚ ਭਾਰਤੀ ਉਪ-ਮਹਾਂਦੀਪ ਅਨੇਕਾਂ ਨਾਵਾਂ ਨਾਲ ਜਾਣਿਆ ਗਿਆ ਪਰੰਤੂ ਹਰ ਨਾਮ ਇਸ ਦੀ ਵਿਸ਼ਾਲਤਾ ਅਤੇ ਅਨੇਕਤਾ ਦਾ ਸੰਕੇਤ ਸੀ। ਪ੍ਰਾਚੀਨ ਭਾਰਤ ਅੱਜ ਦੇ ਭਾਰਤ ਤੋਂ ਭਿੰਨ ਸੀ। ਪ੍ਰਾਚੀਨ ਭਾਰਤ ਦੀ ਖੋਜ ਜਾਂ ਡਿਸਕਵਰੀ ਵਿਦੇਸ਼ੀਆਂ ਤੇ ਭਾਰਤੀ ਵਿਦਵਾਨਾਂ ਨੇ 18ਵੀਂ ਤੇ 19ਵੀਂ ਸਦੀਆਂ ਵਿਚ ਕੀਤੀ ਅਤੇ ਇਹ ਕੰਮ ਅੱਜ ਵੀ ਹੋ ਰਿਹਾ ਹੈ। ਇਹ ਖੋਜ ਸੋਮਿਆਂ ਤੇ ਅਧਾਰਤ ਹੈ। **ਇਸ ਖੋਜ ਨੇ ਹੀ ਕਾਲ-ਵੰਡ ਦਾ ਮੁੱਦਾ ਮਹੱਤਵਪੂਰਨ ਬਹਿਸ ਦਾ ਵਿਸ਼ਾ ਬਣਾਇਆ। ਬਰਤਾਨਵੀ ਇਤਿਹਾਸਕਾਰ ਜੇਮਜ ਮਿਲ ਨੇ ਪ੍ਰਾਚੀਨ ਭਾਰਤੀ ਇਤਿਹਾਸ ਨੂੰ ਹਿੰਦੂ-ਕਾਲ ਮੰਨਿਆ। ਇਹ ਠੀਕ ਨਹੀਂ ਸੀ। ਇੰਝ ਕਰਨ ਨਾਲ ਹਿੰਦੂਆਂ ਤੇ ਮੁਸਲਮਾਨਾਂ ਵਿਚ ਫਰਕ ਤੇ ਟੱਕਰ ਨੂੰ ਬਲ ਮਿਲਦਾ ਸੀ ਕਿਉਂਕਿ ਪ੍ਰਾਚੀਨ ਭਾਰਤ ਦੇ ਪਤਨ ਲਈ ਇਸਲਾਮ ਤੇ ਮੁਸਲਮਾਨਾਂ ਨੂੰ ਜੁੰਮੇਵਾਰ ਮੰਨ ਲਿਆ ਗਿਆ ਸੀ।**

ਪ੍ਰਾਚੀਨ ਭਾਰਤੀ ਇਤਿਹਾਸ ਸਿੰਧ-ਘਾਟੀ ਸਭਿਅਤਾ ਤੋਂ ਸ਼ੁਰੂ ਹੋਇਆ। ਇਸ ਸਭਿਅਤਾ ਦਾ ਸਮਾਂ 2500 ਬੀ.ਸੀ. ਤੋਂ 1800 ਬੀ.ਸੀ. ਤੱਕ ਸੀ। ਇਹ ਹੜੱਪਾ-ਕਾਲ ਸੀ। 1500 ਬੀ.ਸੀ. ਦੇ ਆਸ ਪਾਸ ਵੈਦਿਕ-ਕਾਲ ਸ਼ੁਰੂ ਹੋਇਆ। ਇਹ 800 ਬੀ.ਸੀ. ਤੱਕ ਸੀ। 600 ਬੀ.ਸੀ. ਦੇ ਕਰੀਬ ਭਾਰਤ ਆਪਣੇ ਇਤਿਹਾਸਕ ਦੌਰ ਵਿਚ ਦਾਖਲ ਹੋਇਆ। 6000 ਬੀ.ਸੀ. ਤੋਂ 800 ਬੀ.ਸੀ. ਤੱਕ ਪ੍ਰਾਚੀਨ ਭਾਰਤ ਦਾ ਪੂਰਵ-ਇਤਿਹਾਸ ਯੁੱਗ ਸੀ। ਜੈਨ-ਮੱਤ ਤੇ ਬੁੱਧ ਮੱਤ ਦਾ ਵਿਕਾਸ ਅਤੇ ਠੀਕ ਇਸ ਸਮੇਂ ਰਾਜਨੀਤਕ ਸੰਸਥਾਵਾਂ ਦਾ ਜਨਮ ਇਤਿਹਾਸਕ ਕਾਲ ਦੀਆਂ ਮੁੱਖ ਘਟਨਾਵਾਂ ਸਨ। ਮੌਰੀਆ ਕਾਲ ਨੇ ਭਾਰਤ ਵਿਚ ਸਾਮਰਾਜਾਂ ਦੀ ਸ਼ੁਰੂਆਤ ਕੀਤੀ। ਗੁਪਤ ਸਾਮਰਾਜ ਪ੍ਰਾਚੀਨ ਭਾਰਤੀ ਇਤਿਹਾਸ ਦਾ ਦੂਸਰਾ ਤੇ ਹਰਸ਼ ਵਰਧਨ ਦਾ ਰਾਜ ਆਖਰੀ ਸਾਮਰਾਜ ਸੀ। **647 ਏ.ਡੀ. ਵਿਚ ਵਰਧਨ-ਸਾਮਰਾਜ ਦੇ ਅੰਤ ਨਾਲ ਪ੍ਰਾਚੀਨ ਭਾਰਤ ਆਪਣੇ ਮੱਧਕਾਲੀ ਯੁੱਗ ਵੱਲ ਵਧਣਾ ਸ਼ੁਰੂ ਹੋਇਆ। 1000 ਈ. ਤੱਕ ਸਾਮੰਤ-ਵਾਦੀ ਕਾਲ ਜਾਂ ਰਾਜਪੂਤ-ਕਾਲ ਮਹਿਮੂਦ ਗਜ਼ਨਵੀ ਦੇ ਹਮਲਿਆਂ ਕਾਰਨ ਆਪਣੇ ਨਵੇਂ ਦੌਰ ਵਿਚ ਸ਼ਾਮਲ ਹੋਇਆ। ਇਸ ਨਵੇਂ ਦੌਰ ਨੂੰ ਮੱਧ-ਕਾਲੀ ਭਾਰਤ ਕਿਹਾ ਜਾਂਦਾ ਹੈ। ਇਸ ਦਾ ਹਾਲ ਤੁਸੀਂ ਆਪਣੇ ਬੀ ਪੇਪਰ ਵਿਚ ਪੜ੍ਹੋਗੇ।**

## 2. ਪ੍ਰਾਚੀਨ ਭਾਰਤ ਦਾ ਅਰਥ :-

ਪ੍ਰਾਚੀਨ ਭਾਰਤ ਇਕ ਵਿਸ਼ਾਲ ਭੂਮੀ ਸੀ। ਏਸ਼ੀਆ ਮਹਾਂਦੀਪ ਦੇ ਦੱਖਣ ਵਿਚ ਸਥਿਤ ਹੋਣ ਕਰਕੇ ਇਸ ਨੂੰ ਅਸੀਂ ਅੱਜ ਕਲ ਦੱਖਣੀ ਏਸ਼ੀਆ ਦਾ ਭਾਗ ਕਹਿੰਦੇ ਹਾਂ। ਭਾਰਤ ਇਕ ਉਪ-ਮਹਾਂਦੀਪ ਹੈ। ਇਹ ਨਾਮ ਵੀ ਇਸ ਦੀ ਵਿਸ਼ਾਲ ਕੁਦਰਤੀ ਬਣਤਰ ਜਾਂ ਭੂਗੋਲਿਕ ਪਸਾਰ ਵੱਲ ਸੰਕੇਤ ਕਰਦਾ ਹੈ। ਉਪ ਮਹਾਂਦੀਪ ਨੂੰ ਯੂਨਾਨੀ ਲੇਖਕ ਇੰਡੀਆ ਆਖਦੇ ਸਨ, ਜਦੋਂ ਕਿ ਇਰਾਨੀ ਲੇਖਕ ਹਿੰਦੂ ਕਹਿੰਦੇ ਸਨ। 'ਇੰਡੀਆ' ਅਤੇ 'ਹਿੰਦੂ' ਦੋਵੇਂ ਸ਼ਬਦ ਹੀ ਦਰਿਆ ਸਿੰਧ (Indus) ਤੋਂ ਬਣੇ ਹਨ। ਭਾਰਤੀ ਉਪ-ਮਹਾਂਦੀਪ ਨੂੰ ਕਲਾਸੀਕਲ ਸੰਸਕ੍ਰਿਤ ਸਾਹਿਤ ਵਿਚ *ਭਾਰਤ-ਵਰਸ਼* ਵੀ ਆਖਿਆ ਗਿਆ। ਭਰਤ ਇਸ ਦੇ ਪ੍ਰਾਚੀਨ ਸ਼ਕਤੀਸ਼ਾਲੀ ਰਾਜਿਆਂ ਵਿਚੋਂ ਇਕ ਸੀ। ਹਿੰਦੂ ਮਿਥਿਹਾਸ ਅਨੁਸਾਰ *ਭਾਰਤ-ਵਰਸ਼* ਕਿਸੇ ਵੇਲੇ ਸੱਤ ਟਾਪੂਆਂ ਦਾ ਦੇਸ਼ ਸੀ ਜਿਸ ਦਾ ਨਾਮ ਜੰਮਬੂ-ਦੀਪ ਸੀ।

## 3. ਵਿਸ਼ਾਲਤਾ ਅਤੇ ਵਿਗਿਆਨ :-

ਕੀ ਪ੍ਰਾਚੀਨ ਭਾਰਤ ਦੇ ਉਪਰੋਕਤ ਨਾਵਾਂ ਵਿਚ ਕੋਈ ਸਾਂਝ ਹੈ ? ਹਾਂ, ਅਜਿਹਾ ਹੈ। (ੳ) ਪ੍ਰਾਚੀਨ ਭਾਰਤ ਇਕ ਉਪ-ਮਹਾਂਦੀਪ ਦਾ ਨਾਮ ਹੈ। ਕਿਸੇ ਇਕ ਦੇਸ਼ ਜਾਂ ਰਾਸ਼ਟਰ, ਸਭਿਆਚਾਰ ਜਾਂ ਜੀਵਨ ਨੂੰ ਪ੍ਰਾਚੀਨ ਭਾਰਤ ਨਹੀਂ ਆਖਿਆ ਜਾ ਸਕਦਾ। (ਅ) ਪ੍ਰਾਚੀਨ ਭਾਰਤ ਦੀ ਭੂਗੋਲਿਕ ਵਿਸ਼ਾਲਤਾ ਵਿਗਿਆਨਕ ਸਿਧਾਂਤਾਂ ਰਾਹੀਂ ਵੀ ਵੇਖੀ ਜਾ ਸਕਦੀ ਹੈ। ਭਾਰਤ ਦੀ ਭੂੰ-ਬਣਤਰ ਜਾਂ **ਜਿਓਲਜੀਕਲ ਫਾਰਮੇਸ਼ਨ** ਦਾ

ਇਤਿਹਾਸ ਮੰਨਦਾ ਹੈ ਕਿ ਅੱਜ ਤੋਂ ਲੱਖਾਂ ਸਾਲ ਪਹਿਲਾਂ ਭਾਰਤੀ ਉਪ ਮਹਾਦੀਪ ਪੱਛਮ ਵਿਚ ਦੱਖਣੀ ਅਮਰੀਕਾ, ਦੱਖਣ ਵਿਚ ਐਨਟਾਰਟੀਕਾ ਅਤੇ ਪੂਰਬ ਵਿਚ ਆਸਟ੍ਰੇਲੀਆ ਨਾਲ ਜੁੜਿਆ ਹੋਇਆ ਸੀ। ਇਸ ਲੰਮੇ ਚੌੜੇ ਭੂੰ-ਖੰਡ ਨੂੰ **ਗੌਂਡਵਾਨਾ ਲੈਂਡ** ਆਖਿਆ ਗਿਆ। ਗੌਂਡਵਾਨਾਂ ਇਕ ਕਿਸਮ ਦੀਆਂ ਚਟਾਨਾਂ ਹਨ। ਉਸ ਵੇਲੇ ਹਿਮਾਲਾ ਪਰਬਤਾਂ ਦੀ ਥਾਂ ਲੰਮਾ-ਚੌੜਾ ਸਮੁੰਦਰ ਸੀ। ਇਹ ਮੈਡਟਰੇਨੀਅਨ ਸਾਗਰ ਨੂੰ ਚੀਨ ਨਾਲ ਜੋੜਦਾ ਸੀ। ਵਿਗਿਆਨੀ ਇਸ ਨੂੰ The Sea of Tethys ਕਹਿੰਦੇ ਹਨ।

ਹਿਮਾਲਾ ਪਹਾੜ ਕਦੋਂ ਬਣੇ ਜਾਂ ਕਿਵੇਂ ਹੋਂਦ ਵਿਚ ਆਏ ? ਫਿਰ ਇਨ੍ਹਾਂ ਪਹਾੜਾਂ ਚੋਂ ਨਿਕਲਣ ਵਾਲੇ ਦਰਿਆਵਾਂ ਦੇ ਸਿਲਸਲਿਆਂ ਜਿਵੇਂ ਸਿੰਧ ਸਿਸਟਮ (ਸਿੰਧ, ਜੇਹਲਮ, ਰਾਵੀ, ਬਿਆਸ ਤੇ ਸਤਲੁਜ) ਗੰਗਾ-ਜਮਨਾ ਸਿਸਟਮ ਅਤੇ ਬ੍ਰਹਮ ਪੁੱਤਰ ਸਿਸਟਮ ਨੇ ਕਿਵੇਂ ਉੱਤਰੀ ਭਾਰਤ ਦੇ ਵਿਸ਼ਾਲ ਮੈਦਾਨਾਂ ਨੂੰ ਜਨਮ ਦਿੱਤਾ ? ਇਸੇ ਹੀ ਤਰ੍ਹਾਂ ਦੱਖਣ ਦੀ ਪਠਾਰ ਕਦੋਂ ਤੇ ਕਿਵੇਂ ਸਥਾਪਤ ਹੋਈ ਅਤੇ ਇਹ ਪਠਾਰ ਪੱਛਮ ਤੋਂ ਪੂਰਬ ਵੱਲ ਕਿਉਂ ਢਲਦੀ ਗਈ ? ਇਨ੍ਹਾਂ ਦਿਲਚਸਪ ਸਵਾਲਾਂ ਦਾ ਉੱਤਰ ਭੂ-ਵਿਗਿਆਨੀਆਂ ਕੋਲ ਹੈ। ਸਾਡੇ ਲਈ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਇਤਿਹਾਸ ਦੀ ਇਕ ਵਿਸ਼ੇਸ਼ਤਾ ਬਦਲਾਵ ਜਾਂ ਤਬਦੀਲੀ ਹੈ। ਚਾਰਲਸ ਡਾਰਵਨ ਦੇ ਉਤਪਤੀ ਸਿਧਾਂਤ ਤੋਂ ਪਹਿਲਾਂ ਵੀ ਵਿਗਿਆਨੀ ਜਾਣਦੇ ਸਨ ਕਿ ਧਰਤੀ ਦਾ ਜਨਮ ਅਨੇਕਾਂ ਪੜਾਵਾਂ ਚੋਂ ਲੰਘਿਆ। ਇਸੇ ਹੀ ਤਰ੍ਹਾਂ ਮਨੁੱਖੀ ਜੀਵਨ, ਰਹਿਣ ਸਹਿਣ, ਭਾਸ਼ਾ, ਰੀਤੀ ਰਿਵਾਜ ਬਦਲਦੇ ਰਹੇ। ਫਿਰ ਵੀ 10,000 ਹਜ਼ਾਰ ਸਾਲ ਪਹਿਲਾਂ ਭਾਰਤ ਦੀਆਂ ਅਜੋਕੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਜਨਮ ਲੈ ਚੁੱਕੀਆਂ ਸਨ।

## 4. ਪ੍ਰਾਚੀਨ ਭਾਰਤ ਬਨਾਮ ਅੱਜ ਦਾ ਭਾਰਤ :-

ਪ੍ਰਾਚੀਨ ਭਾਰਤ ਦਾ ਭਾਵ ਉਸ ਭਾਰਤ ਤੋਂ ਹੈ ਜਿਹੜਾ ਕਿ 15 ਅਗਸਤ, 1947 ਤੋਂ ਪਹਿਲਾਂ ਸੀ। ਇਸ ਵਿਚ ਅੱਜ ਦਾ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਮੁੱਖ ਰੂਪ ਵਿਚ ਸ਼ਾਮਲ ਸਨ। ਭੂਟਾਨ, ਨੇਪਾਲ ਅਤੇ ਅਫਗਾਨਿਸਤਾਨ ਅਤੇ ਕਿਸੇ ਹੱਦ ਤੱਕ ਸ੍ਰੀ ਲੰਕਾ ਪ੍ਰਾਚੀਨ ਭਾਰਤ ਦੇ ਨੇੜਲੇ ਗਵਾਂਢੀ ਰਾਜ ਸਨ। ਇਸ ਤਰ੍ਹਾਂ ਪ੍ਰਾਚੀਨ ਭਾਰਤ ਇੰਡੀਅਨ ਯੂਨੀਅਨ ਜਾਂ ਭਾਰਤੀ ਸੰਘ ਜਿਹੜਾ ਕਿ 15 ਅਗਸਤ, 1947 ਨੂੰ ਹੋਂਦ ਵਿਚ ਆਇਆ, ਤੋਂ ਬਹੁਤ ਭਿੰਨ ਸੀ।

## ਪ੍ਰਾਚੀਨ ਭਾਰਤ ਦੀ ਇਤਿਹਾਸਕਾਰੀ :-

ਇਤਿਹਾਸਕਾਰੀ ਦਾ ਭਾਵ ਹੈ ਇਤਿਹਾਸ ਲਿਖਣ ਦੀ ਵਿਧੀ ਅਤੇ ਕਲਾ। ਬੀਤ ਚੁੱਕੇ ਸਮੇਂ ਜਾਂ ਜੀਵਨ ਬਾਰੇ ਸੂਚਨਾਵਾਂ ਇਕੱਠੀਆਂ ਕਰਨੀਆਂ ਤੇ ਫਿਰ ਪੇਸ਼ ਕਰਨੀਆਂ ਇਤਿਹਾਸਕਾਰ ਦੇ ਪ੍ਰਮੁੱਖ ਕਾਰਜ ਹਨ। 18ਵੀਂ ਸਦੀ ਵਿਚ ਭਾਰਤੀ ਉਪ ਮਹਾਂਦੀਪ ਜਿਵੇਂ ਜਿਵੇਂ ਅੰਗਰੇਜ਼ਾਂ, ਫਰਾਂਸੀਸੀਆਂ, ਪੁਰਤਗਾਲੀਆਂ ਤੇ ਡੱਚਾਂ ਅਧੀਨ ਹੁੰਦਾ ਗਿਆ ਉਸੇ ਹੀ ਤਰ੍ਹਾਂ ਪ੍ਰਾਚੀਨ ਭਾਰਤ ਦੀ ਆਧੁਨਿਕ ਇਤਿਹਾਸਕਾਰੀ ਦਾ ਨਿਕਾਸ ਤੇ ਵਿਕਾਸ ਹੋਇਆ। ਅਨੇਕਾਂ ਯੂਰਪੀਨ ਵਿਦਵਾਨਾਂ, ਹੁਕਮਰਾਨਾਂ ਅਤੇ ਈਸਾਈ ਮਿਸ਼ਨਰੀਆਂ ਨੇ ਭਾਰਤੀ ਭਾਸ਼ਾਵਾਂ, ਸਹਿਤ ਤੇ ਇਤਿਹਾਸ ਦੀ ਖੋਜ ਕੀਤੀ। ਹੌਲੀ ਹੌਲੀ ਅਮਰੀਕਨ, ਜਰਮਨ ਅਤੇ ਖੁਦ ਅੰਗਰੇਜ਼ੀ ਪੜ੍ਹੇ ਭਾਰਤੀ (ਬੰਗਾਲੀ, ਮਰਾਠੇ ਅਤੇ ਤਾਮਿਲ) ਵੀ ਇਸ ਉੱਦਮ ਵਿਚ ਸ਼ਾਮਲ ਹੋ ਗਏ। ਇੰਝ ਪ੍ਰਾਚੀਨ ਇੰਡੀਆ ਜਾਂ ਪ੍ਰਾਚੀਨ ਭਾਰਤ ਡਿਸਕਵਰ ਹੋਇਆ।

## 5. ਖੋਜ ਜਾਂ ਡਿਸਕਵਰੀ :-

19ਵੀਂ ਸਦੀ ਦੌਰਾਨ ਪ੍ਰਾਚੀਨ ਭਾਰਤ ਦੇ ਇਤਿਹਾਸ ਖੋਜੀਆਂ ਸਾਹਮਣੇ ਅਨੇਕਾਂ ਔਖੇ ਪ੍ਰਸ਼ਨ ਸਨ ਜਿਵੇਂ ਕਿ:

(ੳ) ਭਾਰਤ ਕਦੋਂ ਆਪਣੇ ਇਤਿਹਾਸਕ ਦੌਰ ਵਿਚ ਸ਼ਾਮਲ ਹੋਇਆ ? ਜਾਂ ਪ੍ਰਾਚੀਨ ਭਾਰਤੀ ਇਤਿਹਾਸ ਦੀ ਸ਼ੁਰੂਆਤ ਕਿਸ ਘਟਨਾ ਜਾਂ ਸਦੀ ਤੋਂ ਮੰਨੀ ਜਾਵੇ ? ਵੈਦਿਕ ਸਾਹਿਤ ਕਦੋਂ ਹੋਂਦ ਵਿਚ ਆਇਆ ?

(ਅ) ਪ੍ਰਾਚੀਨ ਭਾਰਤ ਕਿਹੋ ਜਿਹਾ ਸੀ ? ਇਸ ਦੇ ਯੂਰਪ ਜਾਂ ਪੱਛਮ ਨਾਲ ਸੰਬੰਧ ਕਿਹੋ ਜਿਹੇ ਸਨ ? ਕੀ ਇਹ ਪ੍ਰਾਚੀਨ ਯੂਨਾਨ ਜਾਂ ਰੋਮ ਸਾਮਰਾਜ ਦੇ ਬਰਾਬਰ ਵਿਕਸਤ ਸੀ ?

(ੲ) ਮੱਧ ਕਾਲ ਸਮੇਂ ਪ੍ਰਾਚੀਨ ਭਾਰਤੀ ਸੰਸਥਾਵਾਂ ਅਤੇ ਜੀਵਨ ਦਾ ਕੀ ਬਣਿਆ ? ਰਾਜਨੀਤਕ ਖੇਤਰ ਵਿਚ ਮੁਸਲਮਾਨਾਂ ਦੀ ਸਫਲਤਾ ਦੇ ਕੀ ਕਾਰਨ ਸਨ ? ਕੀ ਇਸਲਾਮ ਅਤੇ ਇਸ ਨੂੰ ਮੰਨਣ ਵਾਲੇ ਬਾਹਰਲੇ ਜਾਂ ਗੈਰ ਜਾਂ ਭਾਰਤੀਆਂ ਤੋਂ ਵੱਖਰੇ ਨਹੀਂ ਸਨ ? ਕੀ ਮੱਧ-ਕਾਲ ਸਮੇਂ ਭਾਰਤ ਦਾ ਪਤਨ ਹੋਇਆ ?

(ਸ) ਕੀ ਪ੍ਰਾਚੀਨ ਭਾਰਤ ਦੀਆਂ ਰਾਜਨੀਤਕ ਸੰਸਥਾਵਾਂ ਅਤੇ ਫਿਲਾਸਫੀ ਵਿਚ ਪਰਜਾਤੰਤਰ, ਲੋਕ ਰਾਜ ਜਿਹੇ ਸੰਕਲਪ ਜਾਂ ਮਨੁੱਖੀ ਬਰਾਬਰੀ ਵਰਗੇ ਸਮਾਜਿਕ ਵਿਚਾਰ ਤੇ ਆਦਰਸ਼ ਸਨ ? ਕੀ ਜਾਤੀ ਪ੍ਰਥਾ ਭਾਰਤੀ ਸਮਾਜ ਦਾ ਸਦਾ ਹੀ ਜਰੂਰੀ ਭਾਗ ਸੀ ? ਕੀ ਜਾਤੀ ਪ੍ਰਥਾ ਪਤਨ ਲਈ ਜਿੰਮੇ ਵਾਰ ਸੀ ?

## 6. ਸਿਧਾਂਤਕ ਮਹੱਤਤਾ :-

ਉਪਰੋਕਤ ਸਾਰੇ ਪ੍ਰਸ਼ਨਾਂ ਦੇ ਉੱਤਰਾਂ ਵਿਚ ਸਾਨੂੰ ਜਾਣ ਦੀ ਜਰੂਰਤ ਨਹੀਂ। ਸਿਰਫ ਇਤਨਾ ਹੀ ਯਾਦ ਰੱਖਣ ਦੀ ਜਰੂਰਤ ਹੈ ਕਿ ਪ੍ਰਾਚੀਨ ਭਾਰਤ ਨੂੰ ਪਰਿਭਾਸ਼ਤ ਕਰਨ ਵੇਲੇ ਜਾਂ ਇਸ ਦੇ ਇਤਿਹਾਸ ਦੀ ਵਿਆਖਿਆ ਕਰਨ ਸਮੇਂ ਅਨੇਕਾਂ ਸਮਾਜਿਕ, ਸਭਿਆਚਾਰਕ, ਭਾਸ਼ਾਈ, ਰਾਜਨੀਤਕ, ਧਾਰਮਿਕ ਤੇ ਆਰਥਿਕ ਮਸਲੇ ਵਿਚਾਰ ਮੰਗਦੇ ਹਨ। ਇਸੇ ਕਰਕੇ ਭਾਰਤ ਦਾ ਪ੍ਰਾਚੀਨ ਇਤਿਹਾਸ ਵੱਡੀਆਂ ਬਹਿਸਾਂ ਤੇ ਵਾਦ-ਵਿਵਾਦ ਦਾ ਵਿਸ਼ਾ ਬਣਿਆ ਤੇ ਇਹ ਬੌਧਿਕ ਤਕਰਾਰ ਕਈ ਵਾਰ ਰਾਜਨੀਤਕ ਟੱਕਰ ਦਾ ਰੂਪ ਵੀ ਲੈਂਦਾ ਰਿਹਾ ਹੈ।

ਇਸ ਤੋਂ ਬਿਨਾਂ ਵੀ ਉੱਪਰ ਦਿੱਤੇ ਪ੍ਰਸ਼ਨ ਪ੍ਰਾਚੀਨ ਭਾਰਤੀ ਇਤਿਹਾਸ ਦੀ ਮਹੱਤਤਾ ਵੱਲ ਇਸ਼ਾਰਾ ਕਰਦੇ ਹਨ। ਕਿਉਂਕਿ ਇਨ੍ਹਾਂ ਵਿਚੋਂ ਅਨੇਕਾਂ ਸਮੱਸਿਆਵਾਂ ਅੱਜ ਵੀ ਭਾਰਤੀ ਜਨ-ਜੀਵਨ ਦਾ ਹਿੱਸਾ ਹਨ। ਇਸ ਵੱਲ ਪਰਤਣ ਤੋਂ ਪਹਿਲਾਂ ਪ੍ਰਾਚੀਨ ਭਾਰਤ ਦਾ ਸਮਾਂ ਜਾਂ ਕਾਲ ਨਿਸਚਿਤ ਕਰਨਾ ਜ਼ਰੂਰੀ ਹੋਵੇਗਾ।

## 7. ਕਾਲ ਵੰਡ - ਇਤਿਹਾਸ ਅਤੇ ਪੂਰਵ-ਇਤਿਹਾਸ :-

ਇਤਿਹਾਸ ਲਈ ਸਮਾਂ ਜਾਂ ਕਾਲ ਅਤੇ ਇਸ ਦੀ ਜਾਣਕਾਰੀ ਬਹੁਤ ਜਰੂਰੀ ਹੈ। ਇਸੇ ਕਰਕੇ ਇਤਿਹਾਸਕ ਘਟਨਾਵਾਂ ਮਿਤੀ ਕ੍ਰਮ ਅਨੁਸਾਰ ਹੀ ਵਾਚੀਆਂ ਜਾਂਦੀਆਂ ਹਨ। ਮਿਤੀ-ਕ੍ਰਮ ਜਾਂ **ਕਰੋਨੋਲਾਓਜੀ** ਦਾ ਭਾਵ ਹੈ ਕਿਸੇ ਘਟਨਾ ਜਾਂ ਵਰਤਾਰੇ ਦਾ ਸਮਾਂ ਤਹਿ ਕਰਨਾ। ਸਮਾਂ-ਇਕਾਈ ਜਾਂ ਟਾਈਮ ਯੂਨਿਟ ਇਕ ਸੈਕਿੰਡ ਦਾ ਹਿੱਸਾ ਵੀ ਹੋ ਸਕਦਾ ਹੈ ਅਤੇ ਇਕ ਸਦੀ ਜਾਂ ਸਦੀਆਂ ਵੀ ਹੋ ਸਕਦੀਆਂ ਹਨ। ਪੂਰਵ-ਇਤਿਹਾਸ ਜਾਂ **ਪਿਰੀ-ਹਿਸਟਰੀ** ਨੂੰ ਲਿਖਣ ਵੇਲੇ ਦਿਨਾਂ-ਮਹੀਨਿਆਂ ਜਾਂ ਸਾਲਾਂ ਨਾਲੋਂ ਵੱਧ ਸਦੀਆਂ ਦੀ ਗੱਲ ਕੀਤੀ ਜਾਂਦੀ ਹੈ। ਪੂਰਵ-ਇਤਿਹਾਸ ਕੀ ਹੈ ? ਆਮ ਤੌਰ ਤੇ ਪੂਰਵ-ਇਤਿਹਾਸ ਉਸ ਸਮੇਂ ਦਾ ਇਤਿਹਾਸ ਹੈ ਜਿਸ ਦੀ ਜਾਣਕਾਰੀ ਸਾਨੂੰ ਸਾਹਿਤਕ ਸੋਮਿਆਂ ਰਾਹੀਂ ਨਹੀਂ ਮਿਲਦੀ। ਇਹ ਉਹ ਕਾਲ ਹੈ ਜਿਸ ਵਿਚ ਜਾਂ ਤਾਂ ਸਾਹਿਤ ਅਥਵਾ ਲਿਖਤੀ ਰਿਕਾਰਡ ਸੀ ਹੀ ਨਹੀਂ ਜਾਂ ਇਹ ਅਜੇ ਲੱਭਿਆ ਨਹੀਂ ਜਾ ਸਕਿਆ ਜਾਂ ਇਹ ਅਜੇ ਅਸੀਂ ਪੜ੍ਹ-ਸਮਝ ਨਹੀਂ ਸਕਦੇ।

ਪੂਰਵ-ਇਤਿਹਾਸ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਇਹ ਲਿਖਤ ਨਾਲੋਂ ਜਾਂ ਭਾਸ਼ਾ ਦੀ ਥਾਂ ਹੋਰ ਵਿਗਿਆਨਾਂ ਰਾਹੀਂ ਰਚਿਆ ਜਾਂਦਾ ਹੈ। ਇਸ ਕੰਮ ਲਈ **ਆਰਕਿਊਲਜੀ** ਮਹੱਤਵਪੂਰਨ ਵਿਗਿਆਨ ਹੈ - ਇਹ ਪੂਰਵ-ਇਤਿਹਾਸ ਲਈ ਰਿਕਾਰਡ ਪੈਦਾ ਕਰਦਾ ਹੈ ਅਤੇ ਉਹ ਵਿਗਿਆਨ ਹੈ ਜਿਸ ਰਾਹੀਂ ਜ਼ਮੀਨ ਦੀ ਖੁਦਾਈ ਕਰਕੇ ਮਨੁੱਖੀ ਇਤਿਹਾਸ ਦੀਆਂ ਨਿਸ਼ਾਨੀਆਂ ਲੱਭੀਆਂ ਜਾਂਦੀਆਂ ਹਨ। 1921-22 ਈ. ਵਿਚ ਸਿੰਧ ਘਾਟੀ ਸਭਿਅਤਾ ਇਸੇ ਤਰ੍ਹਾਂ ਲੱਭੀ ਗਈ। ਇਸ ਖੋਜ ਜਾਂ ਡਿਸਕਵਰੀ ਨੇ ਭਾਰਤੀ ਇਤਿਹਾਸ ਦੇ

ਮਿਤੀ-ਕ੍ਰਮ ਨੂੰ ਬਦਲ ਦਿੱਤਾ। 1921 ਈ. ਤੱਕ ਵੈਦਿਕ ਕਾਲ ਨੂੰ ਭਾਰਤੀ ਇਤਿਹਾਸ ਦਾ ਮੁਢਲਾ ਕਾਲ ਮੰਨਿਆ ਜਾਂਦਾ ਸੀ ਪਰੰਤੂ ਹੁਣ ਇਹ ਸ਼ੁਰੂਆਤ ਸਿੰਧ-ਘਾਟੀ ਸਭਿਅਤਾ ਤੋਂ ਮੰਨੀ ਜਾਂਦੀ ਹੈ।

## 8. ਜੇਮਜ ਮਿਲ ਦੀ ਕਾਲ-ਵੰਡ :-

ਕਾਲ-ਵੰਡ ਸੰਬੰਧੀ ਇਕ ਗੱਲ ਧਿਆਨ ਮੰਗਦੀ ਹੈ। ਇਤਿਹਾਸ ਦੀ ਕਾਲ-ਵੰਡ ਕੋਈ ਘੜੀ-ਘੜਾਈ ਚੀਜ ਨਹੀਂ। ਮਿਤੀ-ਕ੍ਰਮ ਵੀ ਸਿਰਫ ਦਿਨਾਂ, ਮਹੀਨਿਆਂ ਜਾਂ ਸਾਲਾਂ ਦੀ ਗੱਲ ਨਹੀਂ ਹੈ। ਕਿਉਂਕਿ ਇਹ ਕਾਫੀ ਹੱਦ ਤੱਕ ਲਿਖੇ ਜਾਂ ਖੋਜੇ ਜਾਣ ਵਾਲੇ ਇਤਿਹਾਸ ਦੀ ਵੰਨਗੀ ਤੇ ਵੀ ਨਿਰਭਰ ਕਰਦਾ ਹੈ ਅਤੇ ਇਤਿਹਾਸਕਾਰ ਦੀ ਵਿਧੀ ਉੱਪਰ ਵੀ। ਉਦਾਹਰਣ ਲਈ 1818 ਈ. ਵਿਚ ਜੇਮਜ ਮਿਲ ਨੇ ਆਪਣੀ ਪੁਸਤਕ *ਹਿਸਟਰੀ ਆਫ ਬ੍ਰਿਟਿਸ਼ ਇੰਡੀਆ* ਰਾਹੀਂ ਭਾਰਤੀ ਇਤਿਹਾਸ ਨੂੰ ਹੇਠ ਲਿਖੇ ਕਾਲਾਂ ਵਿਚ ਵੰਡਿਆ :

(1) ਹਿੰਦੂ ਕਾਲ (2) ਮੁਸਲਮਾਨ ਕਾਲ (3) ਬ੍ਰਿਟਿਸ਼ ਇੰਡੀਆ। ਉਸ ਨੇ ਪ੍ਰਾਚੀਨ ਕਾਲ ਨੂੰ ਹਿੰਦੂ ਕਾਲ ਅਤੇ ਮੱਧ ਕਾਲੀ ਯੁੱਗ ਨੂੰ ਮੁਸਲਮਾਨੀ ਕਾਲ ਕਿਹਾ ਪਰੰਤੂ ਆਧੁਨਿਕ ਕਾਲ ਨੂੰ ਇਸਾਈ ਕਾਲ ਨਹੀਂ ਆਖਿਆ। ਇੰਝ ਇਤਿਹਾਸਕਾਰ ਮਿਲ ਰਾਹੀਂ ਕੀਤੀ ਇਹ ਕਾਲ-ਵੰਡ ਧਰਮ ਤੇ ਵੀ ਆਧਾਰਤ ਸੀ ਤੇ ਆਪ-ਹੁਦਰੀ ਵੀ ਸੀ। ਕਾਫੀ ਲੰਮਾ ਸਮਾਂ ਹਿੰਦੂ ਅਤੇ ਮੁਸਲਮਾਨ ਇਤਿਹਾਸਕਾਰ ਭਾਰਤੀ ਇਤਿਹਾਸ ਦੀ ਇਸ ਸੰਪਰਦਾਇਕ ਕਾਲ-ਵੰਡ ਨੂੰ ਮੰਨਦੇ ਰਹੇ।

ਭਾਰਤ ਦੇ ਪ੍ਰਾਚੀਨ ਇਤਿਹਾਸ ਨੂੰ ਹਿੰਦੂ ਕਾਲ ਜਾਂ ਕੇਵਲ ਆਰੀਅਨ ਜਾਤੀ ਦਾ ਇਤਿਹਾਸ ਆਖਣਾ ਠੀਕ ਨਹੀਂ। ਭਾਵੇਂ ਕਿ ਆਰੀਅਨ ਅੰਸ਼ ਭਾਰੂ ਰਹੇ।

## 9. ਉਦਾਹਰਣ ਨੰਬਰ 2 :-

ਇਤਿਹਾਸ ਦੀ ਵੰਨਗੀ ਜਾਂ ਏਰੀਆ ਵੀ ਕਾਲ-ਵੰਡ ਨੂੰ ਤਹਿ ਕਰਦਾ ਹੈ। ਅਸੀਂ ਉੱਪਰ ਦੱਸਿਆ ਹੈ ਕਿ ਪੂਰਵ-ਇਤਿਹਾਸਕ ਦੌਰ ਵਿਚ ਸਮਾਂ-ਇਕਾਈ ਇਤਿਹਾਸਕ ਕਾਲ ਨਾਲੋਂ ਵੱਡੀ ਅਤੇ ਖੁੱਲੀ ਜਾਂ ਸੀਮਾ ਰਹਿਤ ਹੁੰਦੀ ਹੈ। ਇਸੇ ਕਰਕੇ ਪ੍ਰਾਚੀਨ ਭਾਰਤੀ ਇਤਿਹਾਸ ਦੀ ਸ਼ੁਰੂਆਤ ਅਸੀਂ ਕਿਸੇ ਖਾਸ ਮਿਤੀ ਤੋਂ ਨਹੀਂ ਕਰਦੇ। ਹਾਂ, ਸਿੰਧ-ਘਾਟੀ ਸਭਿਅਤਾ ਦਾ ਸਮਾਂ ਇਸ ਸ਼ੁਰੂਆਤ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਇਤਾ ਕਰਦਾ ਹੈ। ਹੁਣ ਤੱਕ ਸਿੰਧ ਘਾਟੀ ਸਭਿਅਤਾ ਦਾ ਸਮਾਂ 2500 ਬੀ.ਸੀ. ਤੋਂ 1500 ਬੀ.ਸੀ. ਤੱਕ ਦਾ ਮੰਨਿਆ ਜਾਂਦਾ ਹੈ। ਭਾਵੇਂ ਕਿ ਪਿੱਛੇ ਵੱਲ ਇਹ 6000-7000 ਬੀ.ਸੀ. ਤੱਕ ਵੀ ਜਾ ਸਕਦਾ ਹੈ। ਕਿਉਂਕਿ ਸਭਿਅਤਾ ਦਾ ਨਿਰਮਾਣ ਸਦੀਆਂ ਵਿਚ ਹੁੰਦਾ ਹੈ।

ਸਭਿਅਤਾ ਵਰਗੀ ਇਤਿਹਾਸਕ ਘਟਨਾ ਦੀ ਗੱਲ ਸਾਨੂੰ ਸਦੀਆਂ ਵਿਚ ਕਰਨੀ ਪੈਂਦੀ ਹੈ। ਜਦੋਂ ਅਸੀਂ ਵਿਅਕਤੀ ਦੀ ਗੱਲ ਕਰਾਂਗੇ ਤਾਂ ਇਹ ਸਦੀਆਂ ਵਿਚ ਨਹੀਂ ਹੋ ਸਕਦੀ ਕਿਉਂਕਿ ਕੋਈ ਵਿਅਕਤੀ ਸਦੀਆਂ ਤੱਕ ਨਹੀਂ ਜਿਉਂਦਾ। ਹਾਂ, ਕਿਸੇ ਵਿਅਕਤੀ ਦੇ ਵਿਚਾਰਾਂ ਜਾਂ ਉਸ ਵਲੋਂ ਰਚੀਆਂ ਸੰਸਥਾਵਾਂ ਦਾ ਇਤਿਹਾਸ ਸਦੀਆਂ ਦੀ ਕਹਾਣੀ ਹੋ ਸਕਦਾ ਹੈ। ਆਮ ਕਰਕੇ ਆਰਥਿਕ ਜਾਂ ਸਮਾਜਿਕ ਇਤਿਹਾਸ ਵਿਚ ਵੀ ਸਮਾਂ-ਇਕਾਈ ਰਾਜਨੀਤਕ ਜਾਂ ਮਿਲਟਰੀ ਹਿਸਟਰੀ ਨਾਲੋਂ ਵੱਧ ਮੋਕਲੀ ਹੁੰਦੀ ਹੈ। ਇਸੇ ਕਰਕੇ ਇਕਨਾਮਿਕ ਹਿਸਟੌਰੀਅਨ ਯੁਗ ਦੀ ਥਾਂ Era ਅਤੇ Epoch ਵਰਗੇ ਸ਼ਬਦ ਵਰਤਦੇ ਹਨ।

## 10. ਮਿਤੀਆਂ - ਬੀ.ਸੀ. ਅਤੇ ਏ.ਡੀ. :-

ਪ੍ਰਾਚੀਨ ਭਾਰਤ ਉੱਪਰ ਇਤਿਹਾਸ ਦੀ ਕਿਤਾਬਾਂ ਵਿਚ ਤੁਸੀਂ ਦੋ ਤਰ੍ਹਾਂ ਦੀ ਮਿਤੀਆਂ ਵੇਖੀਆਂ ਹੋਣਗੀਆਂ। ਇਨ੍ਹਾਂ ਨੂੰ (1) ਈਸਾ-ਪੂਰਵ ਅਤੇ (2) ਈਸਵੀ ਆਖਿਆ ਜਾਂਦਾ ਹੈ। ਅਸੀਂ ਇਨ੍ਹਾਂ ਨੂੰ ਬੀ.ਸੀ. ਅਤੇ ਏ.ਡੀ. ਵੀ ਆਖਦੇ ਹਾਂ। ਬੀ.ਸੀ. ਦਾ ਭਾਵ ਈਸਾ-ਪੂਰਵ ਜਾਂ ਲਾਰਡ ਈਸਾ ਮਸੀਹ ਦੇ ਜਨਮ ਤੋਂ ਪਹਿਲਾਂ। ਏ.ਡੀ. ਦਾ ਭਾਵ ਹੈ ਲਾਰਡ ਈਸਾ ਦੀ ਸ਼ਹਾਦਤ ਤੋਂ ਪਿੱਛੋਂ। ਬੀ.ਸੀ. ਵਾਲੀਆਂ ਮਿਤੀਆਂ

ਉਪਰਲੇ ਹਿੱਸੇ ਜਾਂ ਅੰਕ ਤੋਂ ਥੱਲੇ ਵੱਲ ਘਟਦੀਆਂ ਹਨ। ਈਸਵੀ ਕਾਲ ਦੀਆਂ ਮਿਤੀਆਂ ਛੋਟੇ ਹਿੱਸੇ ਤੋਂ ਵੱਡੇ ਹਿੱਸੇ ਵੱਲ ਵਧਦੀਆਂ ਹਨ।

## 11. ਸ੍ਰੋਤ/ਸੋਮੇ ਜਾਂ ਗਵਾਹੀਆਂ:-

ਇਤਿਹਾਸ ਮਿਥਿਹਾਸ ਨਾਲੋਂ ਤਿੰਨ ਗੱਲਾਂ ਵਿਚ ਭਿੰਨ ਹੈ (1) ਸਮਾਂ ਜਾਂ ਕਾਲ ਦੀ ਸੋਝੀ ਤੇ ਠੀਕ ਜਾਣਕਾਰੀ (2) ਸਥਾਨ ਜਾਂ ਉਹ ਥਾਂ ਜਿੱਥੇ ਘਟਨਾ ਜਾਂ ਵਰਤਾਰਾ ਵਾਪਰਿਆ (3) ਵਾਪਰੀ ਘਟਨਾ ਬਾਰੇ ਸਬੂਤ ਜਾਂ ਵਰਤਾਰੇ ਦੀ ਤਰਕ ਭਰਪੂਰ ਪੇਸ਼ਕਾਰੀ। ਸੋਮਿਆਂ ਤੋਂ ਬਿਨਾਂ ਖੋਜ ਸੰਭਵ ਨਹੀਂ ਅਤੇ ਛਾਣਬੀਣ ਤੋਂ ਬਿਨਾਂ ਤੱਥਾਂ ਤੱਕ ਨਹੀਂ ਪਹੁੰਚਿਆ ਜਾ ਸਕਦਾ ਹੈ। ਇਤਿਹਾਸ ਜਾਂ ਬੀਤੇ ਸਮਿਆਂ ਵਿਚ ਮਨੁੱਖੀ ਜੀਵਨ ਦੀ ਤਸਵੀਰ ਕਾਫ਼ੀ ਹੱਦ ਤੱਕ ਇਤਿਹਾਸਕਾਰ ਵਲੋਂ ਵਰਤੇ ਜਾਂ ਨਾ ਵਰਤੇ ਗਏ ਸੋਮਿਆਂ ਉੱਪਰ ਨਿਰਭਰ ਕਰਦੀ ਹੈ।

ਉਦਾਹਰਣ:

18ਵੀਂ ਸਦੀ ਦੇ ਪਿਛਲੇ ਅੱਧ ਵਿਚ ਜਦੋਂ ਈਸਟ ਇੰਡੀਆ ਕੰਪਨੀ ਨੇ ਪ੍ਰਾਚੀਨ ਭਾਰਤੀ ਸਾਹਿਤ ਦੀ ਪੜਤਾਲ ਸ਼ੁਰੂ ਕੀਤੀ ਤਾਂ ਕਲਾਸੀਕਲ ਸੰਸਕ੍ਰਿਤ ਭਾਸ਼ਾ ਤੇ ਸਾਹਿਤ ਮਹੱਤਵਪੂਰਨ ਸੋਮੇ ਸਨ ਭਾਰਤੀ ਇਤਿਹਾਸ ਦੇ। ਇਹ ਸਾਹਿਤ ਗੁਪਤ-ਕਾਲ (320-475 ਏ.ਡੀ.) ਦੀ ਪੈਦਾਵਾਰ ਹੋਣ ਕਰਕੇ ਜੈਨ ਮੱਤ ਅਤੇ ਬੁੱਧ ਮੱਤ ਵਿਚ ਖਾਸ ਦਿਲਚਸਪੀ ਨਹੀਂ ਰੱਖਦਾ ਸੀ। ਨਤੀਜੇ ਵਜੋਂ ਲੰਮੇ ਅਰਸੇ ਤੱਕ ਬੁੱਧ ਮੱਤ ਨੂੰ ਹਿੰਦੂ ਮੱਤ ਦਾ ਹੀ ਹਿੱਸਾ ਆਖਿਆ ਗਿਆ। ਇਸ ਕਿਸਮ ਦੀ ਇਤਿਹਾਸਕਾਰੀ ਨੇ ਹੋਰ ਵੀ ਮਿੱਥਾਂ ਨੂੰ ਜਨਮ ਦਿੱਤਾ ਜਿਵੇਂ ਕਿ ਗੁਪਤ ਕਾਲ ਨੂੰ ਭਾਰਤੀ ਇਤਿਹਾਸ ਦਾ ਸੁਨਹਿਰੀ ਯੁੱਗ ਕਿਹਾ ਗਿਆ। ਇਹ ਇਕ ਕਿਸਮ ਦੀ ਨਵ-ਬ੍ਰਾਹਮਣੀਕਲ ਪਹੁੰਚ ਸੀ ਪ੍ਰਾਚੀਨ ਭਾਰਤੀ ਇਤਿਹਾਸ ਵੱਲ।

ਹੌਲੀ ਹੌਲੀ ਗੈਰ-ਬ੍ਰਾਹਮਣੀਕਲ ਸੋਮੇ ਸਾਹਮਣੇ ਆਏ। ਇਨ੍ਹਾਂ ਨੇ ਭਾਰਤੀ ਇਤਿਹਾਸ ਦੀ ਤਸਵੀਰ ਨੂੰ ਹੋਰ ਅਮੀਰ ਕੀਤਾ। ਸਮਕਾਲੀ ਸ਼ਿਲਾਲੇਖ ਅਤੇ ਸਿੱਕੇ ਇਤਿਹਾਸ ਦਾ ਮਹੱਤਵਪੂਰਨ ਸਰੋਤ ਬਣੇ। ਇਸੇ ਦੇ ਨਾਲ ਵਿਦੇਸ਼ੀ ਯਾਤਰੀਆਂ ਦੁਆਰਾ ਗੈਰ-ਭਾਰਤੀ ਭਾਸ਼ਾਵਾਂ ਵਿਚ ਦਿੱਤੇ ਵਰਨਣ ਵੀ ਭਾਰਤੀ ਇਤਿਹਾਸ ਦਾ ਸਰੋਤ ਬਣੇ। ਅਸ਼ੋਕ ਦੇ ਸ਼ਿਲਾਲੇਖਾਂ ਨੇ ਬੁੱਧ ਧਰਮ ਨੂੰ ਹੋਰ ਵੀ ਉਜਾਗਰ ਕੀਤਾ।

## 12. ਵਿਦੇਸ਼ੀ ਜਾਂ ਗੈਰ-ਭਾਰਤੀ ਸੋਮੇ :-

ਭਾਰਤੀ ਇਤਿਹਾਸ ਦੇ ਗੈਰ-ਭਾਰਤੀ ਸੋਮਿਆਂ ਵਿਚ ਵੈਸੇ ਤਾਂ ਨੇਪਾਲ ਅਤੇ ਸ੍ਰੀ ਲੰਕਾ ਦੇ ਬੋਧੀ ਸ੍ਰੋਤ ਵੀ ਆਉਂਦੇ ਹਨ, ਪਰੰਤੂ ਇਥੇ ਗੈਰ-ਭਾਰਤੀ ਸੋਮਿਆਂ ਦਾ ਭਾਵ ਹੈ :

(ੳ) ਯੂਨਾਨੀ ਲਿਖਤਾਂ

(ਅ) ਲਾਤੀਨੀ ਸੋਮੇ

(ੲ) ਚੀਨੀ ਸੋਮੇ

(ਸ) ਅਰਬੀ ਸੋਮੇ

ਇਨ੍ਹਾਂ ਨੂੰ ਵਿਸਥਾਰ ਨਾਲ ਅਸੀਂ ਅੱਗੇ (ਪਾਠ ਨੰ. 3 ਵਿਚ) ਵੇਖਾਂਗੇ।

ਇਥੇ ਇਹ ਯਾਦ ਰੱਖਣਾ ਜਰੂਰੀ ਹੋਵੇਗਾ ਕਿ ਬੁੱਧ ਮੱਤ ਬਾਰੇ ਜਾਣਕਾਰੀ ਚੀਨੀ ਤੇ ਸ੍ਰੀ ਲੰਕਾ ਵਿਚਲੇ ਸੋਮਿਆਂ ਤੋਂ ਪ੍ਰਾਪਤ ਹੋਈ। ਇਸੇ ਤਰ੍ਹਾਂ ਅਰਬੀ ਅਤੇ ਫਾਰਸੀ ਸੋਮੇ 13ਵੀਂ ਸਦੀ ਤੋਂ ਪਿਛੋਂ ਦੇ ਭਾਰਤੀ ਇਤਿਹਾਸ ਲਈ ਆਪਣੇ ਆਪ ਵਿਚ ਮਹੱਤਵਪੂਰਨ ਸੋਮੇ ਮੰਨੇ ਗਏ। ਅਰਬੀ ਅਤੇ ਫਾਰਸੀ ਭਾਸ਼ਾਵਾਂ ਨੂੰ ਕਈ ਵਾਰ ਮੁਸਲਮਾਨਾਂ ਤੇ ਇਸਲਾਮ ਨਾਲ ਜੋੜ ਦਿੱਤਾ ਜਾਂਦਾ ਹੈ। ਇੰਝ ਕਰਨਾ ਠੀਕ ਨਹੀਂ ਕਿਉਂਕਿ

ਇਹ ਭਾਸ਼ਾਵਾਂ ਵੀ ਭਾਰਤੀ ਇਤਿਹਾਸ ਦੇ ਸ੍ਰੋਤ ਹਨ। ਪ੍ਰਾਚੀਨ ਭਾਰਤ ਦਾ ਇਤਿਹਾਸ ਦੁਨੀਆਂ ਦੇ ਹੋਰ ਦੇਸ਼ਾਂ ਦੇ ਇਤਿਹਾਸ ਵਾਂਗ ਮਨੁੱਖ ਦਾ ਇਤਿਹਾਸ ਹੈ, ਕਿਉਂਕਿ ਇਹ ਏਸ਼ੀਆ ਦੇ ਵੱਡੇ ਹਿੱਸੇ ਦਾ ਇਤਿਹਾਸ ਹੈ।

## 13. ਸੋਮੇ ਅਤੇ ਕਾਲ–ਵੰਡ :–

ਪ੍ਰਾਚੀਨ ਭਾਰਤੀ ਇਤਿਹਾਸ ਨੂੰ ਨਾ ਤਾਂ ਨਸਲ ਅਤੇ ਧਰਮ ਦੇ ਆਧਾਰ ਤੇ ਵੰਡਿਆ ਜਾ ਸਕਦਾ ਹੈ ਅਤੇ ਨਾ ਹੀ ਭਾਸ਼ਾ ਅਤੇ ਸਾਹਿਤ ਦੇ ਆਧਾਰ ਤੇ। ਕੋਈ ਸਮਾਂ ਸੀ ਜਦੋਂ ਸੋਮਿਆਂ ਦੇ ਆਧਾਰ ਤੇ ਭਾਰਤੀ ਪ੍ਰਾਚੀਨ ਇਤਿਹਾਸ ਨੂੰ ਮੂਲ ਰੂਪ ਵਿਚ ਹਿੰਦੂ ਜਾਂ ਗੈਰ-ਮੁਸਲਿਮ ਕਾਲ ਮੰਨ ਕੇ ਅੱਗੋਂ 'ਬੋਧੀ ਭਾਰਤ' (Buddhist India), ਮਹਾਂ–ਕਾਵਿ–ਕਾਲ (Epic India) ਅਤੇ ਸੰਗਮ ਕਾਲ (Sangam age) 'ਚ ਵੰਡਿਆ ਜਾਂਦਾ ਸੀ। ਇਹ ਉਪ–ਵੰਡ ਇਸ ਮਿੱਥ ਉੱਪਰ ਟਿਕੀ ਸੀ ਕਿ ਕਿਸੇ ਭਾਸ਼ਾ ਜਾਂ ਸਾਹਿਤਕ ਰੂਪ ਵਿਚ ਮਿਲਦੀਆਂ ਲਿਖਤਾਂ ਦਾ ਆਪਣਾ ਇਕ ਸਮਾਂ ਜਾਂ ਕਾਲ ਹੁੰਦਾ ਹੈ। ਫਿਰ ਪਤਾ ਚਲਿਆ ਕਿ ਬੋਧੀ ਲਿਖਤਾਂ, ਰਾਮਾਇਣ ਤੇ ਮਹਾਂਭਾਰਤ ਅਤੇ ਸੰਗਮ ਸਾਹਿਤ ਜਾਂ ਮੁਢਲਾ ਤਾਮਿਲ ਸਾਹਿਤ ਕਿਸੇ ਖਾਸ ਪੀਰੀਅਡ ਵਿਚ ਪੈਦਾ ਨਹੀਂ ਹੋਏ ਸਨ। ਸਗੋਂ ਇਹਨਾਂ ਲਿਖਤਾਂ ਦੀਆਂ ਅਨੇਕਾਂ ਪਰਤਾਂ ਸਨ। ਇਸ ਕਰਕੇ ਇਨ੍ਹਾਂ ਦਾ ਮਿਤੀ–ਕਰਮ ਵੀ ਬਹੁ–ਪਰਤੀ ਸੀ। ਇਹ ਸਾਰੀਆਂ ਲਿਖਤਾਂ ਜਾਂ ਸਾਹਿਤ ਧਾਰਮਿਕ ਹੋਣ ਦੇ ਬਾਵਜੂਦ ਵੀ ਭਾਰਤੀ ਸਮਾਜ, ਆਰਥਿਕ ਜੀਵਨ ਅਤੇ ਸਭਿਆਚਾਰ ਵਿਚ ਵਾਪਰੀਆਂ ਤਬਦੀਲੀਆਂ ਜਾਂ ਸਥਿਰਤਾ ਉੱਪਰ ਰੋਸ਼ਨੀ ਪਾਉਂਦੀਆਂ ਹਨ ਬਸ਼ਰਤੇ ਇਨ੍ਹਾਂ ਦਾ ਅਧਿਅਨ **ਆਰਕਿਉਲਜੀ** ਅਤੇ **ਐਂਥਰੋਪੋਲੋਜੀ** ਵਰਗੇ ਵਿਗਿਆਨਾਂ ਦੀ ਸਹਾਇਤਾ ਨਾਲ ਕੀਤਾ ਜਾਵੇ।

## 14. ਕਾਲ–ਵੰਡ ਦਾ ਆਧਾਰ ਮਨੁੱਖੀ ਜੀਵਨ ਵਿਚ ਆਏ ਪਰਿਵਰਤਨ : –

ਭਾਰਤੀ ਇਤਿਹਾਸ ਦੀ ਕਾਲ–ਵੰਡ ਭਾਰਤੀ ਜੀਵਨ ਵਿਚ ਆਏ ਬਦਲਾਵ ਤੇ ਸਥਿਰਤਾ ਦੇ ਆਧਾਰ ਤੇ ਵੀ ਕੀਤੀ ਗਈ। ਇਸ ਦਾ ਸਿਹਰਾ ਇਤਿਹਾਸਕਾਰ ਦਮੋਦਰ ਧਰਮ ਨੰਦ ਕੋਸ਼ੰਬੀ ਨੂੰ ਜਾਂਦਾ ਹੈ। ਉਨ੍ਹਾਂ ਦੀਆਂ ਦੋ ਪੁਸਤਕਾਂ (1) An Introduction to the Study of Indian History (1957) (2) Culture and Civilization of Ancient India in Historical Outline (1965) ਵਿਚ ਸੁਝਾਈ ਗਈ ਕਾਲ–ਵੰਡ ਵੱਡੀਆਂ ਬਹਿਸਾਂ ਰਾਹੀਂ ਸੋਧ ਕਰਕੇ ਇਤਿਹਾਸਕਾਰਾਂ ਦੇ ਵੱਡੇ ਹਿੱਸੇ ਨੇ ਠੀਕ ਮੰਨੀ। ਇਸ ਕਾਲ–ਵੰਡ ਅਨੁਸਾਰ ਭਾਰਤੀ ਇਤਿਹਾਸ ਦਾ ਪ੍ਰਾਚੀਨ ਕਾਲ ਮੁਸਲਮਾਨਾਂ ਦੇ ਆਉਣ ਨਾਲ ਖਤਮ ਨਹੀਂ ਹੋਇਆ। ਦੂਸਰੇ ਸ਼ਬਦਾਂ ਵਿਚ ਮੱਧ ਕਾਲ ਅਤੇ ਇਸਲਾਮ ਦੀ ਰਾਜਨੀਤਕ ਸਫਲਤਾ ਵਿਚ ਕੋਈ ਸਿੱਧਾ ਸੰਬੰਧ ਨਹੀਂ, ਸਗੋਂ ਭਾਰਤੀ ਇਤਿਹਾਸ ਦਾ ਮੱਧ ਕਾਲ 6ਵੀਂ ਸਦੀ ਈਸਵੀ ਤੋਂ ਪਿਛੋਂ ਜਦ ਗੁਪਤ ਸਾਮਰਾਜ ਟੁੱਟਣ ਕਾਰਨ ਅਨੇਕਾਂ ਤਬਦੀਲੀਆਂ ਵਾਪਰੀਆਂ, ਸ਼ੁਰੂ ਹੋਇਆ। ਅਨੇਕਾਂ ਛੋਟੇ ਰਾਜ ਅਤੇ ਰਜਵਾੜੇ ਹੋਂਦ ਵਿਚ ਆਏ। ਵਿਉਪਾਰ ਦਾ ਪਤਨ ਹੋਇਆ ਅਤੇ ਬੰਦ ਪਿੰਡ ਦੀ ਆਰਥਿਕਤਾ (closed village economy) ਨੇ ਗੁਲਾਮੀ (serfdom) ਆਧਾਰਤ ਜਰਈ ਸੰਬੰਧਾਂ ਨੂੰ ਜਨਮ ਦਿੱਤਾ। ਛੋਟੇ ਛੋਟੇ ਰਾਜਾਂ ਕਾਰਨ ਸਥਾਨਕ ਬੋਲੀਆਂ ਵਿਚੋਂ ਖੇਤਰੀ ਭਾਸ਼ਾਵਾਂ ਦਾ ਵਿਕਾਸ ਹੋਇਆ। ਸੰਚਾਰ ਅਤੇ ਆਵਾਜਾਈ ਦੇ ਸਾਧਨ ਪਛੜੇ ਹੋਣ ਕਾਰਨ ਸਥਾਨਕ ਸ਼ਬਦਾਵਲੀ ਅਤੇ ਖੇਤਰੀ ਸਾਹਿਤ ਤੇ ਕਲਾ ਦੇ ਨਮੂਨੇ ਸਾਹਮਣੇ ਆਏ । ਪ੍ਰਭੂ–ਭਗਤੀ ਦਾ ਵਿਚਾਰ ਧਾਰਮਿਕ ਖੇਤਰ ਵਿਚ ਪ੍ਰਗਟ ਹੋਇਆ। ਪ੍ਰਭੂ ਤੇ ਭਗਤ ਵਿਚ ਰਿਸ਼ਤਾ ਠੀਕ ਉਸੇ ਕਿਸਮ ਦਾ ਸੀ ਜਿਵੇਂ ਕਿ ਮੁਜਾਰੇ ਅਤੇ ਭੂ–ਸਵਾਮੀ ਦਾ। ਇਨ੍ਹਾਂ ਰਾਜਨੀਤਕ ਆਰਥਿਕ ਤੇ ਸਭਿਆਚਾਰਕ ਤਬਦੀਲੀਆਂ ਕਾਰਨ 6–7 ਈਸਵੀ ਸਦੀਆਂ ਭਾਰਤੀ ਇਤਿਹਾਸ ਨੂੰ ਇਕ ਨਵੇਂ ਪੰਧ ਵੱਲ ਲੈ ਗਈਆਂ। ਇਨ੍ਹਾਂ ਸਮਿਆਂ ਤੋਂ ਹੀ ਮੱਧ ਕਾਲ ਸ਼ੁਰੂ ਹੁੰਦਾ ਹੈ। ਇਸ ਨੂੰ ਮਨੁੱਖੀ ਇਤਿਹਾਸ ਵਿਚ ਸਾਮੰਤਵਾਦੀ ਯੁੱਗ (Feudal Age) ਕਿਹਾ ਗਿਆ।

## 15. ਪ੍ਰਾਚੀਨ ਭਾਰਤੀ ਇਤਿਹਾਸ ਦੀ ਮਹੱਤਤਾ:-

ਪ੍ਰਾਚੀਨ ਭਾਰਤੀ ਇਤਿਹਾਸ ਦੇ ਅਧਿਐਨ ਦੀ ਮਹੱਤਤਾ ਬਹੁ-ਪੱਖੀ ਹੈ। ਇਹ ਸਾਨੂੰ ਅੱਜ ਦੇ ਭਾਰਤ ਦੀ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਉਤਪੱਤੀ ਅਤੇ ਵਿਕਾਸ ਉੱਪਰ ਰੋਸ਼ਨੀ ਪਾਉਂਦੀ ਹੈ। ਪ੍ਰਾਚੀਨ ਭਾਰਤੀ ਮਨੁੱਖ ਕਿਹੋ ਜਿਹਾ ਸੀ ? ਉਸ ਨੇ ਕੁਦਰਤੀ ਜਾਂ ਭੂਗੋਲਿਕ ਹਾਲਾਤਾਂ ਜਿਵੇਂ ਕਿ ਧਰਤੀ ਦੀ ਕਿਸਮ, ਪੌਣ-ਪਾਣੀ, ਪਹਾੜਾਂ, ਜੰਗਲਾਂ, ਦਰਿਆਵਾਂ, ਰੇਗਿਸਤਾਨਾਂ, ਵੱਖ ਵੱਖ ਕਿਸਮ ਦੇ ਪਸ਼ੂਆਂ ਉੱਪਰ ਕਿਵੇਂ ਮਾਸਟਰੀ ਹਾਸਲ ਕੀਤੀ ਅਤੇ ਆਪਣੇ ਵਿਕਾਸ ਲਈ ਵਰਤੋਂ ਵਿਚ ਲਿਆਂਦਾ ? ਹਰ ਤਰ੍ਹਾਂ ਦੀ ਤਕਨੀਕ ਅਤੇ ਪੈਦਾਵਾਰ ਦੀਆਂ ਵਿਧੀਆਂ ਜਿਵੇਂ ਕਿ ਖੇਤੀਬਾੜੀ, ਕੱਪੜਾ ਉਦਯੋਗ ਅਤੇ ਹੁਨਰ ਜਾਂ ਕਲਾ ਨੂੰ ਕਦੋਂ ਤੇ ਕਿਵੇਂ ਵਿਕਸਤ ਕੀਤਾ ? ਖਾਨਾ ਬਦੋਸ਼ ਕਬੀਲਿਆਂ ਤੇ ਜਾਤੀਆਂ ਨੇ ਕਿਸ ਤਰ੍ਹਾਂ ਜੰਗਲ ਸਾਫ ਕਰਨ ਉਪਰੰਤ ਪਿੰਡ ਵਸਾਏ ਤੇ ਫਿਰ ਕਿਵੇਂ ਕੁੱਝ ਪਿੰਡਾਂ ਤੋਂ ਸ਼ਹਿਰ/ਨਗਰ ਬਣੇ ? ਇਸੇ ਹੀ ਤਰ੍ਹਾਂ ਰਾਜ ਦੀ ਸਥਾਪਨਾ ਜਾਂ ਧਰਮ ਦੀ ਸਥਾਪਤੀ ਤੇ ਟੁੱਟ ਭੱਜ ਦੀ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਇਸ ਅਧਿਐਨ ਤੋਂ ਮਿਲਦੀ ਹੈ। ਸੰਗੀਤ, ਸਿੱਖਿਆ, ਭਾਸ਼ਾਵਾਂ ਤੇ ਸਾਹਿਤ ਦਾ ਵਿਕਾਸ ਕਿਨ੍ਹਾਂ ਪੜਾਵਾਂ ਚੋਂ ਲੰਘਿਆ - ਇਹ ਪ੍ਰਾਚੀਨ ਭਾਰਤ ਦੇ ਇਤਿਹਾਸ ਦੇ ਦਿਲਚਸਪ ਪਹਿਲੂ ਹਨ। ਸਿੰਧ ਘਾਟੀ ਸਭਿਅਤਾ ਤੋਂ 1000 ਈ. ਤੱਕ ਪ੍ਰਾਚੀਨ ਭਾਰਤ ਦੇ ਵਿਦੇਸ਼ਾਂ ਨਾਲ ਸੰਬੰਧ ਇਕ ਹੋਰ ਦਿਲਚਸਪ ਖੇਤਰ ਹੈ। ਯੂਨਾਨੀਆਂ/ਰੋਮਨਾਂ, ਈਰਾਨੀਆਂ, ਅਰਬਾਂ, ਚੀਨੀਆਂ, ਸ਼ਕ, ਕੁਸ਼ਾਣਾਂ ਨੇ ਭਾਰਤੀ ਜੀਵਨ ਨੂੰ ਕਿਵੇਂ ਵੇਖਿਆ, ਜੀਵਿਆ ਤੇ ਹੋਰ ਉਪਯੋਗੀ ਤੇ ਖੂਬਸੂਰਤ ਬਣਾਇਆ ? ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਹੇਠ ਲਿਖੇ ਅਨੁਸਾਰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਾਂ :

### (1) ਪੂਰਵ-ਇਤਿਹਾਸ ਤੋਂ ਇਤਿਹਾਸ ਵੱਲ :-

ਮਨੁੱਖ ਨੇ ਧਰਤੀ ਉੱਪਰ ਕਦੋਂ ਰਹਿਣਾ ਸ਼ੁਰੂ ਕੀਤਾ ? ਅਨੁਮਾਨ ਅਨੁਸਾਰ ਕੋਈ 2 ਲੱਖ ਸਾਲ ਪਹਿਲਾਂ ? ਇਸ ਦਾ ਕੀ ਸਬੂਤ ਹੈ ? ਭਾਰਤ ਵਿਚ ਸਬੂਤ ਪੱਥਰ ਦੇ ਬਣੇ ਉਹ ਟੇਡੇ-ਵਿੰਗੇ ਔਜਾਰ ਹਨ ਜੋ ਸਾਨੂੰ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਮਿਲਦੇ ਹਨ। ਇਨ੍ਹਾਂ ਔਜ਼ਾਰਾਂ (Tools) ਦੀ ਉਮਰ ਵੱਖ ਵੱਖ ਹਿੱਸਿਆਂ ਵਿਚ ਵੱਖਰੀ ਅੰਕੀ ਗਈ ਹੈ। ਇਹ ਸਮਾਂ Pleistocene Period ਦੇ ਨਾਮ ਨਾਲ ਜਾਣਿਆ ਜਾਂਦਾ ਹੈ।

### (ੳ) ਮੁੱਢਲਾ ਪੱਥਰ ਯੁਗ (Palaeolithic Age) :-

ਇਸ ਸਮੇਂ ਮਨੁੱਖ ਖਾਨਾ-ਬਦੋਸ਼ ਸਨ ਤੇ ਛੋਟੇ ਛੋਟੇ ਸਮੂਹਾਂ ਜਾਂ ਟੋਲੀਆਂ ਵਿਚ ਰਹਿੰਦੇ ਸਨ। ਹੁਣ ਔਜ਼ਾਰ ਤਰਾਸ਼ੇ ਹੋਏ ਪ੍ਰੰਤੂ ਪੱਥਰ ਦੇ ਸਨ। ਇਨ੍ਹਾਂ ਨਾਲ ਹੀ ਸ਼ਿਕਾਰ ਅਤੇ ਭੋਜਨ ਲਈ ਦਰਖਤ ਕੱਟੇ ਜਾਂਦੇ ਸਨ। ਪਹਿਰਾਵਾ ਦਰਖਤਾਂ ਦੀਆਂ ਛਿੱਲਾਂ ਜਾਂ ਪਸ਼ੂਆਂ ਦੀ ਖੱਲਾਂ ਸਨ। ਅਜੇ ਮਨੁੱਖ ਨੂੰ ਖੇਤੀ-ਜੋਤੀ ਜਾਂ ਘਰ ਬਣਾਉਣ ਦਾ ਪਤਾ ਨਹੀਂ ਸੀ, ਪਰੰਤੂ ਹੌਲੀ ਹੌਲੀ ਉਸ ਨੇ ਅੱਗ ਤੇ ਕਾਬੂ ਪਾ ਲਿਆ ਸੀ।

### (ਅ) ਪੱਥਰ ਯੁੱਗ (Mesolithic Age) :-

ਇਸ ਯੁਗ ਵਿਚ ਮਨੁੱਖੀ ਜੀਵਨ ਦੀ ਉਪਰੋਕਤ ਸਾਰੀਆਂ ਵਿਸ਼ੇਸ਼ਤਾਵਾਂ ਤੋਂ ਇਲਾਵਾ ਦੋ ਗੱਲਾਂ ਨਵੀਆਂ ਸਨ। ਪਸ਼ੂ ਪਾਲਣ ਦਾ ਢੰਗ ਪਹਿਲੀ ਗੱਲ ਸੀ। ਭੋਜਨ ਦੇ ਨਵੇਂ ਸਾਧਨ ਜਿਵੇਂ ਕਿ ਮਛਲੀ ਪਕੜਨਾ ਤੇ ਹੋਰ ਧੰਦੇ ਜਿਵੇਂ ਮਰਦ ਤੇ ਔਰਤ ਦੇ ਸਰੀਰਕ ਸੰਬੰਧ ਬਾਰੇ ਸੋਝੀ, ਬੱਚੇ ਪੈਦਾ ਕਰਨੇ ਅਤੇ ਮੌਤ ਉਪਰੰਤ ਦਫਨ ਕਰਨ ਦੀ ਰੀਤ ਸ਼ੁਰੂ ਹੋਏ।

**ਸਥਾਨ**

ਮੁੱਢਲੇ ਪੱਥਰ ਯੁਗ ਅਤੇ ਪੱਥਰ ਯੁਗ ਨਾਲ ਸੰਬੰਧਤ ਕੁਝ ਸਥਾਨ ਇਸ ਤਰ੍ਹਾਂ ਸਨ :

| **ਮੁਢਲੇ ਪੱਥਰ ਯੁੱਗ ਦੇ ਸਥਾਨ** | **ਪੱਥਰ ਯੁੱਗ ਦੇ ਸਥਾਨ** |
|---|---|
| ਪੰਜਾਬ, ਗੰਗਾ–ਜਮਨਾ ਦੁਆਬ ਤੋਂ ਬਿਨਾਂ ਸਾਰਾ ਭਾਰਤੀ ਉਪ–ਮਹਾਦੀਪ | ਬੀਮ ਬੇਟਕਾ (ਮੱਧ ਪ੍ਰਦੇਸ਼) ਆਜਮਗੜ੍ਹ (ਉੱਤਰ ਪ੍ਰਦੇਸ਼) ਪਰਤਾਪਗੜ੍ਹ(ਉੱਤਰ ਪ੍ਰਦੇਸ਼) |

## (ੲ) ਨਵਾਂ ਪੱਥਰ ਯੁੱਗ (Neolithic Age) :–

ਮਨੁੱਖ ਦੇ ਇਤਿਹਾਸ ਵਿਚ ਇਹ ਯੁੱਗ 9000 ਬੀ.ਸੀ. ਤੋਂ ਸ਼ੁਰੂ ਹੁੰਦਾ ਹੈ। ਪਰੰਤੂ ਦੱਖਣੀ ਏਸ਼ੀਆ ਵਿਚ ਇਸ ਕਾਲ ਦੀ ਸ਼ੁਰੂਆਤ ਮੇਹਰਗੜ੍ਹ ਨਾਮ ਦੇ ਸਥਾਨ ਅਤੇ 7000 ਬੀ.ਸੀ. ਤੋਂ ਮਿਲਦੀ ਹੈ। ਮੇਹਰਗੜ੍ਹ ਬਲੋਚਿਸਤਾਨ ਵਿਚ ਮਿਲਿਆ। ਇਹੀ ਯੁੱਗ ਵਿੰਧੀਆ ਪਹਾੜ ਦੇ ਆਸ–ਪਾਸ 5000 ਬੀ.ਸੀ. ਅਤੇ ਦੱਖਣੀ ਭਾਰਤ ਵਿਚ 2500 ਬੀ.ਸੀ. ਤੋਂ ਮੰਨਿਆ ਗਿਆ ਹੈ। ਪੂਰਬੀ ਭਾਰਤ ਵਿਚ ਇਹ 1000 ਬੀ.ਸੀ. ਤੋਂ ਸ਼ੁਰੂ ਹੋਇਆ।

### ਵਿਸ਼ੇਸ਼ਤਾਵਾਂ

1) ਮਨੁੱਖ ਨੇ ਭੋਜਨ ਪੈਦਾ ਕਰਨਾ ਸ਼ੁਰੂ ਕਰ ਦਿੱਤਾ।
2) ਔਜ਼ਾਰ ਤਿੱਖੇ ਅਤੇ ਪਾਲਿਸ਼ ਕੀਤੇ ਸਨ।

ਕੁਹਾੜੀ ਦੀ ਕਾਢ ਦੇ ਬਾਵਜੂਦ ਖੇਤੀ ਅਧੀਨ ਰਕਬਾ ਪਹਾੜ ਦੇ ਪੈਰਾਂ ਤੱਕ ਹੀ ਸੀਮਤ ਸੀ। ਫਸਲਾਂ ਵਿਚ ਮੁੱਖ ਚਾਵਲ ਕਣਕ ਤੇ ਧਾਨ ਸਨ। ਪੁਲੀ (Pulley) ਜਾਂ ਪਹੀਏ ਦੀ ਕਾਢ ਨਾਲ ਕਤਾਈ ਦਾ ਕੰਮ ਸ਼ੁਰੂ ਹੋਇਆ।

## (ਸ) ਤਾਂਬਾ–ਪੱਥਰ–ਯੁਗ (Chalcolithic Age):–

ਤਾਂਬੇ ਦਾ ਇਸਤੇਮਾਲ ਸ਼ੁਰੂ ਹੋਇਆ ਅਤੇ ਪੱਥਰ ਦੇ ਨਾਲ ਨਾਲ ਇਸ ਨੂੰ ਹਥਿਆਰ ਬਣਾਉਣ ਲਈ ਵਰਤਿਆ ਗਿਆ। ਹੜੱਪਾ ਲੋਕਾਂ ਤੋਂ ਭਿੰਨ ਤਾਂਬਾ–ਪੱਥਰ ਸਭਿਆਚਾਰ ਵਾਲੇ ਮਨੁੱਖ ਮੂਲ ਰੂਪ ਵਿਚ ਪੇਂਡੂ ਸਨ ਅਤੇ ਖੇਤੀ ਕਰਦੇ ਸਨ। ਇਹ ਰਾਜਸਥਾਨ, ਮੱਧ ਪ੍ਰਦੇਸ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ, ਬੰਗਾਲ, ਉੜੀਸਾ, ਹਰਿਆਣਾ ਤੇ ਗੁਜਰਾਤ ਵਿਚ ਮਿਲਦੇ ਹਨ। ਇਸ ਯੁੱਗ ਦਾ ਸਮਾਂ 2000 ਤੋਂ 1500 ਬੀ.ਸੀ. ਮੰਨਿਆ ਜਾਂਦਾ ਹੈ। ਕਾਰੀਗਰੀ ਵਿਕਸਤ ਹੋਣ ਨਾਲ ਅਨੇਕਾਂ ਕਾਰੀਗਰ ਜਿਵੇਂ ਕਿ ਘੁਮਿਆਰ, ਲੁਹਾਰ, ਹਾਥੀ ਦੰਦ ਦਾ ਕੰਮ ਕਰਨ ਵਾਲੇ, ਚੂਨਾ ਤਿਆਰ ਕਰਨ ਵਾਲੇ, ਬਰਤਨਾਂ, ਘੜਿਆਂ ਤੇ ਦੀਵਾਰਾਂ ਤੇ ਲਾਲ ਤੇ ਕਾਲੇ ਰੰਗਾਂ ਦੀ ਚਿੱਤਰਕਾਰੀ ਕਰਨ ਦੇ ਮਾਹਰ ਸਾਹਮਣੇ ਆਏ। ਇਹ ਗਾਵਾਂ, ਭੇਡਾਂ, ਬੱਕਰੀਆਂ, ਸੂਰ ਅਤੇ ਹਿਰਨ ਪਾਲਦੇ ਸਨ। ਖੁਸ਼ਕ ਅਨਾਜ ਜਿਵੇਂ ਕਿ ਬਾਜਰਾ ਅਤੇ ਦਾਲਾਂ ਜਿਵੇਂ ਕਿ ਮਸਰ ਤੇ ਕਾਲੇ ਛੋਲੇ ਵੀ ਪੈਦਾ ਕਰਦੇ ਸਨ। ਮਹਾਰਾਸ਼ਟਰ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਮੁਰਦੇ ਨੂੰ ਘਰ ਦੀ ਛੱਤ ਥੱਲੇ ਦੱਬਦੇ ਸਨ। ਧਰਤੀ ਵਿਚ ਉਸ ਦੀ ਦਿਸ਼ਾ ਉੱਤਰ ਤੋਂ ਦੱਖਣ ਵੱਲ ਹੁੰਦੀ ਸੀ। ਕੱਚੀ ਮਿੱਟੀ ਵਿਚ ਬਣੀਆਂ ਨੰਗੀਆਂ ਜਨਾਨਾ ਮੂਰਤੀਆਂ ਇਸ ਗੱਲ ਦਾ ਸੰਕੇਤ ਸਨ ਕਿ ਦੇਵੀ ਪੂਜਾ ਸ਼ੁਰੂ ਹੋ ਚੁੱਕੀ ਸੀ।

## (ਹ) ਹੜੱਪਾ–ਕਾਲ :–

ਤਾਂਬਾ ਯੁਗ ਦੇ ਲੋਕ ਹੜੱਪਾ ਕਾਲ ਤੋਂ ਪਹਿਲਾਂ ਵੀ ਸਨ, ਉਨ੍ਹਾਂ ਦੇ ਸਮਕਾਲੀ ਵੀ ਅਤੇ ਪਿੱਛੋਂ ਵੀ ਮਿਲਦੇ ਹਨ। ਪਰੰਤੂ ਉਹ ਹੜੱਪਾ ਲੋਕਾਂ ਦੇ ਬਰਾਬਰ ਵਿਕਸਤ ਨਹੀਂ ਸਨ ਕਿਉਂਕਿ ਉਨ੍ਹਾਂ ਨੂੰ ਕਾਂਸ਼ੀ ਦਾ ਇਸਤੇਮਾਲ ਨਹੀਂ ਕਰਨਾ ਆਉਂਦਾ ਸੀ। ਕਾਂਸ਼ੀ ਪੈਦਾ ਕਰਨ ਲਈ ਤਾਂਬੇ ਨੂੰ ਇਕ ਹੋਰ ਧਾਤ ਟੀਨ (Tin) ਨਾਲ ਮਿਲਾਉਣਾ ਪੈਂਦਾ ਸੀ। ਇਹ ਕਲਾ ਇਨਾਂ ਪਾਸ ਨਹੀਂ ਸੀ। ਇਸੇ ਹੀ ਕਲਾ ਨੇ ਮਿਸਰ, ਈਰਾਕ ਅਤੇ ਸਿੰਧ ਘਾਟੀ ਸਭਿਅਤਾਵਾਂ ਨੂੰ ਸੰਭਵ ਬਣਾਇਆ।

## (2) ਬਹੁ-ਨਸਲੀ, ਬਹੁ-ਭਾਸ਼ਾਈ ਤੇ ਬਹੁ-ਧਰਮੀ ਸਭਿਅਤਾ

ਪ੍ਰਾਚੀਨ ਭਾਰਤ ਦੀ ਪ੍ਰਮੁੱਖ ਨਸਲਾਂ ਤੇ ਜਾਤੀਆਂ ਹੇਠ ਲਿਖੀਆਂ ਸਨ :

ਪੂਰਵ-ਦਰਾਵਿੜ, ਦਰਾਵਿੜ, ਇੰਡੋ-ਆਰੀਅਨ, ਈਰਾਨੀ, ਯੂਨਾਨੀ, ਸਿਥੀਅਨ, ਕੁਸ਼ਾਣ, ਸ਼ਕ, ਹੂਣ, ਅਰਬ, ਤੁਰਕ ਅਤੇ ਮੰਗੋਲ।

### ਮੁੱਖ ਭਾਸ਼ਾਵਾਂ ਤੇ ਲਿਪੀਆਂ :-

(1) ਦਰਾਵਿੜੀ ਪਰਿਵਾਰ ਜਾਂ ਤਾਮਿਲ ਭਾਸ਼ਾਵਾਂ ਜਿਵੇਂ ਕਿ ਤਾਮਿਲ, ਤੇਲਗੂ, ਕਨੜ੍ਹ ਤੇ ਮਲਾਇਲਮ

(2) ਇੰਡੋ-ਆਰੀਅਨ ਸੰਸਕ੍ਰਿਤ ਪਰਿਵਾਰ ਜਿਵੇਂ ਸੰਸਕ੍ਰਿਤ ਅਤੇ ਇਸ ਦੀਆਂ ਆਧੁਨਿਕ ਵੰਨਗੀਆਂ (ਹਿੰਦੀ, ਪੰਜਾਬੀ, ਰਾਜਸਥਾਨੀ, ਗੁਜਰਾਤੀ, ਬੰਗਾਲੀ, ਅਸਾਮੀ, ਉੜੀਆ, ਮਰਾਠੀ, ਸਿੰਧੀ ਆਦਿ)

(3) ਦੂਰ-ਪੂਰਬੀ ਭਾਰਤ ਵਿਚ ਤਿੱਬਤ-ਚੀਨੀ ਭਾਸ਼ਾਵਾਂ ਦਾ ਵੀ ਅਸਰ ਹੈ ਜਦੋਂ ਕਿ ਉੱਤਰ-ਪੱਛਮ ਪਾਸੇ ਮਿਸ਼ਰਤ ਭਾਸ਼ਾਵਾਂ ਜਿਵੇਂ ਪਸਤੋਂ ਤੇ ਬਲੋਚੀ ਮਿਲਦੀਆਂ ਹਨ।

ਮੋਰੀਅਨ ਕਾਲ (320-185 ਬੀ.ਸੀ.) ਦੌਰਾਨ ਬ੍ਰਹਮੀ ਅਤੇ ਖਰੋਸ਼ਟੀ ਪ੍ਰਮੁਖ ਲਿਪੀਆਂ ਸਨ। ਪਰੰਤੂ ਜਿਆਦਾਤਰ ਸੰਸਕ੍ਰਿਤ ਸਾਹਿਤ ਨਾਗਰੀ ਵਿਚ ਰਚਿਆ ਗਿਆ। *ਦੀ ਲਿੰਗੁਇਸਟਿਕ ਸਰਵੇ ਆਫ ਇੰਡੀਆ* ਅਨੁਸਾਰ ਭਾਰਤ ਵਿਚ 179 ਭਾਸ਼ਾਵਾਂ ਅਤੇ 544 ਬੋਲੀਆਂ ਸਨ। ਭਾਵੇਂ ਪ੍ਰਮੁੱਖ ਭਾਸ਼ਾਵਾਂ 15 ਦੇ ਲਗਭਗ ਮੰਨੀਆਂ ਗਈਆਂ।

### ਧਰਮ :-

ਹਿੰਦੂ ਧਰਮ ਪ੍ਰਮੁੱਖ ਧਰਮ ਸੀ। ਫਿਰ ਵੀ ਬੁੱਧ ਮੱਤ ਅਤੇ ਜੈਨ ਮੱਤ ਸਮੇਂ ਸਮੇਂ ਸਿਰ ਹਰਮਨ ਪਿਆਰੇ ਸਨ। ਹਿੰਦੂ ਪੂਜਾ ਵਿਧੀਆਂ ਦਾ ਆਪਣਾ ਲੰਮਾ ਇਤਿਹਾਸ ਹੈ ਅਤੇ ਇਹ ਅਨੇਕਾਂ ਹਨ। ਹਿੰਦੂ ਧਰਮ ਉੱਪਰ ਆਰੀਅਨ ਜਾਤੀ ਦੀ ਛਾਪ ਸਾਫ ਨਜ਼ਰ ਆਉਂਦੀ ਹੈ। ਵਿਚਾਰ ਅਤੇ ਫਲਸਫੇ ਦੇ ਪੱਧਰ ਉੱਪਰ ਵੇਦ ਇਸ ਦਾ ਆਧਾਰ ਹਨ। ਫਲਸਫੇ ਵਜੋਂ ਹਿੰਦੂ ਧਰਮ ਯੂਨੀਵਰਸਲ ਅਤੇ ਗਤੀਸ਼ੀਲ ਵਿਚਾਰਧਾਰਾ ਹੈ। ਪਰੰਤੂ ਸਮਾਜਿਕ ਵਿਹਾਰ ਦੇ ਰੂਪ ਵਿਚ ਇਹ ਸੌੜੀ ਅਤੇ ਕੰਜਰਵੇਟਿਵ ਹੈ ਕਿਉਂਕਿ ਹਰ ਜਾਤੀ ਦਾ ਆਪਣਾ ਆਪਣਾ 'ਧਰਮ' ਹੈ। ਪੂਜਾ ਕਿਸੇ ਵੀ ਦੇਵ ਦੀ ਹੋ ਸਕਦੀ ਹੈ ਪਰੰਤੂ ਵਿਆਹ ਜਾਂ ਸ਼ਾਦੀ ਜਾਤੀ/ਗੋਤ ਅਨੁਸਾਰ ਹੀ ਸੰਭਵ ਸੀ।

## (3) ਕਬੀਲੇ ਤੇ ਉਨ੍ਹਾਂ ਦੇ ਸਭਿਆਚਾਰ :-

ਭਾਰਤ ਵਿਚ ਤਿੰਨ ਮੁੱਖ ਨਸਲਾਂ ਦੇ ਕਬੀਲੇ ਸਨ। (1) ਨੀਗਰੋ (2) ਪਰੋਟੋ-ਆਸਟਰੋਲਿਡਜ (3) ਮੰਗੋਲ

ਨੀਗਰੋ ਮੁਢਲੀ ਨਸਲ ਸੀ। ਆਸਟਰੋਲਿਡਜ ਦੇ ਆਉਣ ਨਾਲ ਇਹ ਦੋਵੇਂ ਘੁਲ ਮਿਲ ਗਏ। ਨੀਗਰੋ ਪ੍ਰਭਾਵ ਅਸਾਮ ਤੇ ਨਾਗਾਲੈਂਡ ਦੇ ਨਾਗਿਆਂ ਵਿਚ ਵੇਖੇ ਜਾ ਸਕਦੇ ਹਨ। ਇਹ ਥੋੜੀ ਗਿਣਤੀ ਵਿਚ ਅੰਡੇਮਾਨ ਟਾਪੂਆਂ ਤੇ ਵੀ ਸਨ। ਕੋਲ (Cole) ਅਤੇ ਮੁੰਡਾ (Munda) ਕਬੀਲੇ ਆਸਟਰੋਲਿਡਜ ਅਤੇ ਮੰਗੋਲ ਜਾਤੀਆਂ ਦਾ ਮਿਸ਼ਰਣ ਸਨ। ਭਾਰਤੀ ਖੇਤੀਬਾੜੀ ਦੇ ਵਿਕਾਸ ਵਿਚ ਆਸਟਰੋਲਿਡਜ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਨ੍ਹਾਂ ਨੇ ਚਾਵਲ ਦੀ ਖੇਤੀ ਸ਼ੁਰੂ ਕੀਤੀ ਅਤੇ ਇਨ੍ਹਾਂ ਨੇ ਹੀ ਗੰਨੇ ਨੂੰ ਸ਼ੀਰੇ (ਗੁੜ/ਸ਼ਕਰ) ਵਿਚ ਬਦਲਣ ਦਾ ਹੁਨਰ ਪੈਦਾ ਕੀਤਾ। ਇਹ ਬਹੁਤ ਹੀ ਬਲਵਾਨ ਤੇ ਹਸਮੁਖ ਜਾਤੀ ਸੀ।

## (4) ਅਨੇਕਤਾ ਵਿਚ ਏਕਤਾ :-

ਭਾਰਤੀ ਸਭਿਅਤਾ ਅਤੇ ਸਭਿਆਚਾਰ ਦੀ ਖਾਸ ਵਿਸ਼ੇਸ਼ਤਾ ਇਸ ਦੇ ਰਾਜਸੀ, ਸਮਾਜਿਕ ਜੀਵਨ ਦੀ ਪ੍ਰਤੱਖ ਭਿੰਨਤਾ ਅਤੇ ਵਿਲੱਖਣਤਾ ਰਹੀ। ਇਸ ਵਿਚ ਰੱਤੀ ਸ਼ੱਕ ਨਹੀਂ ਕਿ ਪ੍ਰਾਚੀਨ ਕਾਲ ਤੋਂ ਹੀ ਭਾਰਤ

ਇਕ ਵੱਖਰੀ ਭੂਗੋਲਿਕ ਇਕਾਈ ਸੀ ਕਿਉਂਕਿ ਉੱਤਰ ਵਲੋਂ ਤੇ ਕਾਫੀ ਹੱਦ ਤੱਕ ਪੂਰਬ ਵਲੋਂ ਭਾਰਤੀ ਉਪ-ਮਹਾਦੀਪ ਨੂੰ ਹਿਮਾਲਾ ਅਤੇ ਇਸ ਦੀ ਸ਼ਾਖਾਵਾਂ ਨੇ ਏਸ਼ੀਆ ਦੇ ਬਾਕੀ ਦੇਸ਼ਾਂ ਨਾਲੋਂ ਵੱਖ ਕੀਤਾ। ਦੱਖਣ ਵਿਚ ਖੁਲ੍ਹੇ ਸਮੁੰਦਰ ਨੇ ਇਸ ਨੂੰ ਵੱਖਰੀ ਪਹਿਚਾਣ ਦਿੱਤੀ। ਪੱਛਮ ਵਿਚ ਬੇਸ਼ਕ ਇਸ ਦੀ ਭੂਗੋਲਿਕ ਪਹਿਚਾਣ ਘੱਟ ਅੱਡਰੀ ਸੀ ਫਿਰ ਵੀ ਹਿੰਦੂ-ਕੁਸ਼ ਅਤੇ ਸਿੰਧ ਦਰਿਆ ਨੇ ਕਾਫੀ ਹੱਦ ਤੱਕ ਇਸ ਨੂੰ ਪੱਛਮੀ ਏਸ਼ੀਆ ਤੋਂ ਭਿੰਨ ਕੀਤਾ। ਭੂਗੋਲਿਕ ਏਕਤਾ ਦੇ ਬਾਵਜੂਦ ਇਸ ਦੀ ਧਰਤੀ, ਪੌਣ-ਪਾਣੀ, ਬਨਸਪਤੀ ਅਤੇ ਆਬਾਦੀ ਅਨੇਕਾਂ ਕਿਸਮਾਂ ਦੀ ਰਹੀ।

### ਰਾਜਸੀ ਕੇਂਦਰ ਕਮਜ਼ੋਰ :-

ਪ੍ਰੰਤੂ ਭੂਗੋਲਿਕ ਏਕਤਾ ਦੇ ਬਾਵਜੂਦ ਭਾਰਤੀ ਸਭਿਅਤਾ ਆਪਣੀ ਰਾਜਨੀਤਕ ਏਕਤਾ ਪੈਦਾ ਨਹੀਂ ਕਰ ਸਕੀ। ਇਸ ਦਾ ਭਾਵ ਇਹ ਨਹੀਂ ਕਿ ਪ੍ਰਾਚੀਨ ਕਾਲ ਵਿਚ ਵੱਡੇ ਰਾਜ ਜਾਂ ਸਾਮਰਾਜ ਨਹੀਂ ਰਹੇ। ਮੋਰੀਅਨ ਸਾਮਰਾਜ, ਗੁਪਤ-ਸਾਮਰਾਜ ਜਾਂ ਕਨਿਸ਼ਕ ਅਤੇ ਹਰਸ਼ਵਰਧਨ ਜਿਹੇ ਮਹਾਨ ਜੇਤੂ ਹੋਏ ਪਰ ਇਨ੍ਹਾਂ ਵਿਚੋਂ ਕੋਈ ਸਾਰੇ ਉਪ-ਮਹਾਦੀਪ ਨੂੰ ਜਿੱਤ ਕੇ ਏਕਤਾ ਨਹੀਂ ਦੇ ਸਕਿਆ। ਰਾਜਨੀਤਕ ਕੇਂਦਰ ਹਮੇਸ਼ਾ ਹੀ ਦੂਰ ਦੀ ਗੱਲ ਰਿਹਾ। ਜਿਆਦਾ ਸਮਾਂ ਪ੍ਰਾਚੀਨ ਭਾਰਤ ਛੋਟੇ ਛੋਟੇ ਰਾਜਾਂ, ਬਾਦਸ਼ਾਹੀਆਂ ਤੇ ਪਰਜਾਤੰਤਰੀ ਕਬੀਲਾ ਰਾਜਨੀਤਕ ਇਕਾਈਆਂ ਵਿਚ ਵੰਡਿਆ ਰਿਹਾ। ਇਸ ਲਈ ਹੋ ਸਕਦਾ ਹੈ ਜਾਤੀ ਪ੍ਰਥਾ ਅਤੇ ਕੁਦਰਤੀ ਭਿੰਨਤਾ ਜਿਵੇਂ ਵੱਡੇ ਦਰਿਆਵਾਂ ਦਾ ਹੋਣਾ - ਜਿਨ੍ਹਾਂ ਨੂੰ ਪਾਰ ਕਰਨਾ ਹਮੇਸ਼ਾ ਔਖਾ ਕੰਮ ਸੀ - ਵੀ ਜਿੰਮੇਵਾਰ ਹੋਣ। ਕੁੱਝ ਪੱਛਮੀ ਵਿਦਵਾਨਾਂ ਨੇ ਰਾਜਸੀ ਏਕਤਾ ਦੀ ਗੈਰ-ਹਾਜਰੀ ਦਾ ਕਾਰਨ ਉਸ ਨਜ਼ਰੀਏ ਨੂੰ ਵੀ ਮੰਨਿਆ ਹੈ ਜਿਸ ਅਨੁਸਾਰ ਦੁਨੀਆਵੀ ਕੰਮਾਂ ਨੂੰ ਫਜ਼ੂਲ ਅਤੇ ਅਧਿਆਤਮਕ ਤਰੱਕੀ ਦੇ ਰਾਹ ਵਿਚ ਰੁਕਾਵਟ ਮੰਨ ਕੇ ਆਮ ਭਾਰਤੀ ਨੇ ਬਾਦਸ਼ਾਹੀ ਜਾਂ ਸਰਕਾਰੀ ਕੰਮ-ਕਾਜ ਪ੍ਰਤੀ ਬਹੁਤਾ ਧਿਆਨ ਹੀ ਨਹੀਂ ਦਿੱਤਾ।

### ਏਕਤਾ ਦੇ ਹੋਰ ਆਧਾਰ :-

ਰਾਜਨੀਤਕ ਏਕਤਾ ਦੀ ਕਮੀ ਨੂੰ ਧਰਮ, ਭਾਸ਼ਾ ਅਤੇ ਸਭਿਆਚਾਰ ਨੇ ਕਿਵੇਂ ਪੂਰਾ ਕੀਤਾ ? ਪ੍ਰਾਚੀਨ ਭਾਰਤ ਦੇ ਰਾਸ਼ਟਰਵਾਦੀ ਇਤਿਹਾਸਕਾਰਾਂ ਨੇ ਇਸ ਘਾਟ ਨੂੰ ਦੂਰ ਕਰਨ ਲਈ ਕਲਾਸੀਕਲ ਸੰਸਕ੍ਰਿਤ ਸਾਹਿਤ ਤੇ ਭਾਸ਼ਾ ਦਾ ਸਹਾਰਾ ਲਿਆ। ਉਨ੍ਹਾਂ ਅਨੁਸਾਰ ਸੰਸਕ੍ਰਿਤ ਭਾਸ਼ਾ ਵੈਦਿਕ ਕਾਲ ਤੋਂ ਭਾਰਤੀ ਭਾਸ਼ਾਈ ਏਕਤਾ ਅਤੇ ਧਾਰਮਿਕ ਜੀਵਨ-ਜਾਚ ਦੀ ਸਾਂਝ ਦੀ ਪ੍ਰਤੀਕ ਹੈ। ਇਥੋਂ ਤੱਕ ਬੋਧੀ-ਸਾਹਿਤ ਅਤੇ ਤਾਮਿਲ ਭਾਸ਼ਾਵਾਂ ਉਪਰ ਵੀ ਸੰਸਕ੍ਰਿਤ ਦਾ ਪ੍ਰਭਾਵ ਸੀ। ਦੱਖਣੀ ਭਾਰਤ ਵਿਚ ਸੰਸਕ੍ਰਿਤ ਵਿਦਵਾਨ ਸ਼ਰਧਾ ਦੇ ਪਾਤਰ ਸਨ। ਰਾਸ਼ਟਰਵਾਦੀ ਇਤਿਹਾਸਕਾਰਾਂ ਦੀ ਸ਼੍ਰੇਣੀ ਵਿਚ ਹਿੰਦੂ ਰੁਚੀਆਂ ਵਾਲੇ ਵਿਦਵਾਨਾਂ ਅਨੁਸਾਰ ਪ੍ਰਾਚੀਨ ਭਾਰਤੀਆਂ ਨੂੰ ਸੱਤ ਟਾਪੂਆਂ, ਸੱਤ-ਧਰਤੀਆਂ, ਸੱਤ ਸਮੁੰਦਰਾਂ ਦਾ ਅਹਿਸਾਸ ਸੀ। ਇਥੋਂ ਤੱਕ ਕਿ ਭਾਰਤੀ ਉਪ ਮਹਾਦੀਪ ਉੱਪਰ ਦੂਰ ਦੂਰ ਵਸੇ ਸੱਤ ਧਾਰਮਿਕ ਤੀਰਥ ਅਸਥਾਨ ਸਨ। ਬਾਅਦ ਵਿਚ ਚਾਰ ਮੱਠਾਂ ਦੀ ਸਥਾਪਨਾ ਕਰਕੇ ਹਿੰਦੂ ਪੂਜਾ ਨੂੰ ਇਕਸਾਰ ਕਰਨ ਦਾ ਯਤਨ ਕੀਤਾ ਗਿਆ। ਤੀਰਥਾਂ ਅਤੇ ਮੱਠਾਂ ਉਪਰ ਯਾਤਰੀ ਵੱਡੀ ਸੰਖਿਆ ਵਿਚ ਆਉਂਦੇ-ਜਾਂਦੇ ਸਨ। ਇਸ ਤਰ੍ਹਾਂ ਤੀਰਥ ਯਾਤਰਾ ਸਾਂਝੀ ਜਾਂ ਸਰਬ-ਭਾਰਤੀ ਧਾਰਮਿਕ ਮਾਨਸਿਕਤਾ ਪੈਦਾ ਕਰਦੀ ਸੀ।

ਉਪਰੋਕਤ ਦੱਸੇ ਗਏ ਰਾਸ਼ਟਰਵਾਦੀ ਇਤਿਹਾਸਕਾਰਾਂ ਵਿਚ ਰਾਧਾ ਕੁਮਦਮੁਕਰਜੀ ਦਾ ਨਾਮ ਮਸ਼ਹੂਰ ਹੈ। ਉਨ੍ਹਾਂ ਦੀ ਪ੍ਰਸਿੱਧ ਪੁਸਤਕ The Fundamental Unity of India ਸੀ। ਏਕਤਾ ਅਤੇ ਭਿੰਨਤਾ ਸਮਾਜਿਕ ਬਣਤਰ ਤੇ ਸਭਿਆਚਾਰਕ ਵਿਹਾਰ ਵਿਚ ਵੀ ਵੇਖੀ ਜਾ ਸਕਦੀ ਹੈ। ਆਰੀਅਨ ਜਾਤੀ ਦੇ ਪ੍ਰਭਾਵ ਕਾਰਨ ਪਿਛਲੇ ਵੈਦਿਕ ਕਾਲ ਤੋਂ ਹੀ ਜਾਤੀ ਪ੍ਰਥਾ ਅਤੇ ਸਮੂਹਿਕ ਪਰਿਵਾਰ ਭਾਰਤੀ ਸਮਾਜ ਦਾ ਸਾਂਝਾ ਅੰਗ ਸਨ। ਖੇਤੀ ਉੱਪਰ ਨਿਰਭਰਤਾ ਅਤੇ ਪੇਂਡੂ ਜੀਵਨ ਵੀ ਲਗਭਗ ਸਾਰੇ ਉਪ-ਮਹਾਦੀਪ ਦੀ ਵਿਸ਼ੇਸ਼ਤਾ ਰਿਹਾ। ਧਾਰਮਿਕ ਗ੍ਰੰਥਾਂ ਪ੍ਰਤੀ ਸਤਿਕਾਰ ਇਕ ਹੋਰ ਗੁਣ ਸੀ। ਹੋਰ ਤਾਂ ਹੋਰ ਬਾਲ ਵਿਆਹ,

ਸਤੀ ਪ੍ਰਥਾ, ਪਰਦਾ, ਦਾਜ ਵਰਗੀਆਂ ਬੁਰਾਈਆਂ ਵੀ ਸਭ ਥਾਂ ਸਨ।

ਭਾਰਤੀ ਸਮਾਜ ਅਤੇ ਸਭਿਆਚਾਰ ਵਿਚ ਅਨੇਕਤਾ ਦੇ ਆਪਣੇ ਕਾਰਨ ਹਨ। ਅਨੇਕਤਾ ਵੱਲ ਧਿਆਨ ਖਿੱਚਣ ਵਾਲੇ ਇਤਿਹਾਸਕਾਰਾਂ ਵਿਚ ਧੁਰ ਜਾਤੀ ਪ੍ਰਸ਼ਾਦ ਮੁਖਰਜੀ ਦਾ ਨਾਮ ਆਉਂਦਾ ਹੈ। ਉਨ੍ਹਾਂ ਦੀ ਪੁਸਤਕ Sociology of Indian Culture ਅਨੇਕਤਾ ਦੇ ਭੌਤਿਕ ਅਤੇ ਇਤਿਹਾਸਕ ਕਾਰਨਾਂ ਦੀ ਨਿਸ਼ਾਨ-ਦੇਹੀ ਕਰਦੀ ਹੈ। ਜਾਤੀ ਪ੍ਰਥਾ ਦਾ ਬਨਣਾ ਤੇ ਫਿਰ ਵਿਰੋਧਾਂ ਦੇ ਬਾਵਜੂਦ ਖਤਮ ਨਾ ਹੋਣਾ ਜਾਂ ਸਿਰਫ ਉੱਤਰ ਭਾਰਤ ਵਿਚ ਹੀ ਵੱਡੇ ਸਾਮਰਾਜਾਂ ਦਾ ਹੋਂਦ ਵਿਚ ਆਉਣਾ - ਅਜਿਹੇ ਵਰਤਾਰਿਆਂ ਦੇ ਕੀ ਕਾਰਨ ਸਨ ? ਜਾਤੀ ਪ੍ਰਥਾ ਵਾਂਗ ਹੀ ਵੈਦਿਕ ਕਾਲ ਵਾਲੀਆਂ ਪਰੰਪਰਾਵਾਂ ਜਿਵੇਂ ਕਿ ਬਲੀ ਵਿਰੁੱਧ ਉਠੀਆਂ ਸਮਾਜਿਕ ਲਹਿਰਾਂ ਵੀ ਬਿਨਾਂ ਕਾਰਨਾਂ ਤੋਂ ਨਹੀਂ ਹੋ ਸਕਦੀਆਂ। ਵਿਰੋਧ ਅਤੇ ਬਗਾਵਤ ਦਾ ਜਜਬਾ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਸੀ। ਹਿਸਟੋਰੀਅਨ ਰੋਮੀਲਾ ਥਾਪਰ ਅਨੁਸਾਰ ਆਰੀਅਨ-ਪੂਰਵ ਸਭਿਆਚਾਰ ਤੇ ਆਰੀਅਨ ਜਾਤੀ ਦੇ ਸਭਿਆਚਾਰ ਵਿਚ ਸੰਘਰਸ਼ ਨਿਰੰਤਰ ਚਲਦਾ ਰਿਹਾ। ਭਾਵੇਂ ਕਿ ਸਫ਼ਲਤਾ ਆਰੀਅਨ ਸਭਿਆਚਾਰ ਨੂੰ ਮਿਲੀ ਪਰੰਤੂ ਪੂਰਵ-ਆਰੀਅਨ ਸਭਿਆਚਾਰ ਨੇ ਅਨੇਕਾਂ ਢੰਗਾਂ ਨਾਲ ਆਰੀਅਨ ਜੀਵਨ ਨੂੰ ਬਦਲਿਆ। ਇਸ ਤਰ੍ਹਾਂ ਭਾਰਤੀ ਸਮਾਜਿਕ ਤੇ ਸਭਿਆਚਾਰਕ ਜੀਵਨ ਵਿਰੋਧ, ਬਦਲਾਵ ਅਤੇ ਸੁਮੇਲ ਰਾਹੀਂ ਲਗਾਤਾਰ ਗਤੀਸ਼ੀਲ ਬਣਿਆ ਰਿਹਾ। ਇਸ ਕਰਕੇ ਪ੍ਰਾਚੀਨ ਕਾਲ ਤੋਂ ਹੀ ਅਨੇਕਾਂ ਸੁਧਾਰਕਾਂ ਦੇ ਨਾਮ ਭਾਰਤੀ ਇਤਿਹਾਸ ਵਿਚ ਚਮਕਦੇ ਹਨ।

ਭਾਰਤੀ ਇਤਿਹਾਸ ਦੀ ਕਾਲ-ਵੰਡ ਕਰਨ ਲੱਗਿਆਂ ਲੰਮੇ ਅਰਸੇ ਤੱਕ ਪ੍ਰਾਚੀਨ ਕਾਲ ਨੂੰ ਹਿੰਦੂ ਕਾਲ ਮੰਨਿਆ ਗਿਆ। ਇਹ ਧਾਰਨਾ ਸੰਪਰਦਾਇਕਤਾ ਦਾ ਕਾਰਨ ਬਣਦੀ ਸੀ ਕਿਉਂਕਿ ਪ੍ਰਾਚੀਨ ਕਾਲ ਦਾ ਅੰਤ ਇਸਲਾਮ ਦੀ ਰਾਜਨੀਤਕ ਸਫਲਤਾ ਨਾਲ ਜੋੜ ਦਿੱਤਾ ਜਾਂਦਾ ਸੀ। ਭਾਰਤੀ ਇਤਿਹਾਸ ਦਾ ਮੱਧ-ਕਾਲ ਮੁਸਲਮਾਨਾਂ ਦੇ ਆਉਣ ਨਾਲ ਨਹੀਂ ਜੁੜਿਆ ਹੋਇਆ ਸੀ ਸਗੋਂ ਇਹ ਗੁਪਤ ਕਾਲ ਤੋਂ ਪਿਛੋਂ ਭਾਰਤੀ ਰਾਜਨੀਤੀ ਤੇ ਆਰਥਿਕਤਾ ਵਿਚ ਆਈਆਂ ਤਬਦੀਲੀਆਂ ਦਾ ਨਤੀਜਾ ਸੀ।

ਇਸੇ ਤਰ੍ਹਾਂ ਪ੍ਰਾਚੀਨ ਭਾਰਤੀ ਇਤਿਹਾਸ ਆਰੀਅਨ ਜਾਤੀ ਦੇ ਆਉਣ ਨਾਲ ਸ਼ੁਰੂ ਨਹੀਂ ਹੋਇਆ। ਬਾਕੀ ਦੇਸ਼ਾਂ ਦੇ ਇਤਿਹਾਸ ਵਾਂਗ ਭਾਰਤੀ ਇਤਿਹਾਸ ਵੀ ਆਪਣੇ ਪੂਰਵ-ਇਤਿਹਾਸ ਯੁਗ ਨੂੰ ਪਾਰ ਕਰਕੇ ਹੀ ਇਤਿਹਾਸਕ ਯੁਗ ਵਿਚ ਪਰਵੇਸ਼ ਹੋਇਆ।

ਪ੍ਰਾਚੀਨ ਭਾਰਤ ਸਿੰਧ ਘਾਟੀ ਸਭਿਅਤਾ ਤੋਂ ਸ਼ੁਰੂ ਹੋ ਕੇ 7ਵੀਂ ਸਦੀ ਈਸਵੀ ਤੋਂ ਆਪਣੇ ਮੱਧ-ਕਾਲੀ ਦੌਰ ਵੱਲ ਵਧਦਾ ਹੈ। 1000 ਈ. ਤੱਕ ਇਹ ਸੰਪੂਰਨ ਰੂਪ ਵਿਚ ਸਮੰਤੀ ਜਾਂ ਸਮਕਾਲੀ ਯੁਗ ਵਿਚ ਪਹੁੰਚ ਜਾਂਦਾ ਹੈ। ਇਸ ਸਮੰਤੀ ਯੁੱਗ ਦੇ ਹੁਕਮਰਾਨ ਰਾਜਪੂਤ ਵੀ ਸਨ ਅਤੇ ਮੁਸਲਮਾਨ ਵੀ।

**ਪਾਠ ਵਿਚ ਆਏ ਮਹੱਤਵਪੂਰਨ ਨੁਕਤੇ :-**

(1) ਪ੍ਰਾਚੀਨ ਭਾਰਤ ਇਕ ਵਿਸ਼ਾਲ ਭੂਗੋਲਿਕ ਇਕਾਈ ਸੀ। ਇਹ ਏਸ਼ੀਆ ਮਹਾਦੀਪ ਦਾ ਇਕ ਉਪ-ਮਹਾਦੀਪ ਹੈ। ਇਹ ਕਿਸੇ ਇਕ ਦੇਸ਼, ਜਾਤੀ/ਨਸਲ ਜਾਂ ਸਭਿਆਚਾਰ ਦੀ ਭੂਮੀ ਨਹੀਂ ਸੀ। ਯੂਨਾਨੀ ਲੇਖਕ ਇਸ ਨੂੰ India ਅਤੇ ਇਰਾਨੀ ਲੇਖਕ ਹਿੰਦੂ ਆਖਦੇ ਸਨ। ਇਹ ਦੋਵੇਂ ਸ਼ਬਦ ਦਰਿਆ ਸਿੰਧ (Indos or Indus) ਤੋਂ ਲਏ ਗਏ ਸਨ।

ਇਥੇ ਪ੍ਰਾਚੀਨ ਭਾਰਤ ਤੋਂ ਭਾਵ 15 ਅਗਸਤ, 1947 ਤੋਂ ਪਹਿਲਾਂ ਜਾਂ ਭਾਰਤੀ ਸੰਘ ਦੀ ਸਥਾਪਨਾ ਤੋਂ ਪਹਿਲਾਂ ਵਾਲੇ ਭਾਰਤ ਤੋਂ ਵੀ ਹੈ। ਇਸ ਤਰ੍ਹਾਂ ਪਾਕਿਸਤਾਨ, ਭਾਰਤ ਤੇ ਬੰਗਲਾ ਦੇਸ਼ ਦੇ ਪ੍ਰਾਚੀਨ ਇਤਿਹਾਸ ਭਾਰਤੀ ਇਤਿਹਾਸ ਦਾ ਹਿੱਸਾ ਸਨ। ਨੇਪਾਲ, ਅਫਗਾਨਿਸਤਾਨ ਅਤੇ ਸ੍ਰੀ ਲੰਕਾ ਵੀ ਪ੍ਰਾਚੀਨ ਭਾਰਤ ਦੇ ਇਤਿਹਾਸ ਨੂੰ ਪ੍ਰਭਾਵਿਤ ਕਰਦੇ ਰਹੇ।

(2) ਪ੍ਰਾਚੀਨ ਭਾਰਤ ਦੀ ਆਧੁਨਿਕ ਇਤਿਹਾਸਕਾਰੀ 18ਵੀਂ ਸਦੀ ਵਿਚ ਪੈਦਾ ਹੋਈ। ਇਸ ਨੂੰ ਅਨੇ

ਕਾਂ ਪੱਛਮੀ ਤੇ ਭਾਰਤੀ ਵਿਦਵਾਨਾਂ ਨੇ ਸਿਰਜਿਆ। ਇਹ ਅਨੇਕਾਂ ਜਟਿਲ ਪ੍ਰਸ਼ਨਾਂ ਦਾ ਉੱਤਰ ਲੱਭਣ ਦਾ ਯਤਨ ਕਰਦੀ ਹੈ। ਕਿਸੇ ਵੀ ਦੇਸ਼ ਜਾਂ ਕਾਲ ਦੀ ਇਤਿਹਾਸਕਾਰੀ ਉਸ ਦੇਸ਼/ਕਾਲ ਦੀ ਬੀਤੇ ਸਮਿਆਂ ਦੀ ਤਸਵੀਰ ਪੇਸ਼ ਕਰਦੀ ਹੈ। ਇਹ ਤਸਵੀਰ ਕਾਫੀ ਹੱਦ ਤੱਕ ਇਤਿਹਾਸਕਾਰ ਵਲੋਂ ਵਰਤੀ ਗਈ evidence ਜਾਂ ਸੋਮਿਆਂ ਉੱਪਰ ਤੇ ਉਸ ਦੀ ਆਪਣੀ ਪਹੁੰਚ/ਵਿਧੀ ਉੱਪਰ ਨਿਰਭਰ ਕਰਦੀ ਹੈ। ਇਸੇ ਕਰਕੇ ਸੋਮਿਆਂ ਦੀ ਮਹੱਤਤਾ ਬਹੁਤ ਹੈ।

(3) ਪ੍ਰਾਚੀਨ ਭਾਰਤੀ ਇਤਿਹਾਸ ਦੇ ਸੋਮੇ ਅਨੇਕਾਂ ਪ੍ਰਕਾਰ ਦੇ ਹਨ। ਇਹ ਸਾਹਿਤਕ ਵੀ ਹਨ ਅਤੇ ਗੈਰ-ਸਾਹਿਤਕ ਵੀ। ਇਹ ਭਾਰਤੀ ਭਾਸ਼ਾਵਾਂ ਤੇ ਗੈਰ-ਭਾਰਤੀ ਭਾਸ਼ਾਵਾਂ ਵਿਚ ਹਨ।

**ਪਾਠ ਵਿਚ ਆਏ ਤਕਨੀਕੀ ਸ਼ਬਦ**

ਜਿਓਲਜੀਕਲ ਫਾਰਮੇਸ਼ਨ (Geological Formation)

ਗੌਂਡਵਾਨਾ ਲੈਂਡ (The Godwana Land)

ਟਿਥੱਸ ਸਮੁੰਦਰ (The Tethys Sea)

ਭਾਰਤੀ ਸੰਘ (The Indian Union)

ਇਤਿਹਾਸਕਾਰੀ ਜਾਂ ਇਤਿਹਾਸ ਲਿਖਣ ਤੇ ਸਮਝਣ ਦੀ ਵਿਧੀ ਤੇ ਕਲਾ

ਪੂਰਵ-ਇਤਿਹਾਸ (The Pre-History)

ਮਿਤੀ-ਕ੍ਰਮ ਜਾਂ The Chronology

ਬਹੁ-ਪਰਤੀ ਮਿਤੀ-ਕ੍ਰਮ (Chronological strata)

ਭੂਤਤਵ-ਵਿਗਿਆਨ (Archeaology)

ਐਂਥਰੋਪੋਲੋਜੀ (Anthropology)

ਅੰਤਲੇ ਬਰਫ ਯੁੱਗ ਤੋਂ ਪਹਿਲਾ ਕਾਲ (Pleistocene Period)

ਮੁੱਢਲਾ ਪੱਥਰ ਯੁੱਗ (The Palaeolithic Age)

ਪੱਥਰ ਯੁੱਗ (The Mesolithic Age)

ਨਵਾਂ ਪੱਥਰ-ਯੁੱਗ (The Neolithic Age)

ਤਾਂਬਾ-ਪੱਥਰ ਯੁੱਗ (The Calcolithic Age)

**ਅਭਿਆਸ ਲਈ ਪ੍ਰਸ਼ਨ :-**

**ਛੋਟੇ ਪ੍ਰਸ਼ਨ :**

(1) ਪ੍ਰਾਚੀਨ ਭਾਰਤ ਤੋਂ ਕੀ ਭਾਵ ਹੈ ?

(2) ਪੂਰਵ-ਇਤਿਹਾਸ ਕੀ ਹੁੰਦਾ ਹੈ ?

(3) ਸੋਮਿਆਂ ਦੀ ਇਤਿਹਾਸਕਾਰ ਲਈ ਕੀ ਮਹੱਤਤਾ ਹੈ ?

(4) ਭਾਰਤੀ ਇਤਿਹਾਸ ਦਾ ਪ੍ਰਾਚੀਨ ਕਾਲ ਕਦੋਂ ਸਮਾਪਤ ਹੋਇਆ ?

(5) ਸਿੰਧ ਘਾਟੀ ਸਭਿਅਤਾ ਦੀ ਡਿਸਕਵਰੀ ਨੇ ਕਾਲ-ਵੰਡ ਨੂੰ ਕਿਵੇਂ ਪਰਿਭਾਸ਼ਿਤ ਕੀਤਾ ?

(6) ਭਾਰਤੀ ਸਭਿਆਚਾਰ ਦੀ ਏਕਤਾ ਦੇ ਕਿਹੜੇ ਕਿਹੜੇ ਆਧਾਰ ਹਨ ?

**ਲੰਮੇ ਪ੍ਰਸ਼ਨ :**

(1) ਪ੍ਰਾਚੀਨ ਭਾਰਤੀ ਇਤਿਹਾਸ ਦਾ ਅਧਿਐਨ ਕਰਨ ਵੇਲੇ ਪੇਸ਼ ਔਕੜਾਂ ਦੀ ਸੂਚੀ ਬਣਾਓ।

(2) ਭਾਰਤੀ ਜੀਵਨ, ਸਭਿਅਤਾ ਤੇ ਸਭਿਆਚਾਰ ਦੀ ਮੁੱਖ ਵਿਸ਼ੇਸ਼ਤਾ ਅਨੇਕਤਾ ਵਿਚ ਏਕਤਾ ਹੈ। ਇਸ ਕਥਨ ਦੀ ਵਿਆਖਿਆ ਕਰੋ।

(3) ਕੀ ਭਾਰਤੀ ਇਤਿਹਾਸ ਦੀ ਧਰਮ, ਨਸਲ ਜਾਂ ਭਾਸ਼ਾ ਅਨੁਸਾਰ ਕਾਲ-ਵੰਡ ਕੀਤੀ ਜਾ ਸਕਦੀ ਹੈ? ਜੇ ਨਹੀਂ ਤਾਂ ਕਿਉਂ ?

**ਹੋਰ ਜਾਣਕਾਰੀ ਲਈ ਵੇਖੋ :-**

(1) ਡੀ.ਐਨ.ਝਾਅ, ਏਨੀਸੈਂਟ ਇੰਡੀਆ ਇਨ ਹਿਸਟੋਰੀਕਲ ਆਊਟਲਾਈਨ, ਪੰਨੇ 17-26

(2) ਰੋਮੀਲਾ ਥਾਪਰ, ਏਨੀਸੈਂਟ ਇੰਡੀਆ, ਪੰਨੇ 01-150

(3) ਸਾਇਲਿੰਦਰ ਨਾਥ ਸੈਨ, ਏਨੀਸੈਂਟ ਇੰਡੀਅਨ ਹਿਸਟਰੀ ਐਂਡ ਸਿਵਲਾਈਜੇਸ਼ਨ, ਪੰਨੇ 1-13

(4) ਇਰਫਾਨ ਹਬੀਬ, ਪਿਰੀ-ਹਿਸਟਰੀ, ਪੰਨੇ 1-10, 48-68

(5) ਅਰੋੜਾ ਅਤੇ ਸੀਕਰੀ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨੇ 1-12

ਨੋਟ : ਇਹ ਪਾਠ ਡੈਕ ਦੁਆਰਾ ਦਿੱਤੀ ਵਿੱਤੀ ਗ੍ਰਾਂਟ ਅਧੀਨ ਛਾਪਿਆ ਗਿਆ

**ਪਾਠ ਨੰਬਰ : 1.2** **ਸੈਕਸ਼ਨ - ਏ** **ਲੇਖਕ : ਨਾਜ਼ਰ ਸਿੰਘ**

# ਭਾਰਤ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਤੇ ਉਨ੍ਹਾਂ ਦਾ ਇਤਿਹਾਸ ਤੇ ਪ੍ਰਭਾਵ

**ਪਾਠ ਦੀ ਬਣਤਰ :**

ਉਦੇਸ਼
ਜਾਣ-ਪਛਾਣ (Introduction)
ਇਸ ਪਾਠ ਵਿਚ ਅਸੀਂ ਵੇਖਾਂਗੇ -
ਭਾਰਤ ਦੀਆਂ ਕੁਦਰਤੀ ਜਾਂ ਭੂਗੋਲਿਕ ਇਕਾਈਆਂ ਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ
ਪੌਣ ਪਾਣੀ : ਤਾਪਮਾਨ ਤੇ ਵਰਖਾ
ਕੁਦਰਤੀ ਸੰਪਤੀ (Natural Wealth) ਜਿਵੇਂ ਕਿ ਜੰਗਲ ਤੇ ਖਣਿਜ ਪਦਾਰਥ
ਆਵਾਜਾਈ ਲਈ ਰਸਤੇ - ਦਰ੍ਹੇ, ਘਾਟੀਆਂ, ਬੰਦਰਗਾਹਾਂ
ਸਰਹੱਦਾਂ - ਕੁਦਰਤੀ (Natural) ਅਤੇ ਇਤਿਹਾਸਕ (Man-made)
ਇਤਿਹਾਸ ਉਪਰ ਭੂਗੋਲ ਦਾ ਪ੍ਰਭਾਵ
ਤਕਨੀਕੀ ਸ਼ਬਦ
ਅਭਿਆਸ ਲਈ ਛੋਟੇ ਤੇ ਵੱਡੇ ਪ੍ਰਸ਼ਨ
ਵਧੇਰੇ ਜਾਣਕਾਰੀ ਲਈ ਪੁਸਤਕਾਂ

**ਉਦੇਸ਼ :**

(ੳ) ਭਾਰਤੀ ਜੀਵਨ ਦੇ ਭੌਤਿਕ ਆਧਾਰ ਦੀ ਜਾਣ-ਪਛਾਣ
(ਅ) ਭੂਗੋਲਿਕ ਵਿਸ਼ੇਸ਼ਤਾਵਾਂ ਤੇ ਸਭਿਅਤਾ ਦੇ ਵਿਕਾਸ ਵਿਚ ਸੰਬੰਧਾਂ ਨੂੰ ਉਜਾਗਰ ਕਰਨਾ
(ੲ) ਭਾਰਤ ਦੀ ਵਿਸ਼ਾਲਤਾ, ਅਨੇਕਤਾ, ਖੁਲ੍ਹੇਪਣ ਤੇ ਏਕਤਾ ਵਰਗੇ ਗੁਣਾਂ ਦੀ ਨਿਸ਼ਾਨਦੇਹੀ

**ਜਾਣ-ਪਛਾਣ (Introduction) :-**

ਭੂਗੋਲਿਕ ਤੌਰ ਤੇ ਪ੍ਰਾਚੀਨ ਭਾਰਤ ਚਾਰ ਹਿੱਸਿਆਂ ਵਿਚ ਵੰਡਿਆ ਸੀ। ਇਹ ਭਾਗ ਸਨ (1) ਹਿਮਾਲਾ ਪਰਬਤ ਤੇ ਇਸ ਦੀਆਂ ਰੇਂਜਾਂ (2) ਉੱਤਰੀ ਮੈਦਾਨ (3) ਦੱਖਣੀ ਪਠਾਰ (4) ਸਮੁੰਦਰੀ ਤੱਟ। ਪਹਾੜਾਂ, ਮੈਦਾਨਾਂ, ਪਠਾਰ ਜਾਂ ਸਮੁੰਦਰ ਦਾ ਬਨਣਾ ਸਦੀਆਂ ਦਾ ਕੰਮ ਸੀ। ਇਹ ਧਰਤੀ ਹੇਠਲੀਆਂ ਲਹਿਰਾਂ (Tectonic Movements) ਕਾਰਨ ਹੋਇਆ। ਪੌਣ-ਪਾਣੀ ਦੇ ਹਿਸਾਬ ਨਾਲ ਵੀ ਭਾਰਤ ਗਰਮ (Tropical) ਅਤੇ ਠੰਡੇ (Alpine) ਖਿੱਤਿਆਂ ਵਿਚ ਵੰਡਿਆ ਹੋਇਆ ਹੈ। ਭੂਗੋਲਿਕ ਭਿੰਨਤਾ ਕਾਰਨ ਹੀ ਭਾਰਤ ਵਿਚ ਇਕ ਪਾਸੇ ਮਾਰੂਥਲ ਤੇ ਦੂਸਰੇ ਪਾਸੇ ਘਣੇ ਜੰਗਲ ਹਨ ਕਿਉਂਕਿ ਬਾਰਸ਼ ਵੀ ਘਟਦੀ-ਵਧਦੀ ਹੈ। ਰਾਜਸਥਾਨ ਤੇ ਅਸਾਮ ਵਿਚ ਫਰਕ ਵੇਖਿਆ ਜਾ ਸਕਦਾ ਹੈ।

ਪ੍ਰਾਚੀਨ ਕਾਲ ਤੋਂ ਹੀ ਭਾਰਤ ਦਰਿਆਵਾਂ ਦੀ ਧਰਤੀ ਹੈ। ਪਰੰਤੂ ਦਰਿਆ ਵੀ ਮੁੱਖ ਰੂਪ ਵਿਚ ਦੋ ਕਿਸਮ ਦੇ ਹਨ (1) ਹਿਮਾਲੀਅਨ ਜਾਂ ਬਰਫ ਨਾਲ ਚਲਣ ਵਾਲੇ (2) ਦੱਖਣੀ ਜਾਂ ਮਾਨਸੂਨ ਤੇ ਨਿਰਭਰ। ਇਤਿਹਾਸ ਵਿਚ ਪ੍ਰਮੁੱਖ ਦਰਿਆਵਾਂ ਨੇ ਹੀ ਭਾਰਤੀ ਸਰਹੱਦਾਂ ਦਾ ਕੰਮ ਕੀਤਾ। ਸਿੰਧ ਦਰਿਆਵਾਂ ਨੇ ਸਿੰਧ ਘਾਟੀ ਸਭਿਅਤਾ, ਗੰਗਾ-ਜਮਨਾ ਨੇ ਵੈਦਿਕ ਸਭਿਅਤਾ ਅਤੇ ਕਾਵੇਰੀ ਨੇ ਤਾਮਿਲ ਸਭਿਅਤਾ ਨੂੰ ਜਨਮ ਦਿੱਤਾ।

ਪਹਾੜਾਂ ਤੇ ਦਰਿਆਵਾਂ ਵਾਂਗ ਹੀ ਦਰ੍ਰਿਆਂ ਨੇ ਵੀ ਸਭਿਆਚਾਰਕ ਤੇ ਰਾਜਨੀਤਕ ਜੀਵਨ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਰਾਹੀਂ ਵੀ ਭਾਰਤ ਉੱਤਰ ਅਤੇ ਉੱਤਰ-ਪੱਛਮੀ ਦਿਸ਼ਾਵਾਂ ਵੱਲ ਏਸ਼ੀਆ ਦੇ ਦੂਸਰੇ ਭਾਗਾਂ ਨਾਲ ਵਿਉਪਾਰ ਤੇ ਸਭਿਆਚਾਰਕ ਆਦਾਨ-ਪ੍ਰਦਾਨ ਕਰਦਾ ਰਿਹਾ।

ਪਿਛਲੇ ਪਾਠ ਵਿਚ ਅਸੀਂ ਧਰਤੀ ਦੀ ਬਣਤਰ ਦਾ ਜਿਕਰ ਕੀਤਾ ਸੀ। ਅੰਤਲੇ ਬਰਫ ਯੁਗ (Pleistocene Period) ਦੇ ਖਾਤਮੇ ਤੱਕ ਭਾਰਤ ਦੇ ਤਿੰਨ ਵੱਡੇ ਭੂਗੋਲਿਕ ਖਿੱਤੇ ਹੋਂਦ ਵਿਚ ਆ ਚੁੱਕੇ ਸਨ। ਖਿੱਤੇ ਸਨ:

(1) ਦੱਖਣੀ ਭਾਗ ਜਾਂ ਪੈਨਿਨਸੂਲਰ ਬਲਾਕ ਜਿਹੜਾ ਕਿ ਪੱਛਮ ਵੱਲ ਉੱਠਿਆ ਹੋਇਆ ਸੀ ਅਤੇ ਜਿਸ ਦੀ ਪਠਾਰ ਪੂਰਬ ਵੱਲ ਢਲਦੀ ਸੀ। ਇਹ ਦੱਖਣ ਦੀ ਪਠਾਰ ਸੀ।

(2) ਉੱਤਰੀ ਭਾਰਤ ਦੇ ਮੈਦਾਨ ਜਿਹੜੇ ਕਿ ਹਿਮਾਲਾ ਦੀਆਂ ਢਲਾਣਾਂ ਰਾਹੀਂ ਆਈ ਉਪਜਾਊ ਮਿੱਟੀ ਦੀ ਮੋਟੀਆਂ ਤਹਿਆਂ ਦੇ ਬਣੇ ਸਨ। ਅਰਾਵਲੀ ਪਹਾੜ ਇਨ੍ਹਾਂ ਨੂੰ ਉੱਤਰ ਪੂਰਬ ਵਿਚ ਦੋ ਕੁਦਰਤੀ ਭਾਗਾਂ ਵਿਚ ਵੰਡਦੇ ਹਨ। ਇਹ ਭਾਗ ਹਨ (ੳ) ਸਿੰਧ ਦੇ ਮੈਦਾਨ (ਅ) ਗੰਗਾ ਦੇ ਮੈਦਾਨ

(3) ਸਾਰੇ ਉੱਤਰੀ ਭਾਗ ਤੇ ਫੈਲਿਆ ਹਿਮਾਲਾ ਜਿਸਦੀਆਂ ਅਨੇਕਾਂ ਤਹਿਆਂ, ਚੋਟੀਆਂ ਤੇ ਸ਼ਾਖਾਵਾਂ ਇਸ ਨੂੰ ਪੂਰਬ ਅਤੇ ਪੱਛਮ ਵਿਚ ਸਮੁੰਦਰ ਤੱਕ ਲੈ ਜਾਂਦੀਆਂ ਹਨ।

ਫਿਰ ਵੀ ਅੰਤਲੇ ਬਰਫ-ਯੁਗ ਜਾਂ ਅੱਜ ਤੋਂ 18 ਲੱਖ ਸਾਲ ਪਹਿਲਾਂ ਭਾਰਤ ਦਾ ਨਕਸ਼ਾ ਹੋਰ ਸੀ। ਵਿਗਿਆਨੀ ਦੱਸਦੇ ਹਨ ਕਿ ਉਸ ਸਮੇਂ ਸਿੰਧ, ਗੰਗਾ ਅਤੇ ਬ੍ਰਹਮਪੁੱਤਰ ਦਰਿਆਵਾਂ ਦੇ ਸਿਲਸਿਲੇ ਇਕੋ ਹੀ ਸ੍ਰੋਤ ਤੋਂ ਨਿਕਲਦੇ ਸਨ। ਉਸ ਸਮੇਂ ਸਤਲੁਜ ਤੇ ਜਮਨਾ ਵੱਖਰੇ ਦਰਿਆ ਨਹੀਂ ਸਨ। ਇਸ ਦੇ ਸਬੂਤ ਵਜੋਂ ਵਿਗਿਆਨੀ ਸਿੰਧ ਦਰਿਆਵਾਂ ਤੇ ਗੰਗਾ ਦਰਿਆਵਾਂ ਵਿਚ ਇਕ ਹੀ ਕਿਸਮ ਦੀ ਮੱਛੀਆਂ (Dolphins) ਦਾ ਮਿਲਣਾ ਦੱਸਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਬਾਕੀ ਦੇਸ਼ਾਂ ਵਾਂਗ ਭਾਰਤ ਦੀਆਂ ਕੁਦਰਤੀ ਜਾਂ ਭੂਗੋਲਿਕ ਇਕਾਈਆਂ ਵੀ ਜਲਦੀ ਜਲਦੀ ਭਾਵੇਂ ਨਾ ਬਦਲਣ ਪਰੰਤੂ ਇਹ ਹਮੇਸ਼ਾ ਉਹੀ ਰਹਿਣ ਜਰੂਰੀ ਨਹੀਂ। ਭੁਚਾਲ, ਜਲਜਲੇ (ਸਮੁੰਦਰੀ ਫਰਸ਼ ਦਾ ਧਰਤੀ ਨਾਲ ਟਕਰਾਉਣਾ ਅਤੇ ਸੈਂਕੜੇ ਫੁੱਟ ਲਹਿਰਾਂ ਦਾ ਉੱਠਣਾ ਜਿਵੇਂ ਕਿ ਹਾਲ ਵਿਚ ਹੀ ਸਮਾਨੀ ਲਹਿਰਾਂ ਦਾ ਉੱਠਣਾ) ਅਤੇ ਖੁਦ ਆਦਮੀ ਦੁਆਰਾ ਬਣਾਏ ਗਏ ਡੈਮ ਜਾਂ ਚਟਾਨਾਂ ਨੂੰ ਕੱਟ ਕੇ ਰਸਤਿਆਂ ਦਾ ਨਿਰਮਾਣ ਦੇਸ਼ ਦੇ ਕੁਦਰਤੀ ਨਕਸ਼ਿਆਂ ਨੂੰ ਬਦਲਦੇ ਹਨ। ਧਰਤੀ ਹੇਠਲੀਆਂ ਲਹਿਰਾਂ (Tectonic Movements) ਜਿਨ੍ਹਾਂ ਕਰਕੇ ਹਿਮਾਲਾ ਬਣੇ ਉਹ ਅਜੇ ਵੀ ਸਰਗਰਮ ਹਨ। ਇਸੇ ਕਰਕੇ ਅਸਾਮ, ਰਣਕੱਛ (ਗੁਜਰਾਤ) ਅਤੇ ਕਾਂਗੜਾ ਦੇ ਸ਼ਿਵਾਲਕ ਖਿੱਤੇ ਵਿਚ ਭੁਚਾਲ ਆਉਂਦੇ ਹਨ। ਰਣਕੱਛ ਦਾ ਭੂਗੋਲ ਬਦਲਦਾ ਰਹਿੰਦਾ ਹੈ।

ਇਸੇ ਹੀ ਤਰ੍ਹਾਂ ਦਰਿਆ ਵੀ ਕੁਦਰਤੀ ਬਣੀਆਂ ਹੋਈਆਂ ਚੈਨਲਾਂ ਰਾਹੀਂ ਵਹਿੰਦੇ ਹਨ। ਉਦਾਹਰਣ ਲਈ ਸਿੰਧ ਦਰਿਆ ਪੂਰਬ ਵਿਚ ਸਾਲਟ ਰੇਂਜ (The Salt Range) ਅਤੇ ਪੱਛਮ ਵਿਚ ਸੁਲ੍ਹੇਮਾਨ ਦੀ ਰੇਂਜ (The Sulaiman Range) ਵਿਚਕਾਰ ਬਣੀ ਚੈਨਲ ਹੈ। ਪਰੰਤੂ ਇਸ ਦਾ ਭਾਵ ਇਹ ਨਹੀਂ ਕਿ ਦਰਿਆ ਆਪਣਾ ਰਸਤਾ ਨਹੀਂ ਬਦਲਦੇ।

## ਚੌਥੀ ਭੂਗੋਲਿਕ ਵਿਸ਼ੇਸ਼ਤਾ :-

ਭਾਰਤ ਦੀ ਚੌਥੀ ਭੂਗੋਲਿਕ ਵਿਸ਼ੇਸ਼ਤਾ ਇਸ ਦੇ ਤਟਵਰਤੀ ਮੈਦਾਨ (The Coastal Plains) ਹਨ।

ਦੱਖਣ ਵਿਚ ਸਮੁੰਦਰ ਦੇ ਪੱਛਮੀ ਅਤੇ ਪੂਰਬੀ ਪਾਸੇ ਮੈਦਾਨ ਹਨ। ਇਨ੍ਹਾਂ ਨੂੰ ਕ੍ਰਮਵਾਰ ਪੱਛਮੀ ਤੱਟ ਅਤੇ ਪੂਰਬੀ ਤੱਟ ਦੇ ਮੈਦਾਨ ਕਿਹਾ ਜਾਂਦਾ ਹੈ।

## ਪੌਣ ਪਾਣੀ :-

ਕਿਸੇ ਦੇਸ਼ ਦਾ ਪੌਣ ਪਾਣੀ ਹੇਠ ਲਿਖੀਆਂ ਤਿੰਨ ਗੱਲਾਂ ਤੇ ਨਿਰਭਰ ਕਰਦਾ ਹੈ :

(1) ਭੂ-ਮੱਧ ਰੇਖਾ ਤੋਂ ਦੂਰੀ ਜਾਂ Latitude

(2) ਸਮੁੰਦਰ ਤੱਟ ਤੋਂ ਉਚਾਈ

(3) ਕਿਸੇ ਖਿੱਤੇ ਵਿਚ ਪਾਣੀ ਦਾ ਭਾਫ ਤੇ ਭਾਫ ਦੇ ਠੰਢਾ ਹੋਣ ਦੀ ਪ੍ਰਕਿਰਿਆ (Precipitation)

## 1) ਭੂ-ਮੱਧ ਰੇਖਾ ਤੇ ਭਾਰਤ :-

ਭੂ-ਮੱਧ ਰੇਖਾ ਉਹ ਹੈ ਜੋ ਧਰਤੀ ਜਾਂ ਗਲੋਬ ਨੂੰ ਦੋ ਭਾਗਾਂ ਉੱਤਰੀ ਤੇ ਦੱਖਣੀ ਵਿਚ ਵੰਡਦੀ ਹੈ। ਇਹ ਪੂਰਬ ਤੋਂ ਪੱਛਮ ਵੱਲ ਸਭ ਤੋਂ ਲੰਮੀ ਰੇਖਾ ਹੈ ਜਿਸ ਦੀ ਕੀਮਤ ਜਾਂ value 0 ਡਿਗਰੀ ਲੈਟੀਚਿਊਡ ਹੈ। ਇਸ ਰੇਖਾ ਤੋਂ ਜਿਉਂ ਜਿਉਂ ਅਸੀਂ ਉੱਤਰੀ ਜਾਂ ਦੱਖਣੀ ਧਰੁਵ ਵੱਲ ਜਾਂਦੇ ਹਾਂ ਲੈਟੀਚਿਊਡ ਵਧਦਾ ਜਾਂਦਾ ਹੈ। ਇਸ ਦੀ ਸਿਖਰ 90 ਡਿਗਰੀ ਹੈ ਜੋ ਕਿ ਧਰੁਵਾਂ ਦੀ ਡਿਗਰੀ। ਜਿਤਨਾ ਕੋਈ ਇਲਾਕਾ ਭੂ-ਮੱਧ ਰੇਖਾ ਦੇ ਨਜਦੀਕ ਹੋਵੇਗਾ ਉਤਨਾ ਹੀ ਗਰਮ ਹੋਵੇਗਾ ਕਿਉਂਕਿ ਇਸ ਰੇਖਾ ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ। ਭਾਰਤ ਦਾ ਵੱਡਾ ਹਿੱਸਾ 8 ਡਿਗਰੀ ਉੱਤਰ ਅਤੇ 37 ਡਿਗਰੀ ਉੱਤਰ ਲੈਟੀਚਿਊਡ ਵਿਚ ਸਥਿਤ ਹੈ। ਇਸ ਕਰਕੇ ਇਸ ਦਾ ਪੌਣ ਪਾਣੀ ਗਰਮ ਜਾਂ Tropical ਹੈ। ਇਸੇ ਕਾਰਨ ਹੀ ਅੰਤਲੇ ਬਰਫ਼ ਯੁਗ (The Pleistocene Ice Ages) ਵਿਚ ਗਲੇਸ਼ੀਅਰ ਅਤੇ ਬਰਫ ਦੀ ਚਾਦਰ ਹਿਮਾਲਾ ਤੱਕ ਸੀਮਤ ਹੋ ਗਈ। ਇਸ ਨਾਲ ਮਨੁੱਖ ਨੂੰ ਭਾਰਤ ਵਿਚ ਪਹਿਲਾਂ ਵੱਸਣ ਦਾ ਮੌਕਾ ਮਿਲਿਆ।

## 2) ਸਮੁੰਦਰ ਤੋਂ ਉਚਾਈ :-

ਜਿਤਨਾ ਕੋਈ ਸਥਾਨ ਸਮੁੰਦਰ ਤੋਂ ਉੱਚਾ ਹੋਵੇਗਾ ਉਥੇ ਉਤਨੀ ਹੀ ਹਵਾ ਪਤਲੀ/ਹਲਕੀ ਹੋਵੇਗੀ ਤੇ ਤਾਪਮਾਨ ਘੱਟ ਹੋਵੇਗਾ। ਠੀਕ ਇਸ ਕਰਕੇ ਹਿਮਾਲਾ ਅਤੇ ਇਸ ਦੇ ਸਮਾਨਅੰਤਰ ਕਰਾਕੁਰਮ ਰੇਂਜ ਜਿਹੜੇ ਕਿ ਦੁਨੀਆਂ ਦੇ ਸਭ ਤੋਂ ਉੱਚੇ ਪਹਾੜ ਹਨ ਉਨ੍ਹਾਂ ਵਿਚ ਤਾਪਮਾਨ ਲਗਭਗ ਉਤਨਾ ਹੀ ਠੰਢਾ ਹੈ ਜਿਤਨਾ ਉੱਤਰੀ ਜਾਂ ਦੱਖਣੀ ਧਰੁਵ ਉਪਰ। ਇਹ ਠੰਢੇ ਪੌਣ ਪਾਣੀ ਦੇ (Alpine) ਖੇਤਰ ਹਨ। ਦੱਖਣੀ ਬਲਾਕ ਵਿਚ ਵੀ ਉੱਪਰ ਉਠੀਆਂ ਪਠਾਰਾਂ ਨੀਵੀਆਂ ਧਰਤੀਆਂ ਨਾਲੋਂ ਹਲਕੇ ਤਾਪਮਾਨ ਵਾਲੀਆਂ ਹਨ।

## ਹਿਮਾਲਾ ਤੇ ਪੌਣ ਪਾਣੀ :-

ਹਿਮਾਲਾ ਵੀ ਜਮੀਨੀ ਭਾਰਤ ਨੂੰ ਗਰਮ ਰੱਖਣ ਵਿਚ ਸਹਾਈ ਹੁੰਦਾ ਹੈ। ਉੱਤਰੀ ਠੰਢੀਆਂ ਹਵਾਵਾਂ ਨੂੰ ਇਹ ਰੋਕਦਾ ਹੈ। ਇਸ ਕਰਕੇ ਉੱਤਰੀ ਭਾਰਤ ਦੇ ਮੈਦਾਨ ਅਮਰੀਕਾ ਦੇ ਮੈਦਾਨਾਂ ਨਾਲੋਂ ਜਿਆਦਾ ਨਿੱਘੇ ਰਹਿੰਦੇ ਹਨ।

## ਸਮੁੰਦਰ ਤੇ ਪੌਣ ਪਾਣੀ

ਦੱਖਣੀ ਪੈਨਿਨਸੂਲਾ ਦੇ ਦੋਵੇਂ ਪਾਸੇ ਸਮੁੰਦਰ - ਪੱਛਮ ਵਿਚ ਅਰਬ ਸਾਗਰ ਤੇ ਪੂਰਬ ਵਿਚ ਖਾੜੀ ਬੰਗਾਲ - ਹੋਣ ਕਰਕੇ ਦੱਖਣ ਵਿਚ ਤਾਪਮਾਨ ਦਰਮਿਆਨਾ ਜਾਂ ਮਾਡਰੇਟ ਰਹਿੰਦਾ ਹੈ ਕਿਉਂਕਿ ਧਰਤੀ ਦੇ ਮੁਕਾਬਲੇ ਪਾਣੀ ਦੇਰੀ ਨਾਲ ਗਰਮ ਜਾਂ ਠੰਢਾ ਹੁੰਦਾ ਹੈ। ਇਥੇ ਧਰਤੀ ਤੇ ਤਾਪਮਾਨ ਵਧਣ ਦੀ ਸੂਰਤ ਵਿਚ ਸਮੁੰਦਰ ਵਲੋਂ ਠੰਢੀ ਹਵਾ ਚਲਦੀ ਹੈ ਤੇ ਜਲਦੀ ਉਸ ਨੂੰ ਠੰਢਾ ਕਰ ਦਿੰਦੀ ਹੈ।

### ਬਾਰਸ਼ ਜਾਂ Precipitation :-

ਭਾਰਤ ਦੀ ਮਾਨਸੂਨ ਧਰਤੀ ਉੱਪਰ ਅਤੇ ਅਰਬ ਸਾਗਰ ਤੇ ਖਾੜੀ ਬੰਗਾਲ ਦੇ ਤਾਪਮਾਨਾਂ ਤੇ ਨਿਰਭਰ ਹੈ।

ਤਾਪਮਾਨ ਵਧਣ ਨਾਲ ਹਵਾ ਦੀਆਂ ਲਹਿਰਾਂ ਉਠਦੀਆਂ ਹਨ ਪਰੰਤੂ ਹਿਮਾਲਾ ਪਹਾੜ ਜਿਹੜਾ ਕਿ ਉੱਤਰ ਤੋਂ ਦੱਖਣ ਵੱਲ ਚੌੜਾ ਹੀ ਨਹੀਂ ਸਗੋਂ ਜਿਸ ਦੀਆਂ ਭੁਜਾਵਾਂ ਪੂਰਬ ਤੇ ਪੱਛਮ ਵਿਚ ਵੀ ਸਮੁੰਦਰ ਤੱਕ ਫੈਲੀਆਂ ਹਨ ਇਨ੍ਹਾਂ ਨੂੰ ਉਪ-ਮਹਾਦੀਪ ਨੂੰ ਪਾਰ ਨਹੀਂ ਕਰਨ ਦਿੰਦਾ ਅਤੇ ਨਾ ਹੀ ਏਸ਼ੀਆ ਦੀਆਂ ਮੁੱਖ ਭੂਮੀਆਂ ਵਲੋਂ ਹਵਾ ਨੂੰ ਭਾਰਤ ਆਉਣ ਦਿੰਦਾ ਹੈ। ਫਲਸਰੂਪ ਸਿਰਫ ਅਰਬ ਸਾਗਰ ਤੇ ਖਾੜੀ ਬੰਗਾਲ ਵਲੋਂ ਹੀ ਸਮੁੰਦਰੀ ਪਾਣੀ ਨਾਲ ਭਰੀ ਹਵਾ ਆ ਸਕਦੀ ਹੈ। ਇਨ੍ਹਾਂ ਹਵਾਵਾਂ ਨੂੰ ਦੱਖਣ-ਪੱਛਮੀ ਮਾਨਸੂਨ ਕਹਿੰਦੇ ਹਨ। ਖਾੜੀ ਬੰਗਾਲ ਵਲੋਂ ਉੱਠੀ ਹਵਾ ਹਿਮਾਲਾ ਨਾਲ ਟਕਰਾ ਕੇ ਪੱਛਮ ਵੱਲ ਮੁੜਦੀ ਹੈ ਤੇ ਗੰਗਾ ਅਤੇ ਸਿੰਧ ਦੇ ਮੈਦਾਨਾਂ ਨੂੰ ਪਾਰ ਕਰਦੀ ਹੈ। ਇਹ ਜਿਉਂ ਜਿਉਂ ਪੱਛਮ ਵੱਲ ਅੱਗੇ ਵਧਦੀ ਹੈ ਬਾਰਸ਼ ਘਟਦੀ ਜਾਂਦੀ ਹੈ। ਇਸ ਕਰਕੇ ਰਾਜਸਥਾਨ ਅਤੇ ਸਿੰਧ ਦਾ ਥਾਰ ਮਾਰੂਥਲ (The Thar Dessert) ਭਾਰਤ ਦਾ ਸਭ ਤੋਂ ਘੱਟ ਬਾਰਸ਼ ਵਾਲਾ ਖਿੱਤਾ ਹੈ।

ਸਰਦੀਆਂ ਵਿਚ ਮਾਨਸੂਨ ਦੀ ਦਿਸ਼ਾ ਉਲਟੀ ਹੁੰਦੀ ਹੈ। ਹੁਣ ਇਹ ਠੰਢੇ ਇਲਾਕਿਆਂ ਤੋਂ ਸਮੁੰਦਰ ਵੱਲ ਚਲਣ ਵਾਲੀਆਂ ਤੇ ਸਥਾਨਕ ਹਵਾਵਾਂ ਹੁੰਦੀਆਂ ਹਨ। ਇਸ ਕਰਕੇ ਸਰਦੀ ਵਿਚ ਮੀਂਹ ਘੱਟ ਪੈਂਦੇ ਹਨ। ਪਰੰਤੂ ਆਂਧਰਾ ਪ੍ਰਦੇਸ਼ ਤੇ ਤੱਟੀ ਇਲਾਕੇ ਅਤੇ ਤਾਮਿਲਨਾਡੂ ਵਿਚ ਭਾਰੀ ਬਾਰਸ਼ ਹੁੰਦੀ ਹੈ ਕਿਉਂਕਿ ਉਥੇ ਸਰਦੀ ਦੀ ਮਾਨਸੂਨ ਖਾੜੀ ਬੰਗਾਲ ਵਲੋਂ ਆਉਣ ਕਰਕੇ ਪਾਣੀ ਨਾਲ ਭਰਪੂਰ ਹੁੰਦੀ ਹੈ।

## ਹਿਮਾਲਾ ਅਤੇ ਇਸ ਦਾ ਇਤਿਹਾਸ ਤੇ ਪ੍ਰਭਾਵ :-

ਇਹ ਪਹਾੜ ਧੁਰ ਉੱਤਰ ਪੱਛਮ ਵਿਚ ਪਾਮੀਰ (Pamir) ਤੋਂ ਸ਼ੁਰੂ ਹੁੰਦੇ ਹਨ। ਇਨ੍ਹਾਂ ਦੀ ਉੱਤਰੀ ਰੇਂਜ ਲਗਭਗ 2560 ਕਿਲੋਮੀਟਰ ਲੰਮੀ ਅਤੇ ਔਸਤ ਚੌੜਾਈ 240-320 ਕਿਲੋਮੀਟਰ ਹੈ। ਉੱਤਰ-ਪੱਛਮ ਵੱਲ ਦੋ ਮਸ਼ਹੂਰ ਦਰ੍ਹੇ (Passes) ਖੈਬਰ ਅਤੇ ਬੋਲਾਨ ਹਨ। ਖੈਬਰ ਪੰਜਾਬ ਨੂੰ ਪਿਸ਼ਾਵਰ ਵਾਦੀ ਨਾਲ ਜੋੜਦਾ ਹੈ ਅਤੇ ਬੋਲਾਨ ਸਿੰਧ ਨੂੰ ਕੰਧਾਰ ਨਾਲ। ਅਨੇਕਾਂ ਵਿਦੇਸ਼ੀ ਹਮਲਾਵਰ ਜਿਵੇਂ ਕਿ ਇਰਾਨੀ, ਯੂਨਾਨੀ, ਸਿਥੀਅਨ, ਅਫਗਾਨ, ਮੰਗੋਲ ਇਨ੍ਹਾਂ ਦੱਰ੍ਹਿਆਂ ਰਾਹੀਂ ਆਏ।

## ਪੱਛਮੀ ਹਿਮਾਲਾ :-

ਇਹ ਤਿੰਨ ਮਹੱਤਵਪੂਰਨ ਰੇਂਜਾਂ ਤੋਂ ਬਣਿਆ ਹੋਇਆ ਹੈ। ਇਹ ਹਨ -

(ੳ) ਅੰਦਰਲੀ ਰੇਂਜ ਜਾਂ ਲਦਾਖ ਰੇਂਜ

(ਅ) ਵਿਚਕਾਰਲੀ ਰੇਂਜ ਜਾਂ ਜਾਸ਼ਕਰ ਰੇਂਜ

(ੲ) ਬਾਹਰੀ ਰੇਂਜ ਜਾਂ ਪੀਰ ਪੰਜਾਲ ਰੇਂਜ

ਕਸ਼ਮੀਰ ਦੇ ਉੱਤਰ ਵਿਚ *ਕਰਾਕੁਰਮ ਰੇਂਜ* ਹੈ ਜਿੱਥੇ ਕਿ ਦੁਨੀਆ ਦੀ ਦੂਸਰੀ ਸਭ ਤੋਂ ਉੱਚੀ ਚੋਟੀ ਮਾਊਂਟ ਗਾਡਵਿਨ ਆਸ਼ਟਨ ਹੈ। ਹਿੰਦੂਕੁਸ਼ ਇਸ ਦਾ ਇਕ ਹੋਰ ਹਿੱਸਾ ਹੈ। ਇਸੇ ਦੇ ਅੰਦਰ ਹੀ ਲੇਹ, ਗਿਲਗਿਟ ਅਤੇ ਚਿਤਰਾਲ ਦੀਆਂ ਘਾਟੀਆਂ ਹਨ। ਹਿੰਦੂਕੁਸ਼ ਦੇ ਦੱਖਣ ਵਿਚ *ਸੁਫ਼ੈਦ ਕੋਹ* ਅਤੇ *ਸੁਲੇਮਾਨ ਰੇਂਜਾਂ* ਹਨ। ਸੁਲੇਮਾਨ ਰੇਂਜ ਭਾਰਤ ਨੂੰ ਅਫਗਾਨਿਸ਼ਤਾਨ ਤੋਂ ਵੱਖ ਕਰਦੀ ਹੈ। ਇਸੇ ਤਰ੍ਹਾਂ *ਕਿਰਥਾਰ ਪਹਾੜੀਆਂ* ਇਸ ਨੂੰ ਬਲੋਚਿਸਤਾਨ ਤੋਂ ਵੱਖ ਕਰਦੀਆਂ ਹਨ।

## ਪੂਰਬੀ ਹਿਮਾਲਾ:-

ਪੂਰਬ ਵਿਚ ਹਿਮਾਲਾ ਦੇ ਮਹੱਤਵਪੂਰਨ Spur (ੳ) ਪਟਕੋਈ (ਅ) ਨਾਗਾ (Naga) ਤੇ (ੲ) ਲੁਸ਼ਾਈ ਪਹਾੜੀਆਂ ਹਨ। ਇਹ ਭਾਰਤ ਭੂਮੀ ਨੂੰ ਬਰਮਾ ਦੀ ਇਰਾਵਦੀ (Irrawadi) ਘਾਟੀ ਤੋਂ ਵੱਖ ਕਰਦੀਆਂ ਹਨ।

## ਅਰਾਵਲੀ ਪਹਾੜ ਤੇ ਰਾਜਸਥਾਨ :-

ਉੱਤਰ ਵਿਚ ਹਿਮਾਲਾ ਅਤੇ ਦੱਖਣ ਵਿਚ ਪਠਾਰ ਦੇ ਵਿਚਕਾਰ ਅਰਾਵਲੀ ਪਹਾੜ ਹਨ। ਰਣਕੱਛ ਤੋਂ ਸ਼ੁਰੂ ਹੋਇਆ ਮਾਰੂਥਲ ਤੇ ਅਰਾਵਲੀ ਪਹਾੜ ਸਿੰਧ ਅਤੇ ਗੰਗਾਂ ਦੇ ਮੈਦਾਨ ਨੂੰ ਦੋ ਹਿੱਸਿਆਂ ਵਿਚ ਵੰਡਦੇ ਹਨ। ਅਰਾਵਲੀ ਰਾਜਪੂਤਾਨੇ ਉੱਪਰ ਬੀਮ ਦੀ ਤਰ੍ਹਾਂ ਹੈ ਅਤੇ ਇਸ ਨੂੰ ਗੰਗਾ ਦੇ ਮੈਦਾਨ ਤੋਂ ਵੱਖ ਕਰਦਾ ਹੈ। ਥਾਰ ਦਾ ਮਾਰੂਥਲ ਕਿਸੇ ਵੇਲੇ ਰਣਕੱਛ ਤੋਂ ਹਰਿਆਣੇ ਤੱਕ ਫੈਲਿਆ ਹੋਇਆ ਸੀ। ਅਰਾਵਲੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਅਬੂ ਹੈ (5650 ਫੁੱਟ) ਬਹੁਤੇ ਹਮਲਾਵਰ ਗੰਗ-ਜਮਨਾ ਵਾਦੀ ਉੱਪਰ ਕਬਜਾ ਕਰਨ ਤੋਂ ਬਾਅਦ ਹੀ ਦੱਖਣ ਵੱਲ ਵਧੇ। ਇਸ ਕਰਕੇ ਗੰਗਾ ਦੇ ਪੱਛਮ ਵਿਚ ਸਥਿਤ ਦਿੱਲੀ ਫੌਜੀ ਤੇ ਰਾਜਨੀਤਕ ਪੱਖੋਂ ਮਹੱਤਵਪੂਰਨ ਬਣੀ। ਭਾਰਤੀ ਇਤਿਹਾਸ ਦੀਆਂ ਫੈਸਲਾਕੁਨ ਲੜਾਈਆਂ ਕੁਰੂਕਸ਼ੇਤਰ, ਤਰਾਈਨ ਤੇ ਪਾਣੀਪਤ ਵਿਚ ਲੜੀਆਂ ਗਈਆਂ।

## ਉੱਤਰੀ ਤੇ ਦੱਖਣੀ ਭਾਰਤ :-

ਵਿੰਧੀਆ ਅਤੇ ਸਤਪੁੜਾ ਪਹਾੜ ਅਤੇ ਨਰਬਦਾ ਅਤੇ ਤਾਪਤੀ ਦਰਿਆ ਉੱਤਰੀ ਭਾਰਤ ਨੂੰ ਦੱਖਣੀ ਭਾਰਤ ਨਾਲੋਂ ਵੱਖ ਕਰਦੇ ਹਨ। ਦੱਖਣੀ ਭਾਰਤ ਨਸਲ, ਭਾਸ਼ਾ ਅਤੇ ਸਮਾਜਿਕ ਰੀਤੀ ਰਿਵਾਜਾਂ ਵਿਚ ਕਾਫੀ ਵੱਖਰਾ ਹੈ। ਦੱਖਣ ਦੀ ਪਠਾਰ ਦੇ ਪੂਰਬ ਵਿਚ ਪੂਰਬੀ ਘਾਟ ਅਤੇ ਪੱਛਮ ਵਿਚ ਪੱਛਮੀ ਘਾਟ ਹਨ। ਇਹ ਦੋਵੇਂ ਘਾਟ ਨੀਲਗਿਰੀ ਪਹਾੜੀਆਂ ਰਾਹੀਂ ਇਕੱਠੇ ਹੁੰਦੇ ਹਨ। ਪੂਰਬੀ ਘਾਟ ਅਤੇ ਖਾੜੀ ਬੰਗਾਲ ਦੇ ਵਿਚਕਾਰ ਕੋਰੋਮੰਡਲ ਤੱਟ ਹੈ। ਇਸੇ ਤਰ੍ਹਾਂ ਅਰਬ ਸਾਗਰ ਤੇ ਪੱਛਮੀ ਘਾਟ ਵਿਚਕਾਰ ਇਲਾਕੇ ਨੂੰ ਕੋਣਕੁਨ ਕਿਹਾ ਜਾਂਦਾ ਹੈ। ਇਹ ਗੋਆ ਤੱਕ ਫੈਲਿਆ ਹੋਇਆ ਹੈ। ਗੋਆ ਤੋਂ ਅਗਲੇ ਹਿੱਸੇ ਨੂੰ ਕਨਾਰਾ ਜਾਂ ਕਰਨਾਟਕ ਅਤੇ ਇਸ ਦੇ ਧੁਰ ਦੱਖਣੀ ਹਿੱਸੇ ਨੂੰ ਮਾਲਾਬਾਰ ਜਾਂ ਕੇਰਲਾ ਆਖਦੇ ਹਨ।

ਕ੍ਰਿਸ਼ਨਾ ਅਤੇ ਤੁੰਗਭੱਦਰਾ ਦਰਿਆਵਾਂ ਦੇ ਦੱਖਣੀ ਹਿੱਸੇ ਦਾ ਆਪਣਾ ਸਰੂਪ ਹੈ। ਇਹ ਦਰਾਵੜ ਭੂਮੀ ਹੈ ਜੋ ਪ੍ਰਾਚੀਨ ਕਾਲ ਤੋਂ ਹੀ ਵਿਕਸਿਤ ਸੀ।

## ਦਰਿਆਵਾਂ ਦੀ ਮਹੱਤਤਾ :-

ਮਨੁੱਖ ਦੀਆਂ ਹੋਰ ਸਭਿਅਤਾਵਾਂ ਵਾਂਗ ਭਾਰਤੀ ਮੁਢਲੀ ਸਭਿਅਤਾ - ਸਿੰਧ ਘਾਟੀ ਸਭਿਅਤਾ ਵੀ ਦਰਿਆਵਾਂ ਦੇ ਕਿਨਾਰਿਆਂ ਉੱਪਰ ਵਸੀ। ਦਰਿਆ ਪ੍ਰਾਚੀਨ ਕਾਲ ਲਈ ਹੀ ਮਹੱਤਵਪੂਰਨ ਨਹੀਂ ਸਨ ਸਗੋਂ ਆਧੁਨਿਕ ਸਮਿਆਂ ਵਿਚ ਵੀ। ਅੰਗਰੇਜਾਂ ਦੀ ਉੱਤਰੀ ਭਾਰਤ ਵਿਚ ਸਫਲਤਾ ਦਾ ਕਾਰਨ ਪਹਿਲਾਂ ਬੰਗਾਲ ਤੇ ਗੰਗਾ-ਵਾਦੀ ਦੇ ਪਾਣੀਆਂ (ਦਰਿਆਈ-ਰਸਤਿਆਂ) ਉੱਪਰ ਫਿਰ ਸਿੰਧ ਦਰਿਆਵਾਂ ਉੱਪਰ ਕਬਜਾ ਸੀ।

## ਸਿੰਧ ਦਰਿਆ :-

ਸਿੰਧ ਦਰਿਆ 2880 ਕਿਲੋਮੀਟਰ ਲੰਮਾ ਹੈ। ਇਸ ਦੀ ਮੁੱਖ ਧਾਰਾ ਸਤਲੁਜ ਹੈ। ਚਨਾਬ (ਝਨਾ), ਰਾਵੀ ਅਤੇ ਬਿਆਸ ਦਾ ਪਾਣੀ ਵੀ ਸਿੰਧ ਦਰਿਆ ਵਿਚ ਪੈਂਦਾ ਹੈ। ਇਹ ਪੰਜਾਬ ਅਤੇ ਸਿੰਧ ਸੂਬਿਆਂ ਨੂੰ ਖੁਸ਼ਕੀ ਤੋਂ ਬਚਾਉਂਦਾ ਹੈ। ਰਣਕੱਛ ਵਿਚ ਇਸ ਦੇ ਮੁਹਾਣੇ (The Mouth) ਤੋਂ ਲੈ ਡੇਰਾ ਇਸਮਾਈਲ ਖਾਨ ਤੱਕ (1280 ਕਿ.ਮੀਟਰ ਤੱਕ) ਸਿੰਧ ਦਰਿਆ ਵਿਚ ਆਵਾਜਾਈ ਹੋ ਸਕਦੀ ਹੈ।

ਸਿੰਧ ਦਰਿਆ ਹੀ ਸਿੰਧ ਘਾਟੀ ਦਾ ਜਨਮਦਾਤਾ ਸੀ। ਪਰੰਤੂ ਇਹ ਇਸਦਾ ਵੈਰੀ ਵੀ ਸਾਬਤ ਹੋਇਆ ਕਿਉਂਕਿ ਇਸ ਸਭਿਅਤਾ ਦਾ ਦੂਸਰਾ ਮਹੱਤਵਪੂਰਨ ਸ਼ਹਿਰ ਮੋਹਿਜੋਦਾੜੋ ਅਨੇਕਾਂ ਵਾਰ ਹੜਾਂ ਦਾ ਸ਼ਿਕਾਰ ਹੋਇਆ ਤੇ ਅੰਤ ਮਿਟ ਗਿਆ। ਇਕ ਹਜ਼ਾਰ ਈ. ਪੂਰਵ ਤੱਕ ਸਿੰਧੂ ਭੂਮੀ ਜਾਂ ਸਪਤਸਿੰਧੂ ਭਾਰਤੀ ਇਤਿਹਾਸ ਉੱਪਰ ਛਾਈ ਰਹੀ। ਇਸ ਤੋਂ ਪਿਛੋਂ ਇਸ ਦੇ ਪਤਨ ਦੇ ਅਨੇਕਾਂ ਕਾਰਨ ਸਨ ਜਿਵੇਂ ਕਿ ਆਰੀਅਨ ਜਾਤੀ ਦਾ ਗੰਗਾ-ਜਮਨਾ ਵਾਦੀ ਵਿਚ ਪਰਵੇਸ ਤੇ ਵਿਕਾਸ ਜਾਂ 200 ਈ. ਪੂਰਵ ਪਿਛੋਂ ਬਦੇ

ਸ਼ੀਆਂ ਦੇ ਹਮਲੇ। ਗੰਗਾ–ਜਮਨਾ ਵਾਦੀ ਦੇ ਤੇਜੀ ਨਾਲ ਵਿਕਸਿਤ ਹੋਣ ਦਾ ਇਕ ਕਾਰਨ ਲੋਹੇ ਦੀ ਖੋਜ ਸੀ।

## ਗੰਗਾ :–

ਗੰਗਾ ਕੇਂਦਰੀ ਹਿਮਾਲਾ ਚੋਂ ਨਿਕਲਦੀ ਹੈ। ਕੁਝ ਲੰਬਾਈ 2480 ਕਿ. ਮੀਟਰ ਹੈ। 288 ਕਿਲੋਮੀਟਰ ਦੇ ਵਹਿਣ ਬਾਅਦ ਇਹ ਹਰਦੁਆਰ ਪਹੁੰਚਦੀ ਹੈ। ਅਗਲੇ 1600 ਕਿ. ਮੀਟਰ ਦੇ ਸਫ਼ਰ ਵਿਚ ਇਸ ਦੀਆਂ ਸ਼ਾਖਾਵਾਂ (1) ਜਮਨਾ, (2) ਗੋਗਰਾ (Gogra) ਅਤੇ (3) ਕੋਸੀ ਇਸ ਨੂੰ ਆ ਮਿਲਦੀਆਂ ਹਨ। ਪ੍ਰਾਚੀਨ ਗੌੜ ਪੁੱਜ ਕੇ ਗੰਗਾ ਦੋ ਸ਼ਾਖਾਵਾਂ ਵਿਚ ਵੰਡੀ ਜਾਂਦੀ ਹੈ। ਇਹ ਹਨ (1) ਭਾਗੀਰਥੀ ਤੇ (2) ਪਦਮਾ।

## ਬ੍ਰਹਮਪੁੱਤਰ :–

ਇਸ ਦੀ ਲੰਬਾਈ ਵੀ ਲਗਭਗ 2880 ਕਿਲੋਮੀਟਰ ਹੈ। ਇਸ ਦੀ ਤਿੱਬਤੀ ਨਾਮ ਜਾਨ ਪੋ (Tsan Po) ਹੈ। ਅਸਾਮ ਵਿਚ ਤਿੰਨ ਹੋਰ ਨਦੀਆਂ ਮਿਲਣ ਤੋਂ ਪਿਛੋਂ ਇਸ ਨੂੰ ਬ੍ਰਹਮਪੁੱਤਰ ਕਿਹਾ ਜਾਂਦਾ ਹੈ। ਅਸਾਮ ਦੀ ਸਾਰੀ ਘਾਟੀ ਪਾਰ ਕਰਕੇ ਇਹ ਬੰਗਾਲ ਵਿਚ ਦਾਖਲ ਹੁੰਦਾ ਹੈ ਜਿੱਥੇ ਪਦਮਾ ਇਸ ਨੂੰ ਆ ਮਿਲਦੀ ਹੈ। ਇਹ ਖਾੜੀ ਬੰਗਾਲ ਵਿਚ ਡਿੱਗਣ ਤੋਂ ਲੈ ਕੇ ਅਸਾਮ ਵਿਚ ਡਿਬਰੂਗੜ੍ਹ ਤੱਕ ਆਵਾਜਾਈ ਲਈ ਯੋਗ ਹੈ।

## ਨਰਬਦਾ :–

ਇਹ ਅਮਰਕੰਟਕ ਤੋਂ ਨਿਕਲਦੀ ਹੈ ਤੇ ਜਬਲਪੁਰ ਦੇ ਦੱਖਣ ਵੱਲ ਹੋ ਕੇ ਮੱਧ ਪ੍ਰਦੇਸ਼ ਤੇ ਗੁਜਰਾਤ ਨੂੰ ਪਾਰ ਕਰਦੀ ਕੈਮਬੇ ਖਾੜੀ ਵਿਚ ਜਾ ਡਿਗਦੀ ਹੈ।

## ਤਾਪਤੀ:–

ਨਰਬਦਾ ਦੀ ਤਰ੍ਹਾਂ ਤਾਪਤੀ ਵੀ ਪੱਛਮ ਵੱਲ ਕੈਮਬੇ ਦੀ ਖਾੜੀ ਵਿਚ ਸਮਾਪਤ ਹੁੰਦੀ ਹੈ। ਸ਼ੁਰੂ ਵਿਚ ਇਹ ਸਤਪੁੜਾ ਤੋਂ ਹੁੰਦੀ ਹੈ। ਖਾਨਦੇਸ਼ ਤਾਪਤੀ ਵਾਦੀ ਵਿਚ ਸਥਿਤ ਹੈ।

## ਗੋਦਾਵਰੀ:–

1440 ਕਿ. ਮੀਟਰ ਲੰਬੀ ਗੋਦਾਵਰੀ ਮਹਾਂਰਾਸ਼ਟਰ ਦੇ ਸ਼ਹਿਰ ਨਾਸਿਕ ਪਾਸੋਂ ਨਿਕਲਦੀ ਹੈ। ਇਸ ਦੀਆਂ 4 ਹੋਰ ਸ਼ਾਖਾਵਾਂ ਹਨ।

## ਕ੍ਰਿਸ਼ਨਾ:–

ਮਹਾਂਰਾਸ਼ਟਰ ਵਿਚ ਮਹਾਬਲੇਸ਼ਵਰ ਤੋਂ ਸ਼ੁਰੂ ਹੋ ਕੇ ਇਹ ਪੂਰਬ ਵੱਲ ਮੈਸੂਰ ਅਤੇ ਆਂਧਰਾ ਪ੍ਰਦੇਸ਼ ਰਾਹੀਂ ਲੰਘਦੀ ਹੈ।

## ਤੁੰਗਭੱਦਰਾ :–

ਤੁੰਗਭੱਦਰਾ ਦਰਿਆ ਦੋ ਨਦੀਆਂ ਤੁੰਗ ਅਤੇ ਭੱਦਰਾ ਤੋਂ ਬਣਦੀ ਹੈ। ਭੱਦਰਾ ਦਾ ਜਨਮ ਪੱਛਮੀ ਮੈਸੂਰ (ਕਰਨਾਟਕ) ਦੇ ਨੇੜੇ ਬਾਬਾਦੁਆਨ ਪਹਾੜੀਆਂ ਵਿਚ ਹੁੰਦਾ ਹੈ। ਤੁੰਗਭੱਦਰਾ ਦਰਿਆ ਹੀ ਬਦਾਮੀ ਦੇ ਚਾਲੂਕੀਆ ਨੂੰ ਕਲਿਆਣੀ ਦੇ ਚਾਲੂਕੀਆ ਤੋਂ ਵੱਖ ਕਰਦਾ ਸੀ ਤੇ ਇਹ ਦਰਿਆ ਹੀ ਰਾਸ਼ਟਰਕੂਟਾ, ਪੱਲਵਾਂ ਤੇ ਚੋਲਾਂ (The Chola) ਦੀ ਸੀਮਾ ਸੀ।

## ਕਵੇਰੀ :–

ਇਹ ਕੁਰਗ (Coorg) ਪਾਸੋਂ ਨਿਕਲਦੀ ਹੈ। ਕਵੇਰੀ ਡੈਲਟਾ ਤਾਮਿਲ ਸਭਿਆਚਾਰ ਦਾ ਕੇਂਦਰੀ ਹਿੱਸਾ ਹੈ। ਤਾਮਿਲ ਸਾਹਿਤ ਵਿਚ ਇਸ ਨੂੰ ਉਤਨਾ ਹੀ ਪਵਿੱਤਰ ਕਿਹਾ ਗਿਆ ਹੈ ਜਿਤਨਾ ਸੰਸਕ੍ਰਿਤ ਸਾਹਿਤ ਵਿਚ ਗੰਗਾ ਨੂੰ।

## ਹਿਮਾਲੀਅਨ ਤੇ ਦੱਖਣੀ ਦਰਿਆਵਾਂ ਵਿਚ ਅੰਤਰ :-

ਹਿਮਾਲਾ ਤੋਂ ਨਿਕਲਣ ਵਾਲੇ ਜਾਂ ਉੱਤਰੀ ਭਾਰਤ ਦੇ ਦਰਿਆ ਬਰਫ ਤੇ ਨਿਰਭਰ ਹੋਣ ਕਰਕੇ ਸਾਰਾ ਸਾਲ ਵਗਦੇ ਹਨ। ਦੱਖਣੀ ਭਾਰਤ ਜਾਂ ਪੈਨਿਨਸੂਲਰ ਦਰਿਆ ਸਿਰਫ ਮਾਨਸੂਨ ਤੇ ਨਿਰਭਰ ਹਨ ਇਸ ਕਰਕੇ ਮੌਸਮੀ ਹਨ।

(2) ਉੱਤਰੀ ਭਾਰਤ ਦੇ ਦਰਿਆ ਮੈਦਾਨਾਂ ਵਿਚ ਵਗਣ ਕਰਕੇ ਆਵਾਜਾਈ ਤੇ ਸਿੰਜਾਈ ਲਈ ਉਪਯੋਗੀ ਹਨ। ਦੱਖਣੀ ਦਰਿਆ ਇਹ ਔਗੁਣ ਨਹੀਂ ਰੱਖਦੇ।

## ਦਰਿਆਵਾਂ ਦੀ ਹੋਰ ਇਤਿਹਾਸਕ ਮਹੱਤਤਾ:-

ਦਰਿਆ ਰਾਜਨੀਤਕ ਤੇ ਸਭਿਆਚਾਰਕ ਸਰਹੱਦਾਂ ਨੂੰ ਵੀ ਤਹਿ ਕਰਦੇ ਹਨ। ਮੰਹਿਜੋਦਾੜੋ, ਹਸਤਨਾਪੁਰ, ਪਰਿਆਗ ਤੇ ਪਾਟਲੀਪੁੱਤਰ (ਪਟਨਾ) ਵਰਗੇ ਸ਼ਹਿਰ ਦਰਿਆਵਾਂ ਕਿਨਾਰੇ ਹੀ ਵਸੇ। ਸਿੰਧ ਸਭਿਅਤਾ ਸਿੰਧ ਕਿਨਾਰੇ, ਵੈਦਿਕ ਸਭਿਅਤਾ ਗੰਗਾ ਘਾਟੀ ਵਿਚ ਵਸੀ। ਲੋਅਰ ਗੰਗਾ ਘਾਟੀ ਨੇ ਗੁਪਤ ਸਾਮਰਾਜ ਨੂੰ ਜਨਮ ਦਿੱਤਾ। ਪੂਰਬੀ ਭਾਰਤ ਵਿਚ ਕਲਿੰਗਾ ਖੇਤਰ ਜਿਹੜਾ ਕਿ ਉੜੀਸਾ ਵਿਚ ਹੈ, ਵੀ ਮਹਾਂਨਦੀ ਤੇ ਗੋਦਾਵਰੀ ਦਰਿਆਵਾਂ ਵਿਚਕਾਰ ਹੈ। ਆਂਧਰਾ ਪ੍ਰਦੇਸ਼ ਗੋਦਾਵਰੀ ਤੇ ਕ੍ਰਿਸ਼ਨਾ ਵਿਚਕਾਰ ਅਤੇ ਤਾਮਿਲਨਾਡੂ ਕ੍ਰਿਸ਼ਨਾ ਤੇ ਕਾਵੇਰੀ ਵਿਚਕਾਰ ਹੈ। ਕਾਵੇਰੀ ਡੈਲਟਾ ਚੋਲਾ ਸਾਮਰਾਜ ਦਾ ਘਰ ਸੀ।

ਗੰਗਾ-ਜਮਨਾ ਵਾਦੀ ਵਿਚ ਮੱਧ ਪ੍ਰਦੇਸ਼ ਤੇ ਮਾਲਵੇ ਦੀ ਧਰਤੀ ਹੈ। ਮਾਲਵਾ ਗੁਜਰਾਤ ਦੀਆਂ ਕੁਦਰਤੀ ਬੰਦਰਗਾਹਾਂ ਦੀ ਪਿਸ਼ਟ ਭੂਮੀ ਹੈ। ਇਨ੍ਹਾਂ ਬੰਦਰਗਾਹਾਂ ਜਿਵੇਂ ਕਿ ਕੈਮਬੇ ਅਤੇ ਸੋਪਾਰਾ (Sopara) ਲਈ ਉੱਤਰ ਤੇ ਦੱਖਣੀ ਸ਼ਕਤੀਆਂ ਵਿਚ ਸੰਘਰਸ਼ ਚਲਦਾ ਰਿਹਾ।

## ਭੂਗੋਲ ਅਤੇ ਆਰਥਿਕਤਾ :-

ਪਹਾੜ, ਦਰਿਆ, ਘਾਟੀਆਂ ਅਤੇ ਜੰਗਲ ਮਨੁੱਖ ਵਿਚ ਆਪਣੇ ਆਸੇ ਪਾਸੇ ਬਾਰੇ ਚੇਤਨਾ ਪੈਦਾ ਕਰਦੇ ਹਨ ਤੇ ਇੰਜ ਫਿਲਾਸਫੀ, ਸਾਹਿਤ ਤੇ ਕਲਾ ਦਾ ਜਨਮ ਹੁੰਦਾ ਹੈ ਕਿਉਂਕਿ ਮਨ ਉਡਾਰੀ ਭਰਦਾ ਹੈ, ਦਰ੍ਹੇ ਅਤੇ ਸਮੁੰਦਰੀ ਤੱਟ ਵਸਤੂਆਂ ਤੇ ਵਿਚਾਰਾਂ ਦਾ ਵਟਾਂਦਰਾ ਸੰਭਵ ਬਣਾਉਂਦੇ ਹਨ। ਇੰਜ ਪਹਿਲਾਂ ਵਿਉਪਾਰ ਤੇ ਫਿਰ ਭਾਸ਼ਾਵਾਂ ਤੇ ਸਭਿਆਚਾਰ ਇਕ ਦੇਸ਼ ਤੋਂ ਦੂਸਰੇ ਦੇਸ਼ ਜਾਂਦੇ-ਆਉਂਦੇ ਹਨ। ਭਾਰਤ ਦੇ ਲੰਮੇ ਸਮੁੰਦਰੀ ਤਟਾਂ ਤੇ ਬੰਦਰਗਾਹਾਂ ਰਾਹੀਂ ਭਾਰਤੀ ਵਿਉਪਾਰ ਤੇ ਸਭਿਆਚਾਰ ਮਲਾਇਆ, ਸਿਆਮ ਜਾਵਾ ਤੇ ਹਿੰਦ ਚੀਨ (ਕੋਰੀਆ-ਵਿਤਨਾਮ) ਵੱਲ ਫੈਲਿਆ। ਪਰੰਤੂ ਇਹ ਕੋਈ ਫੌਜੀ ਜਾਂ ਰਾਜਸੀ ਵਿਸਥਾਰ ਨਹੀਂ ਸੀ।

ਉੱਤਰੀ ਭਾਰਤ ਦੇ ਉਪਜਾਊ ਮੈਦਾਨਾਂ ਖਾਸ ਕਰਕੇ ਗੰਗਾ-ਜਮਨਾ ਘਾਟੀ ਵਿਚ ਵਸੋਂ ਬੇਹੱਦ ਵਧੀ ਤੇ ਮਨੁੱਖ ਹੌਲੀ ਹੌਲੀ ਅਰਾਮਪ੍ਰਸਤ ਹੁੰਦੇ ਗਏ। ਸ਼ਾਂਤੀ ਹੋਣ ਕਰਕੇ ਫਿਲਾਸਫੀ ਤੇ ਸਾਹਿਤ ਤਾਂ ਭਾਵੇਂ ਵਿਕਸਿਤ ਹੋਏ ਪਰੰਤੂ ਯੁੱਧ ਤੇ ਯੁੱਧ ਕਲਾ ਉਨ੍ਹਾਂ ਹੀ ਇਲਾਕਿਆਂ ਵਿਚ ਵਿਕਸਿਤ ਹੋਏ ਜੋ ਕਿ ਮੁਕਾਬਲਨ ਘੱਟ ਉਪਜਾਊ ਤੇ ਘੱਟ ਸ਼ਹਿਰੀ ਸਨ। ਉੱਤਰੀ ਭਾਰਤ ਵਿਚ ਹੀ ਰਾਜਪੂਤ, ਸਿੱਖ ਤੇ ਕਿਸੇ ਹੱਦ ਤੱਕ ਮਰਾਠਿਆਂ ਵਰਗੀਆਂ ਲੜਾਕੂ ਜਾਤੀਆਂ ਦਾ ਜਨਮ ਹੋਇਆ। ਇਹ ਲੜਾਕੂ ਮੂਲ ਰੂਪ ਵਿਚ ਖੇਤੀ ਤੇ ਪੇਂਡੂ ਆਰਥਿਕਤਾ ਤੇ ਨਿਰਭਰ ਸਨ।

ਬੇਸ਼ਕ ਉੱਤਰ-ਪੱਛਮ-ਅਫਗਾਨਿਸਤਾਨ ਤੇ ਕੇਂਦਰੀ ਏਸ਼ੀਆ ਵੱਲੋਂ ਠੰਢੇ ਇਲਾਕਿਆਂ ਜਾਂ ਮਾਰੂਥਲ ਵਲੋਂ ਆਉਣ ਵਾਲੀਆਂ ਜੰਗਜੂ ਜਾਤੀਆਂ ਨਾਲ ਭਾਰਤੀਆਂ ਦਾ ਜੰਗ ਦੇ ਮੈਦਾਨ ਵਿਚ ਮਿਲਾਪ ਹੁੰਦਾ ਰਿਹਾ ਪਰੰਤੂ ਆਮ ਤੌਰ ਤੇ ਯੁੱਧ ਤਕਨੀਕ ਤੇ ਜੰਗੀ ਸਭਿਆਚਾਰ ਭਾਰਤੀਆਂ ਦੀ ਸੋਚ ਦਾ ਖਾਸ ਹਿੱਸਾ ਨਹੀਂ ਬਣ ਸਕਿਆ। ਸਗੋਂ ਹੌਲੀ ਹੌਲੀ ਵਿਦੇਸ਼ੀਆਂ ਪ੍ਰਤੀ ਮਨਫੀ ਨਜ਼ਰੀਆ ਹੀ ਵਿਕਸਿਤ ਹੁੰਦਾ ਗਿਆ। ਇਸ ਤਰ੍ਹਾਂ ਉੱਦਮ ਦੀ ਥਾਂ ਆਲਸ ਨੇ ਲੈ ਰੱਖੀ।

## ਕੁਦਰਤੀ ਸੰਪੱਤੀ ਅਥਵਾ ਬਨਸਪਤੀ ਤੇ ਜੰਗਲ :-

ਕੁਦਰਤੀ ਬਨਸਪਤੀ ਤੋਂ ਭਾਵ ਉਹ ਬਨਸਪਤੀ ਹੈ ਜਿਹੜੀ ਕਿ ਜੰਗਲਾਂ ਦੀ ਮਨੁੱਖ ਦੁਆਰਾ ਕਟਾਈ ਤੋਂ ਪਹਿਲਾਂ ਸੀ। ਇਸ ਕਟਾਈ ਦਾ ਕਾਰਨ ਖੇਤੀ ਲਈ ਜੰਗਲ ਦੀ ਸਫਾਈ ਵੀ ਹੋ ਸਕਦਾ ਹੈ ਅਤੇ ਚਰਾਗਾਹਾਂ ਵਿਚ ਚਰਦੇ ਪਸ਼ੂ ਵੀ। ਜ਼ਾਹਿਰ ਹੈ ਕੁਦਰਤੀ ਬਨਸਪਤੀ ਵਧੇਰੇ ਸੰਘਣੀ ਤੇ ਅਮੀਰ ਸੀ। ਖਾਸ ਕਰਕੇ ਜਿੱਥੇ ਬਾਰਸ਼ ਬਹੁਤ ਹੁੰਦੀ ਸੀ। ਬੰਗਾਲ ਤੇ ਉੜੀਸਾ ਤੱਟ ਉੱਪਰ ਜੰਗਲ ਸਿਲ੍ਹੇ ਤੇ ਸਦਾਬਹਾਰ ਸਨ। ਘੱਟ ਬਾਰਸ਼ ਵਾਲੇ ਇਲਾਕਿਆਂ ਵਿਚ ਪੇੜ ਮੌਸਮੀ ਸਨ ਕਿਉਂਕਿ ਸਾਲ ਵਿਚ ਇਕ ਵਾਰ ਪੱਤੇ ਸੁੱਟਦੇ ਸਨ। ਇਹ deciduous ਜੰਗਲ ਸਨ। ਇਨ੍ਹਾਂ ਦੀ ਕਟਾਈ ਜਾਂ ਦੁਰਉਪਯੋਗ ਕਾਰਨ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਵੱਡੇ ਹਿੱਸਿਆਂ ਵਿਚ tropical dry deciduous ਜੰਗਲ ਰਹਿ ਗਏ। ਕੁਦਰਤੀ ਬਨਸਪਤੀ ਦੇ ਖਾਤਮੇ ਦਾ ਇਕ ਹੋਰ ਵੀ ਕਾਰਨ ਸੀ। ਇੱਟਾਂ ਅਤੇ ਪੱਥਰ – ਚੂਨੇ ਦੇ ਇਸਤੇਮਾਲ ਤੋਂ ਪਹਿਲਾਂ ਇਮਾਰਤਾਂ ਜਾਂ ਘਰ ਲੱਕੜੀ ਦੇ ਹੁੰਦੇ ਸਨ। ਉਦਾਹਰਣ ਲਈ ਪਾਟਲੀਪੁੱਤਰ ਦਾ ਵਿਸ਼ਾਲ ਮੋਰੀਅਨ ਮਹੱਲ ਲੱਕੜੀ ਦਾ ਬਣਿਆ ਹੋਇਆ ਸੀ।

ਸਿੰਧ ਅਤੇ ਗੰਗਾ ਦੇ ਮੈਦਾਨ ਕਣਕ ਅਤੇ ਜੌਂ ਪੈਦਾ ਕਰਦੇ ਸਨ। ਜਦੋਂ ਕਿ ਵਿਚਕਾਰਲੇ ਅਤੇ ਹੇਠਲੇ ਗੰਗਾ ਦੇ ਮੈਦਾਨ ਚਾਵਲ।

ਤਾਂਬਾ ਆਮ ਤੌਰ ਤੇ ਛੋਟਾ ਨਾਗਪੁਰ ਪਲੈਟਿਊ ਖਾਸ ਕਰਕੇ ਸਿੰਘਭੂਮ ਵਿਚ ਮਿਲਦਾ ਸੀ। ਰਾਜਸਥਾਨ ਵਿਚ ਖੇਤਰੀ (Khetri) ਦੇ ਸਥਾਨ ਤੇ ਇਸ ਦੀਆਂ ਖਾਣਾਂ ਸਨ। ਇਸ ਦਾ ਇਸਤੇਮਾਲ ਹੜੱਪਾ-ਕਾਲ ਤੇ ਪੂਰਵ-ਵੈਦਿਕ ਕਾਲ ਵਿਚ ਹੁੰਦਾ ਸੀ। ਹੜੱਪਾ ਲਈ ਤਾਂਬਾ ਰਾਜਸਥਾਨ ਤੇ ਅਫਗਾਨਿਸਤਾਨ ਤੋਂ ਆਉਂਦਾ ਸੀ। ਲੋਹਾ ਬਿਹਾਰ, ਪੂਰਬੀ ਮੱਧ ਪ੍ਰਦੇਸ਼ ਤੇ ਕਰਨਾਟਕ ਵਿਚ ਮਿਲਦਾ ਸੀ। ਮਗਧ ਸਾਮਰਾਜ ਅਤੇ ਅਵੰਤੀ (ਉਜੈਨ) ਰਾਜ ਦਾ 6 ਸਦੀ ਈ. ਪੂਰਵ ਨਿਰਮਾਣ ਲੋਹੇ ਕਾਰਨ ਹੀ ਹੋਇਆ।

ਲੈਡ (Lead) ਆਂਧਰਾ ਵਿਚ ਮਿਲਦਾ ਸੀ। ਇਸ ਦੇ ਸਿੱਕੇ ਬਣਦੇ ਸਨ। ਪੰਚ ਮਾਰਕਡ ਸਿੱਕੇ ਚਾਂਦੀ ਦੇ ਬਣੇ ਸਨ ਜਿਹੜੀ ਕਿ ਖੜਗਪੁਰ ਦੀਆਂ ਪਹਾੜੀਆਂ ਵਿਚ ਮੁਗੇਰ ਦੇ ਸਥਾਨ ਤੇ ਮਿਲਦੀ ਸੀ। ਸੋਨੇ ਦੀਆਂ ਕੋਲਾਰ ਨਾਮਕ ਮਸ਼ਹੂਰ ਖਾਣਾਂ ਕਰਨਾਟਕ ਵਿਚ ਸਨ। ਬਹੁਤ ਸਾਰਾ ਸੋਨਾ ਕੇਂਦਰੀ ਏਸ਼ੀਆ ਤੇ ਰੋਮ ਸਾਮਰਾਜ ਤੋਂ ਵੀ ਮੰਗਵਾਇਆ ਜਾਂਦਾ ਸੀ।

## ਸਰਹੱਦਾਂ – ਬਾਹਰੀ ਅਤੇ ਅੰਦਰੂਨੀ :-

ਭਾਰਤ ਆਪਣੀ ਭਿੰਨਤਾ ਲਈ ਦੁਨੀਆਂ ਵਿਚ ਮਸ਼ਹੂਰ ਹੈ। ਸਮੇਂ ਸਮੇਂ ਸਿਰ ਭਿੰਨ ਭਿੰਨ ਨਸਲਾਂ, ਜਾਤੀਆਂ, ਕਬੀਲੇ ਬਾਹਰੋਂ ਆਉਂਦੇ ਰਹੇ ਤੇ ਆਪਸ ਵਿਚ ਘੁਲ ਮਿਲ ਜਾਂਦੇ ਰਹੇ। ਇਸ ਦਾ ਕਾਰਨ ਭਾਰਤੀ ਸਰਹੱਦਾਂ ਦਾ ਖੁਲ੍ਹੇ ਰਹਿਣਾ ਸੀ। ਉੱਤਰੀ ਭਾਰਤ ਹਿਮਾਲਾ ਦੀਆਂ ਗਲੀਆਂ ਜਾਂ ਦੱਰ੍ਹਿਆ (The Passes) ਰਾਹੀਂ ਅਤੇ ਦੱਖਣੀ ਭਾਰਤ ਬੰਦਰਗਾਹਾਂ ਰਾਹੀਂ ਬਾਹਰਲੇ ਸੰਸਾਰ ਤੇ ਸਭਿਆਚਾਰਾਂ ਨਾਲ ਜੁੜਿਆ ਰਿਹਾ। ਪਰ ਹਰ ਸਰਹੱਦ ਇਕੋ ਜਿਤਨੀ ਖੁਲ੍ਹੀ ਜਾਂ ਅਸਾਨੀ ਨਾਲ ਪਾਰ ਹੋਣ ਵਾਲੀ ਨਹੀਂ ਰਹੀ।

## ਉੱਤਰ-ਪੂਰਬੀ ਸਰਹੱਦ :-

ਇਹ ਵਿਦੇਸ਼ੀਆਂ ਲਈ ਸਭ ਤੋਂ ਘੱਟ ਖੁਲ੍ਹੀ ਸਰਹੱਦ ਸੀ। ਸਿੱਕਮ ਤੋਂ ਤਿੱਬਤ ਤੱਕ ਤਿੰਨ ਦਰ੍ਹੇ ਬਹੁਤ ਮੁਸ਼ਕਲ ਨਾਲ ਪਾਰ ਹੋ ਸਕਦੇ ਸਨ। ਦਰ੍ਹੇ ਹਨ : (ੳ) ਜੇਲਾਪ (ਅ) ਨਾਟੂ (Nattu) (ੲ) ਡੋਨਕੀਆ। ਤਿੱਬਤ ਵਲੋਂ ਸਿਰਫ ਬ੍ਰਹਮਪੁੱਤਰ ਰਾਹੀਂ ਤੇ ਚੀਨ ਵਲੋਂ ਤਿੰਨ ਨਦੀਆਂ ਰਾਹੀਂ ਭਾਰਤ ਆਇਆ ਜਾ ਸਕਦਾ ਹੈ। ਨਦੀਆਂ ਹਨ (1) ਮੀਕਾਂਗ (2) ਸਾਲਵੀਨ (3) ਇਰਾਵਦੀ।

## ਉੱਤਰ-ਪੱਛਮੀ ਸਰਹੱਦ :-

ਹਿੰਦੂਕੁਸ ਪਹਾੜ ਆਕਸਿਸ ਤੇ ਸਿੰਧ ਘਾਟੀਆਂ ਨੂੰ ਨਿਖੇੜਦਾ ਹੈ। ਇਸ ਪਹਾੜ ਦੇ ਤਿੰਨ ਦਰ੍ਹੇ ਮਸ਼ਹੂਰ ਹਨ:

(ੳ) ਖੈਬਰ (ਅ) ਬੋਲਾਨ (ੲ) ਗੋਮਲ

ਕਾਬਲ ਤੋਂ ਚਲਿਆ ਕੋਈ ਵੀ ਵਿਅਕਤੀ ਜਾਂ ਸਮੂਹ ਪਹਿਲਾਂ ਕਾਬਲ ਦਰਿਆ ਦੀ ਘਾਟੀ ਪਾਰ ਕਰਦਾ ਹੈ ਤੇ ਫਿਰ ਪਿਸ਼ਾਵਰ ਘਾਟੀ ਵੱਲ ਵਧਦਾ ਹੈ। ਪਿਸ਼ਾਵਰ ਸ਼ਹਿਰ ਤੋਂ 15 ਕਿ. ਮੀਟਰ ਪਿੱਛੇ ਜਮਰੌਦ ਦੇ ਸਥਾਨ ਤੋਂ ਉਹ ਭਾਰਤੀ ਇਲਾਕੇ ਵਿਚ ਦਾਖਲ ਹੁੰਦਾ ਹੈ। ਇਹ ਪੰਜਾਬ ਆਉਣ ਦਾ ਉੱਤਰੀ ਰਸਤਾ ਹੈ। ਅਫਗਾਨਿਸਤਾਨ ਤੋਂ ਭਾਰਤ ਵੱਲ ਦੱਖਣੀ ਰਸਤਾ ਸਿੰਧ ਵਿਚ ਬੋਲਾਨ ਦਰ੍ਹੇ ਰਾਹੀਂ ਹੈ। ਇਹ ਹੈਰਾਤ ਤੇ ਕੰਧਾਰ ਰਾਹੀਂ ਭਾਰਤ ਨੂੰ ਕੇਂਦਰੀ ਏਸ਼ੀਆ ਨਾਲ ਜੋੜਦਾ ਹੈ।

ਅਫਗਾਨਿਸਤਾਨ ਤੇ ਡੇਰਾ ਇਸਮਾਈਲ ਖਾਨ ਨੂੰ ਜੋੜਨ ਵਾਲਾ ਤੀਸਰਾ ਦਰ੍ਹਾ ਗੋਮਲ ਹੈ।

ਚੌਥਾ ਰਸਤਾ ਵਧੇਰੇ ਮੁਸ਼ਕਲ ਹੈ। ਇਹ ਮਕਰਾਨ ਰਾਹੀਂ ਭਾਰਤ ਤੇ ਇਰਾਨ ਨੂੰ ਜੋੜਦਾ ਹੈ। ਸਿਕੰਦਰ ਮਹਾਨ 325 ਬੀ.ਸੀ. ਵਿਚ ਇਸ ਰਸਤੇ ਰਾਹੀਂ ਵਾਪਸ ਯੂਨਾਨ ਗਿਆ।

ਦਰ੍ਹਾ ਖੈਬਰ ਤੇ ਬੋਲਾਨ ਵਿਚ ਵੈਸੇ ਤੇ 800 ਕਿ. ਮੀਟਰ ਦਾ ਫਾਸਲਾ ਹੈ ਪਰੰਤੂ ਇਹ ਦੋਵੇਂ ਦਰ੍ਹੇ ਕੰਧਾਰ ਤੇ ਕਾਬਲ ਘਾਟੀਆਂ ਰਾਹੀਂ ਗਜਨੀ ਵਿਚ ਮਿਲ ਜਾਂਦੇ ਹਨ।

ਉਪਰੋਕਤ ਉੱਤਰ-ਪੱਛਮੀ ਦੱਰ੍ਹਿਆਂ ਕਾਰਨ ਅਨੇਕਾਂ ਹਮਲਾਵਰ, ਵੱਖ ਵੱਖ ਨਸਲਾਂ ਦੇ ਲੋਕਾਂ ਦੇ ਕਾਫਲੇ ਤੇ ਲਹਿਰਾਂ ਅਤੇ ਵਿਉਪਾਰ ਤੇ ਸਭਿਆਚਾਰਕ ਵਟਾਂਦਰਾ ਹੋਇਆ। ਮੱਧਕਾਲ ਤੱਕ ਇਹ ਸਰਹੱਦ ਲਗਾਤਾਰ ਬਦਲਦੀ ਰਹੀ।

## ਦੱਖਣ ਤੇ ਵਿਦੇਸੀ ਸੰਬੰਧ :-

ਜਿਥੇ ਉੱਤਰ ਭਾਰਤ ਜਮੀਨੀ ਰਸਤਿਆਂ ਰਾਹੀਂ ਸੰਸਾਰ ਨਾਲ ਜੁੜਿਆ ਉਥੇ ਦੱਖਣੀ ਭਾਰਤ ਸਮੁੰਦਰ ਰਾਹੀਂ। ਸਿਰਫ ਦੂਰ-ਪੂਰਬ ਵਿਚ ਹੀ ਨਹੀਂ ਸਗੋਂ ਪ੍ਰਾਚੀਨ ਭਾਰਤ ਦੇ ਮਿਸ਼ਰ, ਬੈਬਲੋਨੀਆ, ਯੂਨਾਨ ਤੇ ਰੋਮਨ ਸਾਮਰਾਜ ਨਾਲ ਵੀ ਸੰਬੰਧ ਸਮੁੰਦਰ ਰਾਹੀਂ ਬਣੇ। ਭਾਰਤੀ ਨੀਲ, ਮਲਮਲ ਤੇ ਹਾਥੀ ਦੰਦ ਮਿਸ਼ਰ ਜਾਂਦੇ ਸਨ। ਪਾਲੀ ਭਾਸ਼ਾ ਦਾ ਬੋਧੀ ਗ੍ਰੰਥ ਬਾਵੇਰੂ ਜੱਤਕਾ (Baveru Jataka) ਦੱਸਦਾ ਹੈ ਕਿ ਹਾਥੀ ਦੰਦ ਬੈਬਲੋਨੀਆਂ ਮੰਗਵਾਉਂਦਾ ਸੀ। ਚਾਵਲ, ਮੋਰ ਤੇ ਸੰਦਲ ਵਰਗੀਆਂ ਵਸਤੂਆਂ ਯੂਨਾਨ ਜਾਂਦੀਆਂ ਸਨ ਅਤੇ ਇਨ੍ਹਾਂ ਦੇ ਤਾਮਿਲ ਨਾਮ ਯੂਨਾਨੀਆਂ ਨੂੰ ਆਉਂਦੇ ਸਨ। ਭਾਰਤੀ ਸ੍ਰੋਤਾਂ ਅਨੁਸਾਰ ਗੁਜਰਾਤ ਤੇ ਬੰਬੇ ਤੱਟ ਉੱਪਰ ਬੜੋਚ (Broach) ਅਤੇ ਸੋਪਾਰਾ ਮਹੱਤਵਪੂਰਨ ਬੰਦਰਗਾਹਾਂ ਸਨ ਜਿਥੋਂ ਰੋਮਨਾਂ ਨਾਲ ਵਿਉਪਾਰ ਹੁੰਦਾ ਸੀ।

ਕੋਰੋਮੰਡਲ ਤੱਟ ਰਾਹੀਂ ਗਰਮ ਮਸਾਲੇ, ਖੁਸ਼ਬੂਦਾਰ ਤੇਲ, ਰੇਸ਼ਮ, ਸੂਤੀ ਕੱਪੜੇ ਅਤੇ ਮੋਤੀ-ਜਵਾਹਰ ਆਦਿ ਰੋਮ ਜਾਂਦੇ ਸਨ। ਮਾਲਬਾਰ ਵੀ ਵਿਉਪਾਰ ਲਈ ਰੋਮ ਨਾਲ ਜੁੜਿਆ ਹੋਇਆ ਸੀ। ਕੋਇੰਬਟੋਰ ਅਤੇ ਮਦੁਰਾਏ ਵਿਚ ਰੋਮਨ ਸਿੱਕੇ ਮਿਲੇ ਹਨ।

ਪਰੰਤੂ 622 ਈ. ਤੋਂ ਪਿਛੋਂ ਅਰਬ ਸਾਗਰ ਅਤੇ ਅਫਰੀਕਨ ਤੱਟ ਉੱਪਰ ਅਰਬਾਂ ਦਾ ਕਬਜਾ ਹੋ ਗਿਆ। ਇਸ ਕਰਕੇ ਅਰਬ ਵਿਉਪਾਰੀ ਹੀ ਇਰਾਨ ਦੀ ਖਾੜੀ ਰਾਹੀਂ ਭਾਰਤ ਤੇ ਚੀਨ ਨਾਲ ਵਪਾਰ ਕਰਦੇ ਰਹੇ। ਇਹ 15ਵੀਂ ਸਦੀ ਤੱਕ ਚਲਦਾ ਰਿਹਾ। ਇਸ ਤੋਂ ਪਿਛੋਂ ਸਮੁੰਦਰ ਉੱਪਰ ਯੂਰਪੀਨ ਸ਼ਕਤੀਆਂ ਦਾ ਕਬਜਾ ਹੋ ਗਿਆ।

## ਪੂਰਬੀ ਭਾਰਤ - ਅਸਾਮ, ਬੰਗਾਲ, ਬਿਹਾਰ, ਉੜੀਸਾ ਤੇ ਝਾਰਖੰਡ :-

ਅਸਾਮ ਦੀ ਸੁਰੱਖਿਆ ਨੂੰ ਖਤਰਾ ਸਿਰਫ ਪੱਛਮ ਵਲੋਂ ਰਿਹਾ ਬਾਕੀ ਤਿੰਨਾ ਦਿਸ਼ਾਵਾਂ ਵਲੋਂ ਅਸਾਮ ਵਿਚ ਪ੍ਰਵੇਸ਼ ਅਸੰਭਵ ਸੀ। ਬੰਗਾਲ ਦੀ ਸੁਰੱਖਿਆ ਪੱਟੀ ਰਾਜ ਮਹਿਲ ਪਹਾੜੀਆਂ ਵਿਚ ਸਥਿਤ ਤੇਲੀਗੜ੍ਹੀ ਦੱਰ੍ਰਿਆਂ ਤੇ ਨਿਰਭਰ ਸੀ। ਇਸੇ ਸਥਾਨ ਤੋਂ ਕੋਈ ਵੀ ਸੈਨਾ ਅਸਾਨੀ ਨਾਲ ਅਵਧ ਤੇ ਤੀਰਹੱਟ ਆ ਸਕਦੀ ਸੀ। ਬੰਗਾਲ ਦੇ ਦੱਖਣ-ਪੱਛਮ ਵਿਚ ਸਵਰਨਰੇਖਾਂ ਨਦੀ ਉੜੀਸਾ ਨੂੰ ਬੰਗਾਲ ਤੋਂ ਬਚਾਉਂਦੀ ਸੀ। ਉੜੀਸਾ ਨੂੰ ਲਗਾਤਾਰ ਉੱਤਰ ਵਲੋਂ ਬੰਗਾਲ ਤੋਂ ਦੱਖਣ ਵਲੋਂ ਆਂਧਰਾ ਤੋਂ ਸੁਰੱਖਿਆ ਦੀ ਔਕੜ ਰਹੀ। ਤੇਲੀਗੜ੍ਹੀ ਦੇ ਦੱਖਣ ਵਿਚ ਝਾਰਖੰਡ ਹੈ ਜਿੱਥੇ ਕਿ ਸੰਘਣੇ ਜੰਗਲ ਕਿਸੇ ਵੱਡੀ ਫੌਜ ਨੂੰ ਦਾਖਲ ਨਹੀਂ ਹੋਣ ਦਿੰਦੇ। ਹਾਂ ਛੋਟੇ ਮੋਟੇ ਦਸਤੇ ਸਿੰਘ ਭੂਮ ਰਾਹੀਂ ਦਾਖਲ ਹੁੰਦੇ ਸਨ।

## ਪਾਲਘਾਟ :-

ਪਾਲਘਾਟ ਤਰੇੜ ਕੰਨਿਆ ਕੁਮਾਰੀ ਤੇ ਤਾਪਤੀ ਦਰਮਿਆਨ ਰਸਤਾ ਬਣਾਉਂਦੀ ਹੈ। ਅਮਰਾਵਤੀ ਤੇ ਕਾਵੇਰੀ ਦੇ ਸੰਗਮ ਨਜਦੀਕ ਦੱਖਣ ਦੇ ਮਸ਼ਹੂਰ ਰਾਜ ਚੌਲਾ ਅਤੇ ਪਾਂਡੀਆ ਹੋਏ।

## ਗੁਜਰਾਤ, ਮਾਲਵਾ ਤੇ ਰਾਜਪੂਤਾਨਾ :-

ਪ੍ਰਾਚੀਨ ਗੁਜਰਾਤ ਆਪਣੀਆਂ ਤਿੰਨ ਬੰਦਰਗਾਹਾਂ ਲਈ ਮਸ਼ਹੂਰ ਸੀ। ਬੰਦਰਗਾਹਾਂ ਸਨ (ੳ) ਬੜੋਚ (ਅ) ਕੈਮਬੇ (ੲ) ਸੂਰਤ। ਪੰਜਾਬ-ਦਿੱਲੀ ਤੋਂ ਬੜੋਚ ਦਾ ਅਸਾਨ ਰਸਤਾ ਜੈਪੁਰ ਤੇ ਅਜਮੇਰ ਰਾਹੀਂ ਸੀ। ਪੱਛਮੀ ਰਸਤਾ ਜੈਪੁਰ, ਚਿਤੌੜ, ਉਦੇਪੁਰ ਤੇ ਅਹਿਮਦਾਬਾਦ ਸੀ। ਸਭ ਤੋਂ ਛੋਟਾ ਰਸਤਾ ਮਾਰਵਾੜ, ਪਾਲੀ ਤੇ ਜਲੌਰ ਰਾਹੀਂ ਸੀ। ਆਗਰਾ ਤੇ ਗੁਜਰਾਤ, ਮਾਲਵਾ ਤੇ ਮਥੁਰਾ ਰਾਹੀਂ ਜੁੜੇ ਹੋਏ ਸਨ। ਮਾਲਵੇ ਵਿਚ ਵਦੀਸਾ (Vidisa) ਪ੍ਰਮੁੱਖ ਵਿਉਪਾਰਕ ਕੇਂਦਰ ਸੀ।

## ਰਾਜਨੀਤਕ ਏਕਤਾ ਦੀਆਂ ਮੁਸ਼ਕਲਾਂ :-

ਮੋਰੀਆ ਸਮਰਾਟਾਂ ਨੇ ਭਾਰਤ ਦੇ ਵੱਡੇ ਹਿੱਸੇ ਨੂੰ ਏਕਤਾ ਦਿੱਤੀ। ਇਹ ਸਾਮਰਾਜ ਅਫਗਾਨਿਸਤਾਨ ਤੋਂ ਮੈਸੂਰ ਤੱਕ ਫੈਲਿਆ ਹੋਇਆ ਸੀ। ਆਮ ਤੌਰ ਤੇ ਉੱਤਰੀ ਸਾਮਰਾਜਾਂ ਦੀ ਦੱਖਣੀ ਸੀਮਾ ਨਰਬਦਾ ਤੇ ਛੋਟਾ ਨਾਗਪੁਰ ਰੇਖਾ ਰਹੀ। ਇਹ ਰੇਖਾ ਦੱਖਣੀ ਗੁਜਰਾਤ ਤੋਂ ਸ਼ੁਰੂ ਹੋ ਕੇ ਖਾਨ ਦੇਸ਼ ਤੇ ਗੌਂਡਵਾਨਾ ਇਲਾਕਿਆਂ ਦੇ ਉੱਤਰੀ ਭਾਗਾਂ ਰਾਹੀਂ ਪੂਰਬੀ ਤੱਟ ਨੂੰ ਮਿਲਦੀ ਸੀ। ਤਾਮਿਲ ਸਭਿਅਤਾ ਤੇ ਸਭਿਆਚਾਰ ਕਾਵੇਰੀ ਘਾਟੀ ਵਿਚ ਵਿਕਸਿਤ ਹੋਇਆ। ਸ਼ਾਇਦ ਹੀ ਕੋਈ ਦੱਖਣੀ ਸ਼ਕਤੀ ਕ੍ਰਿਸ਼ਨਾ-ਤੁੰਗਭੱਦਰਾ ਲਾਈਨ ਪਾਰ ਕਰ ਸਕੀ। ਰਾਜਨੀਤਕ ਕੇਂਦਰ ਤੇ ਏਕਤਾ ਦੀਆਂ ਹੋਰ ਮੁਸ਼ਕਲਾਂ ਜਿਵੇਂ ਕਿ ਨਸਲ, ਭਾਸ਼ਾ ਤੇ ਧਰਮ ਦੀ ਭਿੰਨਤਾ ਲਈ ਵੇਖੋ ਪਾਠ ਨੰਬਰ 01 ਰਾਜਨੀਤਕ ਏਕਤਾ ਜਾਂ ਕੇਂਦਰ ਦੀ ਘਾਟ ਨੂੰ ਸਭਿਆਚਾਰਕ ਏਕਤਾ ਕਾਫ਼ੀ ਹੱਦ ਤੱਕ ਦੂਰ ਕਰਦੀ ਸੀ।

## ਪਾਠ ਵਿਚ ਆਏ ਤਕਨੀਕੀ ਸ਼ਬਦ :-

ਪੈਨਿਨਸੂਲਰ ਬਲਾਕ - ਜਾਂ ਦੱਖਣੀ ਭਾਰਤ ਜਿਸ ਵਿਚ ਦੱਖਣ ਦੀ ਪਠਾਰ ਤੇ ਸਮੁੰਦਰੀ ਤੱਟ ਤੇ ਪਹਾੜੀਆਂ ਸ਼ਾਮਲ ਹਨ।

ਡੌਲਫਿਨਜ - ਮੱਛੀਆਂ ਦੀ ਇਕ ਕਿਸਮ ਹੈ।

ਟੈਕਟੋਨਿਕ ਮੂਵਮੈਂਟਸ - ਸਮੁੰਦਰੀ ਫਰਸ਼ ਦੇ ਜਮੀਨ ਨਾਲ ਟਕਰਾਉਣ ਨਾਲ ਜੋ ਹਲਚਲ ਪੈਦਾ ਹੁੰਦੀ ਹੈ। ਉਸ ਨੂੰ ਟੈਕਟੋਨਿਕ ਲਹਿਰਾਂ ਆਖਦੇ ਹਨ। ਨਤੀਜੇ ਵਜੋਂ ਸਮੁੰਦਰ ਦਾ ਪਾਣੀ ਉੱਪਰ ਉਠਦਾ ਹੈ ਤੇ ਪਾਣੀ ਦੀਆਂ ਕਈ ਕਈ ਮੀਟਰ ਉਚੀਆਂ ਲਹਿਰਾਂ ਧਰਤੀ ਜਾਂ ਤੱਟੀ ਇਲਾਕਿਆਂ ਵਿਚ ਤਬਾਹੀ ਮਚਾਉਂਦੀਆਂ ਹਨ।

ਦਰ੍ਰੇ (The Passes) - ਪਹਾੜਾਂ ਵਿਚ ਬਣੇ ਸੁਰਾਖ, ਗਲੀਆਂ ਜਾਂ ਤਰੇੜਾਂ ਜੋ ਕਿ ਰਸਤਿਆਂ ਦਾ ਕੰਮ ਦਿੰਦੇ ਹਨ।

## ਤੁਹਾਡੇ ਅਭਿਆਸ ਲਈ ਛੋਟੇ ਪ੍ਰਸ਼ਨ :-

(1) ਉੱਤਰੀ ਭਾਰਤ ਦੇ ਮੈਦਾਨ ਕਿਉਂ ਤੇ ਕਿਹੜੇ ਦੋ ਭਾਗਾਂ ਵਿਚ ਵੰਡੇ ਜਾਂਦੇ ਹਨ ?

(2) ਕਿਸੇ ਦੇਸ਼ ਦਾ ਪੌਣ ਪਾਣੀ ਕਿਹੜੀਆਂ ਤਿੰਨ ਗੱਲਾਂ ਤੇ ਨਿਰਭਰ ਕਰਦਾ ਹੈ ?

(3) ਸਰਦੀਆਂ ਵਿਚ ਵਰਖਾ ਕਿਉਂ ਘੱਟ ਹੁੰਦੀ ਹੈ ? ਤਾਮਿਲਨਾਡੂ ਵਿਚ ਸਰਦੀ ਦੀ ਵਰਖਾ ਕਿਉਂ ਜੋਰਦਾਰ ਹੁੰਦੀ ਹੈ ?

(4) ਅਫਗਾਨਿਸਤਾਨ ਜਾਂ ਇਰਾਨ ਤੋਂ ਭਾਰਤ ਆਉਣ ਲਈ ਕਿਹੜੇ ਚਾਰ ਰਸਤੇ ਹਨ ?

(5) ਤੁੰਗਭੱਦਰਾ ਦਰਿਆ ਨੇ ਦੱਖਣੀ ਭਾਰਤੀ ਇਤਿਹਾਸ ਨੂੰ ਕਿਵੇਂ ਪ੍ਰਭਾਵਿਤ ਕੀਤਾ ?

(6) ਕਿਸ ਦਰਿਆ ਨੂੰ ਤਾਮਿਲ ਸਾਹਿਤ ਵਿਚ ਗੰਗਾ ਦਰਿਆ ਜਿਤਨਾ ਸਨਮਾਨ ਹਾਸਲ ਹੈ ਅਤੇ ਕਿਉਂ?

(7) ਕੁਦਰਤੀ ਬਨਸਪਤੀ ਤੋਂ ਕੀ ਭਾਵ ਹੈ ?

(8) ਪੂਰਬੀ ਤੇ ਪੱਛਮੀ ਘਾਟ ਕਿੰਨਾਂ ਪਹਾੜੀਆਂ ਵਿਚ ਇਕੱਠੇ ਹੁੰਦੇ ਹਨ ?

(9) ਪ੍ਰਾਚੀਨ ਗੁਜਰਾਤ ਦੀਆਂ ਤਿੰਨ ਬੰਦਰਗਾਹਾਂ ਦੇ ਨਾਮ ਦੱਸੋ ?

(10) ਲੋਹਾ ਕਿੱਥੇ ਮਿਲਦਾ ਸੀ ? ਇਸ ਦੇ ਇਸਤੇਮਾਲ ਨੇ ਭਾਰਤੀ ਰਾਜਨੀਤਕ ਇਤਿਹਾਸ ਤੇ ਕੀ ਅਸਰ ਪਾਇਆ?

## ਵੱਡੇ ਪ੍ਰਸ਼ਨ :-

(1) ਹਿਮਾਲਾ ਪਹਾੜ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ ? ਇਹ ਪਹਾੜ ਭਾਰਤ ਦੇ ਪੌਣ ਪਾਣੀ ਨੂੰ ਕਿਵੇ ਂ ਨਿਰਧਾਰਤ ਕਰਦਾ ਹੈ ?

(2) ਪ੍ਰਮੁੱਖ ਦਰਿਆਵਾਂ ਦੀ ਸੂਚੀ ਬਣਾਉ। ਇਨ੍ਹਾਂ ਦੀ ਆਰਥਿਕ ਤੇ ਸਭਿਆਚਾਰਕ ਮਹੱਤਤਾ ਦੱਸੋ।

(3) ਭਾਰਤ ਦੀ ਕੁਦਰਤੀ ਸੰਪੱਤੀ ਜਿਵੇਂ ਕਿ ਜੰਗਲ, ਧਾਤਾਂ ਆਦਿ ਦਾ ਸੰਖੇਪ ਵਰਨਣ ਕਰੋ।

(4) ਉਹ ਕਿਹੜੇ ਕਾਰਨ ਸਨ ਜਿਸ ਸਦਕਾ ਭਾਰਤੀ ਰਾਜਨੀਤਕ ਕੇਂਦਰ ਹਮੇਸ਼ਾ ਦੂਰ ਦੀ ਸੰਭਾਵਨਾ ਬਣਿਆ ਰਿਹਾ?

(5) ਅਨੇਕਤਾ ਵਿਚ ਏਕਤਾ ਤੋਂ ਕੀ ਭਾਵ ਹੈ ? ਇਸ ਸਿਧਾਂਤ ਦੀ ਵਿਆਖਿਆ ਕਰੋ।

## ਹੋਰ ਜਾਣਕਾਰੀ ਲਈ ਸਾਹਿਤ :-

(1) ਐਸ.ਐਨ.ਸੈਨ, *Ancient Indian History and Civilization*, ਪੰਨੇ 01-08

(2) ਏ.ਸੀ.ਅਰੋੜਾ, *ਪ੍ਰਾਚੀਨ ਭਾਰਤ ਦਾ ਇਤਿਹਾਸ,* ਪੰਨੇ 13-30

ਨੋਟ : ਇਹ ਪਾਠ ਡੈਕ ਦੁਆਰਾ ਦਿੱਤੀ ਵਿੱਤੀ ਗ੍ਰਾਂਟ ਅਧੀਨ ਛਾਪਿਆ ਗਿਆ

**ਪਾਠ ਨੰਬਰ : 1.3** **ਸੈਕਸ਼ਨ - ਏ** **ਲੇਖਕ: ਨਾਜ਼ਰ ਸਿੰਘ**

# ਇਤਿਹਾਸ ਦੇ ਮੁੱਖ ਸੋਮੇ

## ਪਾਠ ਦੀ ਬਣਤਰ :-

ਉਦੇਸ਼
ਜਾਣ-ਪਛਾਣ (Introduction)
ਇਤਿਹਾਸਕਾਰੀ ਲਈ ਸੋਮਿਆਂ ਦੀ ਮਹੱਤਤਾ - ਪਰੋਟੋ-ਹਿਸਟਰੀ ਕਾਲ
ਸੋਮਿਆਂ ਅਧਾਰਤ - ਜਨਰਲ ਹਿਸਟਰੀਜ
ਸੋਮਿਆਂ ਦੀਆਂ ਸ਼੍ਰੇਣੀਆਂ
ਮਹੱਤਵਪੂਰਨ ਸੋਮਿਆਂ ਦੀ ਜਾਣ ਪਛਾਣ
ਪਰੰਪਰਾਵਾਦੀ ਸਾਹਿਤ ਤੇ ਸਾਹਿਤਕ ਸੋਮੇ
ਤਕਨੀਕੀ ਸ਼ਬਦ
ਛੋਟੇ ਤੇ ਵੱਡੇ ਪ੍ਰਸ਼ਨ
ਵਧੇਰੇ ਜਾਣਕਾਰੀ ਲਈ ਪੁਸਤਕਾਂ

## ਉਦੇਸ਼ :-

ਇਸ ਪਾਠ ਨੂੰ ਪੜ੍ਹ ਕੇ ਤੁਸੀਂ ਹਾਸਲ ਕਰ ਸਕਦੇ ਹੋ :

(ੳ) ਪ੍ਰਾਚੀਨ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤਾਂ ਦੀ ਜਾਣਕਾਰੀ।

(ਅ) ਇਤਿਹਾਸ ਦੀਆਂ ਵੰਨਗੀਆਂ ਦਾ ਭੇਦ ਜਾਂ ਕਾਰਨ।

(ੲ) ਇਤਿਹਾਸਕਾਰ ਦੁਆਰਾ ਗਵਾਹੀਆਂ ਜਾਂ ਸੋਮਿਆਂ ਨੂੰ ਵਰਤਣ ਲਈ ਅਪਣਾਈ ਜਾਂਦੀ ਵਿਧੀ ਜਾਂ ਤਕਨੀਕ।

### ਜਾਣ-ਪਛਾਣ (Introduction) :-

ਇਤਿਹਾਸ ਬੀਤੇ ਹੋਏ ਸਮੇਂ ਤੇ ਜੀਵਨ ਦੀ ਤਸਵੀਰ ਹੈ। ਇਹ ਤਸਵੀਰ ਕਿਹੋ ਜਿਹੀ ਹੋਵੇਗੀ ? ਇਹ ਇਤਿਹਾਸਕਾਰ ਦੀ ਵਿਧੀ ਤੇ ਨਿਰਭਰ ਕਰਦਾ ਹੈ। ਪਰੰਤੂ ਇਹ ਵਿਧੀ ਆਪਹੁਦਰੀ ਨਹੀਂ ਹੋ ਸਕਦੀ ਕਿਉਂਕਿ ਇਹ ਗਵਾਹੀਆਂ ਜਾਂ ਸੋਮਿਆਂ (Evidence) ਤੇ ਅਧਾਰਤ ਹੁੰਦੀ ਹੈ। ਸੋਮਿਆਂ ਬਿਨਾਂ ਇਤਿਹਾਸ ਨਹੀਂ ਲਿਖਿਆ ਜਾ ਸਕਦਾ।

ਪ੍ਰਾਚੀਨ ਭਾਰਤੀ ਇਤਿਹਾਸ ਦੇ ਸੋਮੇ ਅਨੇਕਾਂ ਕਿਸਮ ਦੇ ਹਨ। ਪੂਰਵ ਇਤਿਹਾਸ ਕਾਲ ਲਈ ਇਹ ਮੁੱਖ ਰੂਪ ਵਿਚ ਗੈਰ-ਸਾਹਿਤਕ ਹਨ। 600 ਬੀ.ਸੀ. ਤੋਂ ਪਿਛੋਂ ਦੇ ਕਾਲ ਲਈ ਸਾਹਿਤਕ ਸੋਮੇ ਪ੍ਰਮੁੱਖ ਹਨ।

ਗੈਰ-ਸਾਹਿਤਕ ਤੇ ਸਾਹਿਤਕ-ਸੋਮੇ ਅਨੇਕਾਂ ਉਪ-ਸ਼੍ਰੇਣੀਆਂ ਵਿਚ ਵੰਡੇ ਜਾਂਦੇ ਹਨ। ਸਾਹਿਤਕ ਲਿਖਤਾਂ ਬਦੇਸ਼ੀ ਭਾਸ਼ਾਵਾਂ ਵਿਚ ਵੀ ਹਨ। ਇਨ੍ਹਾਂ ਲਿਖਤਾਂ ਦਾ ਵੱਡਾ ਹਿੱਸਾ ਧਾਰਮਿਕ ਪੁਸਤਕਾਂ (ਗ੍ਰੰਥ) ਹਨ। ਇਹ ਲਿਖਤਾਂ ਭਾਰਤ ਤੋਂ ਬਾਹਰ ਵੀ ਰਚੀਆਂ ਗਈਆਂ।

ਪ੍ਰਾਚੀਨ ਭਾਰਤੀਆਂ ਵਿਚ ਇਤਿਹਾਸ ਲਿਖਣ ਦੀ ਘੱਟ ਤੇ ਮਿਥਿਹਾਸ ਦੀ ਵੱਧ ਪਰੰਪਰਾ ਸੀ। ਪੁਰਾਨ ਤੇ ਹੋਰ ਇਤਿਹਾਸਕ ਗ੍ਰੰਥ ਮਿਤੀ-ਕ੍ਰਮ ਤੇ ਸਥਾਨ (Space) ਪ੍ਰਤੀ ਅਣਗਹਿਲੀ ਕਰਦੇ ਸਨ। ਗਵਾਹੀਆਂ ਦੀ ਪੜਚੋਲ ਪੱਛਮੀ ਇਤਿਹਾਸਕਾਰੀ ਦਾ ਹੀ ਵਿਸ਼ੇਸ਼ ਗੁਣ ਸੀ। ਇਸ ਕਾਰਨ ਆਧੁਨਿਕ ਜਾਂ ਬਰਤਾਨਵੀ ਕਾਲ ਵਿਚ ਹੀ ਪ੍ਰਾਚੀਨ ਭਾਰਤ ਦੇ ਇਤਿਹਾਸ ਨੂੰ ਲੱਭਣ ਦੀ ਸ਼ੁਰੂਆਤ ਹੋਈ। ਠੀਕ ਇਸ ਕਾਰਨ ਹੀ ਪ੍ਰਾਚੀਨ ਭਾਰਤ ਦੇ ਆਧੁਨਿਕ ਇਤਿਹਾਸਕਾਰ ਮਹੱਤਵਪੂਰਨ ਹਨ। ਇਨ੍ਹਾਂ ਦੀਆਂ ਲਿਖਤਾਂ ਬਿਨਾਂ ਪ੍ਰਾਚੀਨ ਭਾਰਤ ਦੀ ਇਤਿਹਾਸਕਾਰੀ ਬਾਰੇ ਕਲਪਨਾ ਕਰਨੀ ਵੀ ਔਖੀ ਹੋਵੇਗੀ।

## ਪਰੋਟੋ-ਹਿਸਟਰੀ ਕਾਲ :-

ਪਾਠ ਨੰਬਰ 01 ਵਿਚ ਅਸੀਂ ਇਤਿਹਾਸ ਤੇ ਪੂਰਵ-ਇਤਿਹਾਸ ਵਿਚ ਫਰਕ ਕੀਤਾ ਸੀ। ਪੂਰਵ-ਇਤਿਹਾਸ ਲਿਖਤੀ ਜਾਂ ਸਾਹਿਤਕ ਸੋਮਿਆਂ ਰਾਹੀਂ ਮਿਲਦੀ ਜਾਣਕਾਰੀ ਦੇ ਆਧਾਰ ਤੇ ਨਹੀਂ ਲਿਖਿਆ ਜਾਂਦਾ। ਪੂਰਵ ਇਤਿਹਾਸ ਦਾ ਸੋਮਾ ਭੌਤਿਕ ਅਵੀਸ਼ੇਸ (Material Remains) ਹੁੰਦੇ ਹਨ ਜਿਨ੍ਹਾਂ ਨੂੰ ਮੁੱਖ ਰੂਪ ਵਿਚ ਜਮੀਨ ਦੀ ਖੁਦਾਈ ਕਰਕੇ ਅਤੇ ਆਰਕਿਉਲਜੀ ਦੀ ਸਹਾਇਤਾ ਨਾਲ ਲੱਭਿਆ ਜਾਂਦਾ ਹੈ। ਫਿਰ ਇਨ੍ਹਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਲੇਕਿਨ ਪੂਰਵ-ਇਤਿਹਾਸ ਤੋਂ ਇਤਿਹਾਸ ਵੱਲ ਦੇ ਸਫ਼ਰ ਵਿਚਕਾਰ ਇਕ ਹੋਰ ਪੜਾਅ ਹੈ ਜਿਸ ਤੇ ਸਾਨੂੰ ਕਿਸੇ ਸਭਿਅਤਾ ਜਾਂ ਸਭਿਆਚਾਰ ਬਾਰੇ ਲਿਖਤ ਤਾਂ ਮਿਲ ਜਾਂਦੀ ਹੈ ਪਰ ਉਸ ਨੂੰ ਅਜੇ ਤੱਕ ਪੜ੍ਹਿਆ ਨਹੀਂ ਜਾ ਸਕਦਾ। ਇਹ ਵੀ ਹੋ ਸਕਦਾ ਹੈ ਕਿ ਕਿਸੇ ਕਾਲ ਜਾਂ ਸਭਿਅਤਾ ਦੀ ਆਪਣੀ ਲਿਖਤ ਜਾਂ ਸਾਹਿਤਕ ਸੋਮਾ ਨਾ ਹੋਵੇ ਪਰੰਤੂ ਉਸ ਦਾ ਜਿਕਰ ਕਿਸੇ ਹੋਰ ਤੇ ਐਸੀ ਸਭਿਅਤਾ ਵਿਚ ਮਿਲਦਾ ਹੋਵੇ ਜਿਸ ਦਾ ਲਿਖਤੀ ਇਤਿਹਾਸ ਹੋਵੇ। ਇਸ ਪੜਾਅ ਨੂੰ Proto-History ਕਹਿੰਦੇ ਹਨ। ਉਪਰੋਕਤ ਤੋਂ ਇਕ ਗੱਲ ਸਾਫ ਹੈ ਕਿ ਇਤਿਹਾਸ ਦਾ ਸਰੂਪ ਸੋਮਿਆਂ ਤੇ ਨਿਰਭਰ ਹੈ। ਸੋਮੇ ਹੀ ਮਿਤੀ-ਕਰਮ ਨੂੰ ਨਿਰਧਾਰਤ ਕਰਨ ਵਿਚ ਸਹਾਈ ਹੁੰਦੇ ਹਨ। ਨਿਰਧਾਰਤ ਮਿਤੀ-ਕਰਮ (Settled Chronological order) ਹੀ ਇਤਿਹਾਸ ਨੂੰ ਪੂਰਵ-ਇਤਿਹਾਸ ਤੋਂ ਵੱਖ ਕਰਦਾ ਹੈ। ਮਿਤੀ ਰਹਿਤ-ਇਤਿਹਾਸ (undated History) ਨੂੰ (ਮਿਤੀ ਅਧਾਰਤ) ਇਤਿਹਾਸ ਸੋਮੇ ਹੀ ਬਣਾਉਂਦੇ ਹਨ।

ਪਹਿਲੇ ਪਾਠ ਵਿਚ ਅਸੀਂ ਪ੍ਰਾਚੀਨ ਭਾਰਤ ਦੀ ਇਤਿਹਾਸਕਾਰੀ ਬਾਰੇ ਗੱਲ ਕਰਦਿਆਂ ਕਿਹਾ ਸੀ ਕਿ ਅਨੇਕਾਂ ਵਿਦੇਸੀ ਭਾਸ਼ਾਵਾਂ ਵਿਚ ਮਿਲਦੀ ਜਾਣਕਾਰੀ ਪ੍ਰਾਚੀਨ ਭਾਰਤੀ ਇਤਿਹਾਸ ਦੇ ਸੋਮੇ ਹਨ। ਆਧੁਨਿਕ ਕਾਲ ਦੀਆਂ ਖੋਜਾਂ ਵੀ ਅਨੇਕਾਂ ਗੈਰ-ਭਾਰਤੀ ਇਤਿਹਾਸਕਾਰਾਂ ਦੀ ਮਿਹਨਤ ਤੇ ਲਗਨ ਦਾ ਸਿੱਟਾ ਸਨ। ਅਸੀਂ ਇਸ ਇਤਿਹਾਸਕਾਰੀ ਦੇ ਵੱਖ ਵੱਖ ਖੇਤਰਾਂ ਦਾ ਵੀ ਜਿਕਰ ਕੀਤਾ ਸੀ। ਸੋਮਿਆਂ ਬਾਰੇ ਵਿਸਥਾਰ ਵਿਚ ਜਾਣ ਤੋਂ ਪਹਿਲਾਂ ਪ੍ਰਾਚੀਨ ਭਾਰਤ ਦੇ ਕੁੱਝ ਪ੍ਰਮੁੱਖ ਆਧੁਨਿਕ ਇਤਿਹਾਸਕਾਰਾਂ ਦੁਆਰਾ ਲਿਖੀਆਂ ਗਈਆਂ ਜਨਰਲ ਹਿਸਟਰੀਜ ਲਾਹੇਵੰਦ ਹੋ ਸਕਦੀਆਂ ਹਨ।

## ਜਨਰਲ ਇਤਿਹਾਸਕਾਰੀ :-

1947 ਤੋਂ ਪਹਿਲਾਂ V.A.Smith ਦੀ ਪੁਸਤਕ Early History of India ਪ੍ਰਾਚੀਨ ਭਾਰਤੀ ਇਤਿਹਾਸ ਬਾਰੇ ਪਹਿਲੀ ਤੇ ਮਹੱਤਵਪੂਰਨ ਕਿਤਾਬ ਸੀ। ਇਹ 1904 ਵਿਚ ਲਿਖੀ ਗਈ ਤੇ 1924 ਵਿਚ ਇਸ ਨੂੰ ਐਮ.ਐਡਵਰਡਜ ਨੇ ਸੋਧਿਆ। ਲਗਭਗ ਅੱਧੀ ਸਦੀ ਇਹ ਜਾਣਕਾਰੀ ਭਰਪੂਰ ਮੰਨੀ ਗਈ। ਹੁਣ ਇਸ ਨੂੰ ***ਆਕਸਫੋਰਡ ਹਿਸਟਰੀ ਆਫ ਇੰਡੀਆ*** ਵੀ ਕਿਹਾ ਜਾਂਦਾ ਹੈ।

ਅਜ਼ਾਦੀ ਤੋਂ ਬਾਅਦ ਡੀ.ਡੀ.ਕੋਸੰਭੀ ਦੀਆਂ ਪੁਸਤਕਾਂ ਆਈਆਂ ਜਿਨਾਂ ਦਾ ਹਵਾਲਾ ਅਸੀਂ ਪਾਠ ਨੰ. 01 ਵਿਚ ਦਿੱਤਾ ਹੈ। ਆਰ.ਐਸ.ਸਰਮਾ (Ancient India (1977)) ਤੇ ਰੋਮੀਲਾ ਥਾਪਰ (History of India, Vol.I, 1986) ਨੇ ਪ੍ਰਾਚੀਨ ਭਾਰਤੀ ਇਤਿਹਾਸਕਾਰੀ ਨੂੰ ਹੋਰ ਵੀ ਯਥਾਰਥਵਾਦੀ ਬਣਾਇਆ।

ਰਾਜਨੀਤਕ ਇਤਿਹਾਸ ਉੱਪਰ ਹੇਮ ਚੰਦਰ ਰਾਏ ਚੌਧਰੀ ਦੀ ਪੁਸਤਕ Political History of Ancient India (1927) ਚੰਗੀ ਰੋਸ਼ਨੀ ਪਾਉਂਦੀ ਹੈ। ਕੇ.ਏ.ਨੀਲਕੰਤ ਸ਼ਾਸਤਰੀ (A History of South India, 1955) ਨੇ ਦੱਖਣੀ ਭਾਰਤ ਦਾ ਇਤਿਹਾਸ ਕਲਮਬੰਦ ਕੀਤਾ। ਆਰ.ਸੀ.ਮਜੂਮਦਾਰ ਤੇ ਹੋਰਾਂ ਵਲੋਂ ਲਿਖੀ The History and Culture of Indian People (1951) ਦੀਆਂ ਪਹਿਲੀਆਂ ਤਿੰਨ ਜਿਲਦਾਂ ਵੀ ਜਾਣਕਾਰੀ ਭਰਪੂਰ ਹਨ। ਇਹ ਵੱਖਰੀ ਗੱਲ ਹੈ ਕਿ ਜੇਮਜ ਮਿਲ ਵਾਂਗ ਮਜੂਮਦਾਰ ਵੀ ਪ੍ਰਾਚੀਨ ਭਾਰਤੀ ਇਤਿਹਾਸ ਨੂੰ ਹਿੰਦੂ ਇਤਿਹਾਸ ਹੀ ਮੰਨਦਾ ਹੈ।

ਏ.ਐਲ.ਬਾਹਸ਼ਮ ਇਕ ਹੋਰ ਆਧੁਨਿਕ ਇਤਿਹਾਸਕਾਰ ਹੈ ਜੋ ਕਿ ਵਿਦੇਸ਼ਾਂ ਵਿਚ ਭਾਰਤ ਉੱਪਰ ਹੋ ਰਹੀ ਖੋਜ (Indology) ਵਿਚ ਵਿਸ਼ੇਸ਼ ਨਾਮ ਰੱਖਦਾ ਹੈ। ਉਸ ਦੀਆਂ ਮਹੱਤਵਪੂਰਨ ਪੁਸਤਕਾਂ ਹਨ :

(i) The Wonder That was India (1954, 1967)

(ii) A Cultural History of India (1975)

(iii) The Origins and Development of Classical Hinduism (1990)

## ਸੋਮੇ ਤੇ ਉਨ੍ਹਾਂ ਦੀ ਕਿਸਮਾਂ :-

***ਆਕਸਫੋਰਡ ਹਿਸਟਰੀ ਆਫ ਇੰਡੀਆ*** ਅਨੁਸਾਰ ਭਾਰਤੀ ਇਤਿਹਾਸ ਦੇ ਸੋਮੇ ਛੇ ਸ਼੍ਰੇਣੀਆਂ ਵਿਚ ਵੰਡੇ ਹਨ : ਮੂਲ ਭਾਰਤੀ ਸੋਮੇ ਜਿਹੜੇ ਕਿ ਅਗੋਂ ਪੰਜ ਸ਼੍ਰੇਣੀਆਂ ਵਿਚ ਵੰਡੇ ਹਨ। ਇਨ੍ਹਾਂ ਦੀ ਛੇਵੀਂ ਸ਼੍ਰੇਣੀ ਵਿਦੇਸ਼ੀ ਲਿਖਤਾਂ ਦੇ ਰੂਪ ਵਿਚ ਹੈ।

## ਪੰਜ ਸ਼੍ਰੇਣੀਆਂ

**(1) ਅਭਿਲੇਖ ਜਾਂ ਉਕਰੇਵੇਂ ਲੇਖ (Inscriptions) :** ਇਨ੍ਹਾਂ ਨੂੰ Epigraphy ਜਾਂ Epigraphic evidence ਵੀ ਆਖਿਆ ਜਾਂਦਾ ਹੈ।

**(2) ਸਿੱਕੇ (Coins) :** ਇਹ Epigraphy ਵਿਚ ਵੀ ਆਉਂਦੇ ਹਨ ਤੇ ਵੱਖਰੀ ਸ਼੍ਰੇਣੀ ਵੀ ਹਨ। ਵੱਖਰੀ ਸ਼੍ਰੇਣੀ ਵਜੋਂ ਇਨ੍ਹਾਂ ਨੂੰ Numismatic evidence ਆਖਿਆ ਜਾਂਦਾ ਹੈ।

(3) ਯਾਦਗਾਰਾਂ, ਇਮਾਰਤਾਂ ਤੇ ਭਵਨ ਕਲਾ ਜਾਂ Archeological evidence

(4) ਪਰੰਪਰਾਵਾਦੀ ਸਾਹਿਤ ਤੇ ਸਾਹਿਤਕ ਪਰੰਪਰਾਵਾਂ

(5) ਪੁਰਾਤਨ ਇਤਿਹਾਸਕ ਲਿਖਤਾਂ - ਸਮਕਾਲੀ ਤੇ ਪਿਛਲੇਰੀਆਂ।

ਨੰਬਰ 4 ਅਤੇ 5 Literary evidence ਹਨ ਜਦੋਂ ਕਿ ਨੰਬਰ 1 ਅਤੇ 2 Epigraphy ਦੇ ਘੇਰੇ ਵਿਚ ਆਉਂਦੇ ਹਨ।

## (6) ਵਿਦੇਸ਼ੀ ਲਿਖਤਾਂ :-

ਇਨਾਂ ਵਿਚ ਵਰਨਣਯੋਗ ਹਨ - (ੳ) ਯੂਨਾਨੀ ਲਿਖਤਾਂ (ਅ) ਚੀਨੀ ਲਿਖਤਾਂ (ੲ) ਸਿਨਹਾਲੀ (ਸ) ਇਸਲਾਮੀ ਸਾਹਿਤ

ਹੁਣ ਅਸੀਂ ਇਨ੍ਹਾਂ ਸਾਰੇ ਸੋਮਿਆਂ ਨੂੰ ਹੀ ਵਿਸਥਾਰ ਵਿਚ ਵੇਖਾਂਗੇ।

## (1) Epigraphy ਜਾਂ ਉਕਰਵੇਂ ਲੇਖ (Inscriptions) :-

ਐਪੀਗ੍ਰਾਫ ਦਾ ਭਾਵ ਹੈ Inscription ਜਾਂ ਉਹ ਲਿਖਤ ਜਿਸ ਨੂੰ ਪੱਥਰ ਵਰਗੀ ਜਾਂ ਪੱਕੀ ਇੱਟ ਵਰਗੀ ਚੀਜ ਉੱਪਰ ਤਿੱਖੀ ਚੀਜ ਨਾਲ ਝਰੀਟ ਕੇ ਲਿਖਿਆ ਜਾਵੇ। ਐਪੀਗ੍ਰਾਫੀ ਇਨ੍ਹਾਂ ਲਿਖਤਾਂ ਦੇ ਅਧਿਐਨ ਦਾ ਵਿਗਿਆਨ ਹੈ। ਇਹ ਲਿਖਤ ਘਰ ਦੀਆਂ ਦੀਵਾਰਾਂ, ਮਿੱਟੀ ਦੇ ਪੱਕੇ ਬਰਤਨਾਂ ਤੇ ਲੱਕੜੀ ਉੱਪਰ ਵੀ ਹੋ ਸਕਦੀ ਹੈ। ਪਰੰਤੂ ਮੁੱਖ ਰੂਪ ਵਿਚ ਪੱਥਰ ਜਾਂ ਚਟਾਨਾਂ ਉੱਪਰ ਹੀ ਮਿਲਦੀ ਹੈ ਕਿਉਂਕਿ ਲੱਕੜੀ ਜਿਆਦਾ ਦੇਰ ਨਹੀਂ ਰਹਿ ਸਕਦੀ। ਆਮ ਤੌਰ ਤੇ ਇਹ ਲਿਖਤਾਂ ਛੋਟੀਆਂ ਹੁੰਦੀਆਂ ਹਨ। ਹਾਂ, ਕਈ ਵਾਰ ਇਹ ਨਰਮ ਸਮੱਗਰੀ ਜਿਵੇਂ ਕਿ ਖੰਜੂਰਾਂ ਦੇ ਪੱਤੇ ਜਾਂ ਤਿਆਰ ਕੀਤਾ ਚਮੜਾ ਜਾਂ ਕੱਪੜੇ ਉੱਪਰ ਵੀ ਮਿਲਦੀਆਂ ਹਨ। ਇਸ ਸੂਰਤ ਵਿਚ ਇਹ ਲੰਮੀਆਂ ਹੋ ਸਕਦੀਆਂ ਹਨ। ਪਰੰਤੂ ਅਜਿਹੀ ਸਥਿਤੀ ਵਿਚ ਇਹ Archival ਸਮੱਗਰੀ ਮੰਨੀਆਂ ਜਾਂਦੀਆਂ ਹਨ। ਪੱਥਰ ਅਤੇ ਧਾਤਾਂ ਤੇ ਉਕਰੇ ਲੇਖ ਹੀ Epigraphy ਦੇ ਘੇਰੇ ਵਿਚ ਆਉਂਦੇ ਹਨ।

ਉਕਰਵੇਂ ਲੇਖਾਂ ਦੀਆਂ ਉਪ-ਸ਼੍ਰੇਣੀਆਂ ਹਨ। ਪਹਿਲੀ ਗਾਰਾਫਟੀ (Graffiti) ਹੈ ਜਿਸ ਦਾ ਭਾਵ ਹੈ ਦੀਵਾਰ ਨੂੰ ਖਰੋਚ ਕੇ ਲਿਖਿਆ ਜਾਣਾ। ਦੂਸਰੀ ਉਪ-ਸ਼੍ਰੇਣੀ Legends ਦੀ ਹੈ। ਇਹ ਲਿਖਤ ਸਿੱਕਿਆਂ, ਮੈਡਲਾਂ ਤੇ ਮੋਹਰਾਂ ਉੱਪਰ ਮਿਲਦੀ ਹੈ। ਸਿੱਕਿਆਂ ਦੇ ਅਧਿਐਨ ਲਈ ਵੱਖਰਾ ਵਿਗਿਆਨ Numismatics ਵੀ ਹੈ।

### Palaeography :-

ਇਹ ਐਪੀਗ੍ਰਾਫੀ ਦੀ ਮੁਢਲੀ ਸ਼ਾਖਾ ਹੈ। ਇਹ ਉਹ ਵਿਗਿਆਨ ਹੈ ਜਿਸ ਰਾਹੀਂ ਲਿਪੀਆਂ ਜਾਂ ਲਿਖਣ ਦੀ ਵਿਧੀ (Mode of Writing) ਦਾ ਅਧਿਐਨ ਹੁੰਦਾ ਹੈ। ਲਿਪੀ ਦੀਆਂ ਕਿਸਮਾਂ ਹਨ। ਪੇਲੀਉਗ੍ਰਾਫੀ ਦਾ ਪਹਿਲਾ ਕਾਰਜ ਲਿਪੀ ਨੂੰ ਪੜ੍ਹਨਾ ਹੈ। ਦੂਸਰਾ ਲਿਪੀ ਦੀ ਬਣਤਰ ਤੇ ਇਸਤੇਮਾਲ ਦੇ ਆਧਾਰ ਤੇ ਭਾਸ਼ਾ ਤੇ ਲਿਖਤ ਦੀ ਉਮਰ ਜਾਂ ਕਾਲ ਦਾ ਅੰਦਾਜ਼ਾ ਲਾਉਣਾ ਹੈ।

ਜੇਕਰ ਸਿੰਧ ਘਾਟੀ ਸਭਿਅਤਾ ਦੀ ਲਿਪੀ ਜਿਹੜੀ ਅਜੇ ਤੱਕ ਪੜੀ ਨਹੀਂ ਜਾ ਸਕੀ, ਨੂੰ ਛੱਡ ਦੇਈਏ ਤਾਂ ਅਸ਼ੋਕ ਦੀਆਂ Inscriptions ਤੋਂ ਲੈ ਕੇ ਲੰਮੇ ਸਮੇਂ ਤੱਕ ਬਰਹਮੀ ਲਿਪੀ ਭਾਰਤ ਦੀ ਮੁੱਖ ਲਿਪੀ ਰਹੀ ਹੈ। ਇਸ ਵਿਚੋਂ ਹੀ ਉਨ੍ਹਾਂ ਸਾਰੀਆਂ ਲਿਪੀਆਂ ਦਾ ਵਿਕਾਸ ਹੋਇਆ ਜਿਨਾਂ ਨੂੰ (ਉਰਦੂ ਤੇ ਕਸ਼ਮੀਰੀ ਨੂੰ ਛੱਡ) ਅੱਜ ਦੇ ਕਰੰਸੀ ਨੋਟਾਂ ਉੱਪਰ ਵੇਖਦੇ ਹਾਂ। ਬਰਹਮੀ ਵਿਚੋਂ ਇਕ ਪਾਸੇ ਨਾਗਰੀ ਤੇ ਦੂਸਰੇ ਪਾਸੇ ਤਾਮਿਲ ਲਿਪੀ ਕਿਵੇਂ ਬਣੀ ? ਇਹ Epigraphy ਦਾ ਵੀ ਪ੍ਰਸ਼ਨ ਹੈ ਤੇ ਭਾਸ਼ਾ-ਵਿਗਿਆਨ ਦਾ ਵੀ।

ਇਕ ਲਿਪੀ ਦਾ ਗਿਆਨ ਦੂਸਰੀ ਲਿਪੀ ਦੇ ਗਿਆਨ ਵਿਚ ਸਹਾਈ ਹੋ ਸਕਦਾ ਹੈ। ਉਦਾਹਰਣ ਲਈ ਅਸ਼ੋਕਾ ਉਕਰਵੇਂ ਲੇਖਾਂ ਦਾ ਸਫਲਤਾ ਪੂਰਵਕ ਅਧਿਐਨ ਜੇਮਜ ਪਿੰਸਪ ਨੇ 1834-38 ਵਿਚਕਾਰ ਕੀਤਾ। ਅਸ਼ੋਕਾ ਸਮੇਂ ਵਰਤੀ ਬਰਹਮੀ ਨੂੰ ਪੜ੍ਹ ਕੇ ਉਸ ਨੇ ਖਰੋਸ਼ਟੀ ਲਿਪੀ ਵੀ ਪੜ੍ਹ ਲਈ। ਖਰੋਸ਼ਟੀ ਦੇ ਕੁਝ ਸ਼ਬਦ ਭਾਰਤੀ-ਯੂਨਾਨੀ ਸਿੱਕਿਆਂ ਉੱਪਰ ਉੱਕਰੇ ਹੋਏ ਸਨ। ਇਸ ਤਰ੍ਹਾਂ ਹੌਲੀ ਹੌਲੀ ਉਹ ਸਾਰੀਆਂ ਹੀ ਲਿਪੀਆਂ ਪੜਨੀਆਂ ਅਸਾਨ ਹੋ ਗਈਆਂ ਜੋ ਭਾਰਤ ਵਿਚ ਮੋਰੀਅਨ ਸਾਮਰਾਜ ਤੋਂ ਪਿਛੋਂ ਵਿਕਸਿਤ ਹੋਈਆਂ।

### Linguistics :-

ਲਿਖਣ ਦੀ ਵਿਧੀ, ਮੁਹਾਵਰਾ ਤੇ ਵਰਤੋਂ ਵਿਚ ਆਏ ਅੱਖਰ ਇਤਿਹਾਸ ਦੀਆਂ ਮਿਤੀਆਂ ਦੱਸਦੇ ਹਨ। ਉਦਾਹਰਣ ਲਈ ਉੜੀਸਾ ਦੇ ਰਾਜੇ ਖਾਰਵੇਲਾ ਦਾ ਪ੍ਰਸਿੱਧ ਹਾਥੀਗੁਫਾ ਲੇਖ (Hathigumpha Inscription of Kharavela) ਅਸ਼ੋਕਾ ਲੇਖਾਂ ਤੋਂ ਪਿਛੋਂ ਹੀ ਹੋ ਸਕਦੀ ਸੀ ਕਿਉਂਕਿ ਇਸ ਦੀ ਲਿਪੀ ਤੇ ਮੁਹਾਵਰਾ ਵਧੇਰੇ ਵਿਕਸਿਤ ਹੈ ਸੋ ਇਹ ਕਿਸੇ ਵੀ ਹਾਲਤ ਵਿਚ 100 ਬੀ.ਸੀ. ਤੋਂ ਪਹਿਲਾਂ ਦਾ ਨਹੀਂ ਹੋ ਸਕਦਾ।

ਸੰਸਕ੍ਰਿਤ ਕਦੋਂ ਸਹਿਨਸ਼ਾਹੀ ਲਿਖਤਾਂ ਦੀ ਇਕ ਮਾਤਰ ਭਾਸ਼ਾ ਬਣੀ ? ਇਸ ਦਾ ਜਵਾਬ ਵੀ ਅਸੀਂ ਭਾਸ਼ਾ ਵਿਗਿਆਨ ਦੇ ਸਹਾਰੇ ਲੱਭ ਸਕਦੇ ਹਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਅਸ਼ੋਕਾ ਦੀਆਂ ਲਿਖਤਾਂ ਸਿਰਫ ਲਿਪੀ ਦੀ ਭਿੰਨਤਾ ਹੀ ਨਹੀਂ ਰੱਖਦੀਆਂ ਸਗੋਂ ਜਿਸ ਖਿੱਤੇ ਵਿਚ ਸ਼ਿਲਾਲੇਖ ਤਿਆਰ ਹੋਏ ਉਸ ਖਿੱਤੇ ਦੀ ਬੋਲੀ ਦੇ ਕੁਝ ਸ਼ਬਦ ਜਰੂਰ ਉਸ ਵਿਚ ਆਏ। ਦੂਸਰੇ ਸ਼ਬਦਾਂ ਵਿਚ ਸ਼ਿਲਾਲੇਖ ਸੰਸਕ੍ਰਿਤ ਤੇ ਪ੍ਰਾਕ੍ਰਿਤ ਵਿਚ ਸਨ। ਇਸ ਦੇ ਉਲਟ ਰੁਦਰਮਨ ਦੀ ਜੂਨਾਗੜ੍ਹ Inscription ਜੋ ਕਿ 150 ਈਸਵੀ ਦੀ ਹੈ ਨਿਰੋਲ ਸੰਸਕ੍ਰਿਤ ਵਿਚ ਹੈ। ਇਸ ਦਾ ਭਾਵ ਇਹ ਹੈ ਕਿ 150 ਈਸਵੀ ਤਕ ਸੰਸਕ੍ਰਿਤ ਦੀ ਸਾਹਿਤਕ ਸਰਦਾਰੀ ਸਥਾਪਤ ਹੋਣਾ ਸ਼ੁਰੂ ਹੋ ਗਈ ਅਤੇ ਇਸ ਦੀ ਸਿਖਰ ਸਮੁੰਦਰ ਗੁਪਤ ਦੀ ਚੌਥੀ ਸਦੀ ਈਸਵੀ ਦੀ ਇਲਾਹਾਬਾਦ ਪਰਾਸ਼ਸ਼ਤੀ ਸੀ।

### ਪਰਸ਼ਸ਼ਤੀਆ (Eulogies) :-

ਉਕਰਵੇਂ ਲੇਖ ਸਮਾਂ ਪਾ ਕੇ ਪਰਸ਼ਸ਼ਤੀਆਂ ਦਾ ਰੂਪ ਧਾਰਨ ਕਰ ਗਏ। ਸਮਕਾਲੀ ਬਾਦਸ਼ਾਹ ਦੇ ਨਾਲ ਨਾਲ ਉਸ ਦੇ ਪੂਰਵ ਹੁਕਮਰਾਨਾਂ ਜਾਂ ਬਜੁਰਗਾਂ ਦੀ ਪ੍ਰਸ਼ੰਸਾ ਹੋਣ ਲੱਗੀ। ਇਸ ਤਰ੍ਹਾਂ ਪਰਸ਼ਸ਼ਤੀਆਂ ਵੰਸਾਵਲੀਆਂ ਦੀ ਤਰ੍ਹਾਂ ਹੁਕਮਰਾਨ ਵੰਸਾਂ ਬਾਰੇ ਜਾਣਕਾਰੀ ਦੇਣ ਲੱਗੀਆਂ।

ਕੁੱਲ ਮਿਲਾ ਕੇ ਉਕਰਵੇਂ ਲੇਖ ਪ੍ਰਾਚੀਨ ਭਾਰਤ ਦੇ ਬੇਹੱਦ ਮਹੱਤਵਪੂਰਨ ਸ੍ਰੋਤ ਹਨ ਕਿਉਂਕਿ ਇਹ ਸਾਨੂੰ ਜਮੀਨੀ ਸੰਬੰਧਾਂ, ਰਾਜ ਪ੍ਰਬੰਧ ਵਿਚ ਸੁਧਾਰ, ਵਿਉਪਾਰਕ ਸੰਗਠਨਾਂ (Guilds) ਤੇ ਕਾਮਿਆਂ ਬਾਰੇ ਵੀ ਜਾਣਕਾਰੀ ਦਿੰਦੇ ਹਨ। ਇਨ੍ਹਾਂ ਦੀਆਂ ਥਾਵਾਂ ਤੋਂ ਇਤਿਹਾਸਕ ਭੂਗੋਲ ਦਾ ਪਤਾ ਚਲਦਾ ਹੈ। ਮੰਦਰਾਂ ਤੇ ਤੀਰਥ ਸਥਾਨਾਂ ਤੇ ਮਿਲਣ ਵਾਲੇ ਲੇਖਾਂ ਤੋਂ ਧਾਰਮਿਕ ਰੀਤਾਂ ਤੇ ਸੰਪਰਦਾਇਆਂ ਦੀ ਜਾਣਕਾਰੀ ਹੁੰਦੀ ਹੈ।

### ਸਿੱਕੇ (Coins) :-

ਪ੍ਰਾਚੀਨ ਭਾਰਤ ਵਿਚ ਸਿੱਕੇ 6ਵੀਂ ਸਦੀ ਈਸਾ ਪੂਰਵ ਮਿਲਣੇ ਸ਼ੁਰੂ ਹੋ ਜਾਂਦੇ ਹਨ। ਹੌਲੀ ਹੌਲੀ ਇਕ ਤੋਂ ਵੱਧ ਧਾਤਾਂ ਜਿਵੇਂ ਕਿ ਸੋਨਾ, ਚਾਂਦੀ, ਤਾਂਬਾ, ਪਿੱਤਲ ਤੇ ਮਿਲੀਆਂ ਜੁਲੀਆਂ ਧਾਤਾਂ ਦਾ ਇਸਤੇਮਾਲ ਹੋਇਆ। ਅਕਸਰ ਹੀ ਸਿੱਕੇ ਉਪਰ ਰਾਜੇ ਦਾ ਨਾਮ, ਹਕੂਮਤ ਦਾ ਚਿੰਨ, ਬਚਨ ਜਾਂ ਆਦੇਸ਼ ਉੱਕਰੇ ਹੁੰਦੇ ਹਨ। ਇੰਜ ਇਹ ਰਾਜਨੀਤਕ, ਧਾਰਮਿਕ, ਸਭਿਆਚਾਰਕ ਤੇ ਭਾਸ਼ਾਈ ਇਤਿਹਾਸ ਲਿਖਣ ਵਿਚ ਸਹਾਈ ਹੁੰਦੇ ਹਨ। ਭਾਰਤੀ ਸਿੱਕਿਆਂ ਦਾ ਇਤਿਹਾਸ ਦੱਸਦਾ ਹੈ ਕਿ ਕਿਵੇਂ ਹਿੰਦ-ਯੂਨਾਨੀ ਜਾਂ ਹਿੰਦ-ਬੈਕਟੀਰੀਅਨ ਤੇ ਹਿੰਦ-ਪਾਰਥੀਅਨ ਵਰਗੀਆਂ ਕੌਮਾਂ ਨੇ ਵੀ ਦੇਸ਼ ਤੇ ਰਾਜ ਕੀਤਾ। ਉੱਤਰ-ਪੱਛਮੀ ਭਾਗਾਂ ਲਈ ਤਾਂ ਸਿੱਕੇ ਹੋਰ ਵੀ ਮਹੱਤਵਪੂਰਨ ਹਨ। ਇਕ ਹੀ ਵੰਸ਼ ਦੇ ਰਾਜਿਆਂ ਦੇ ਸਿੱਕੇ ਵੱਖ ਭਾਰ ਤੇ ਆਕਾਰ ਹੋ ਸਕਦੇ ਹਨ ਜਿਵੇਂ ਕਿ ਗੁਪਤ ਕਾਲ ਦੇ ਸਿੱਕੇ। ਸਿੱਕਿਆਂ ਲਈ ਵਰਤੀ ਧਾਤ, ਭਾਰ ਤੇ ਆਕਾਰ ਤੋਂ ਉਸ ਸਮੇਂ ਦੀ ਆਰਥਿਕ ਸਥਿਤੀ ਦਾ ਅੰਦਾਜਾ ਲਾਇਆ ਜਾ ਸਕਦਾ ਹੈ।

### ਯਾਦਗਾਰਾਂ, ਇਮਾਰਤਾਂ ਤੇ ਭਵਨ ਨਿਰਮਾਣ (The Archeaological Evidence) :-

ਆਰਕਿਉਲਜੀ ਜਾਂ ਪੁਰਾਤਤਵ-ਵਿਗਿਆਨ ਉਹ ਵਿਧੀ ਹੈ ਜਿਸ ਰਾਹੀਂ ਪ੍ਰਾਚੀਨ ਥੇਹਾਂ ਦੀ ਖੁਦਾਈ ਕਰਕੇ ਬਰਬਾਦ ਹੋਏ ਮਨੁੱਖੀ ਜੀਵਨ ਨੂੰ ਸੁਰਜੀਤ ਕੀਤਾ ਜਾਂਦਾ ਹੈ। ਮਿਲੀ ਹੋਈ ਸਮੱਗਰੀ ਜਾਂ ਅਵਸ਼ੇਸ਼ ਘੜੇ ਦੇ ਠੀਕਰੇ ਤੋਂ ਲੈ ਕੇ ਰਾਜੇ ਦੀ ਮੋਹਰ ਤੱਕ ਕੁਝ ਵੀ ਹੋ ਸਕਦਾ ਹੈ। ਜਿਵੇਂ ਜਿਵੇਂ ਅਸੀਂ ਇਤਿਹਾਸ ਤੋਂ ਪੂਰਵ-ਇਤਿਹਾਸ ਵੱਲ ਜਾਂਦੇ ਹਾਂ ਪੁਰਾਤਤਵ-ਵਿਗਿਆਨ ਉੱਪਰ ਨਿਰਭਰਤਾ ਵਧਦੀ ਜਾਂਦੀ ਹੈ। ਖੁਦਾਈ ਦੌਰਾਨ ਮਿਲੀਆਂ ਕਲਾ ਕ੍ਰਿਤੀਆਂ ਪ੍ਰਾਚੀਨ ਗ੍ਰੰਥਾਂ ਦੀ ਤਰ੍ਹਾਂ ਹੀ ਮਹੱਤਵਪੂਰਨ ਹੁੰਦੀਆਂ ਹਨ। ਸ਼ਹਿਰਾਂ, ਮੰਦਰਾਂ, ਸਤੂਪ (ਬੋਧੀ ਮੰਦਰ), ਗੁਫਾਵਾਂ, ਸਿੱਕੇ ਅਤੇ ਅਨੇਕਾਂ ਪ੍ਰਕਾਰ ਦੀ ਹੋਰ ਸਮੱਗਰੀ ਧਾਰਮਿਕ ਤੇ ਸਮਾਜਿਕ ਜੀਵਨ ਬਾਰੇ ਜਾਣਕਾਰੀ ਦਿੰਦੀ ਹੈ। ਅਸ਼ੋਕ ਦੇ ਸਾਂਚੀ ਅਤੇ ਬਾਰਹਟ ਦੇ ਸਤੂਪ, ਗੁਪਤ ਸਮੇਂ ਦੇ ਦੇਵਗੁੜ੍ਹ, ਭੀਤਰੀ ਗਾਉ ਤੇ ਤਿਗਾਵਾ ਦੇ ਮੰਦਰ ਅਤੇ ਕਨਿਸ਼ਕ ਸਮੇਂ ਦੀਆਂ ਟੈਕਸਿਲਾ ਤੋਂ ਮਿਲੀਆਂ ਬੋਧੀ ਕਾਲ ਦੀਆਂ ਮੂਰਤੀਆਂ ਵਰਨਣ ਯੋਗ ਪੁਰਾਤਤਵ ਸਮੱਗਰੀ ਹੈ।

## ਪੂਰਵ–ਇਤਿਹਾਸ ਲਈ ਮਿਤੀ ਨਿਸਚਿਤ ਕਰਨ ਦੀ ਵਿਧੀ (Dating Method for Pre-History) :-

ਥੇਹਾਂ ਦੀ ਖੁਦਾਈ ਤੋਂ ਮਿਲੀ ਸਮੱਗਰੀ ਦਾ ਸਮਾਂ ਜਾਂ ਕਾਲ ਨਿਸਚਿਤ ਕਰਨ ਲਈ ਅੱਜ ਕੱਲ ਅਨੇਕਾਂ ਵਿਧੀਆਂ ਹਨ

(ੳ) ਸਮੱਗਰੀ ਦੀਆਂ ਤਹਿਆਂ ਹੁੰਦੀਆਂ ਹਨ – ਇਕ ਉਪਰ ਦੂਸਰੀ ਤੀਸਰੀ ਤਹਿ। ਉਪਰਲੀ ਤਹਿ ਵਲੋਂ ਜਿਉਂ ਜਿਉਂ ਅਸੀਂ ਹੇਠਲੀਆਂ ਤਹਿਆਂ ਵੱਲ ਜਾਂਦੇ ਹਾਂ ਤਾਂ ਅਸੀਂ ਘੱਟ ਪੁਰਾਣੀ ਸਭਿਅਤਾ ਤੋਂ ਵੱਧ ਪੁਰਾਣੀ ਸਭਿਅਤਾ ਵੱਲ ਜਾ ਰਹੇ ਹੁੰਦੇ ਹਾਂ। ਇਨ੍ਹਾਂ ਤਹਿਆਂ ਤੋਂ ਸਮੇਂ ਦਾ ਅੰਦਾਜਾ ਹੋ ਜਾਂਦਾ ਹੈ। ਤਹਿ ਦੀ ਮੋਟਾਈ ਵੀ ਕਿਸੇ ਸਭਿਆਚਾਰ ਦੇ ਦੇਰਪਾਹ ਹੋਣ ਦਾ ਚਿੰਨ੍ਹ ਹੁੰਦੀ ਹੈ।

(ਅ) ਸਮੇਂ ਦਾ ਅੰਦਾਜਾ ਹੋਰ ਵੀ ਸੌਖਾ ਹੋ ਜਾਂਦਾ ਹੈ ਜੇਕਰ ਹੱਡੀਆਂ ਮਿਲ ਜਾਣ। ਹੱਡੀਆਂ ਦੀ ਉਮਰ ਦਾ ਉਨ੍ਹਾਂ ਵਿਚ ਗੈਸਾਂ ਜਿਵੇਂ ਫਲੋਰਾਈਨ, ਨਾਈਟਰੋਜਨ ਤੇ ਯੂਰੇਨੀਅਮ ਦੇ ਤੱਤ ਤੋਂ ਪਤਾ ਚਲ ਜਾਂਦਾ ਹੈ। ਹੱਡੀਆਂ ਜਿਵੇਂ ਜਿਵੇਂ ਪੁਰਾਣੀਆਂ ਹੁੰਦੀਆਂ ਹਨ ਤਿਵੇਂ ਤਿਵੇਂ ਉਨ੍ਹਾਂ ਵਿਚ ਫਲੋਰਾਈਨ ਤੇ ਯੂਰੀਆ ਵਧਦੇ ਜਾਂਦੇ ਹਨ – ਨਾਈਟਰੋਜਨ ਘਟਦੀ ਜਾਂਦੀ ਹੈ। ਇਸ ਤਰ੍ਹਾਂ ਹੱਡੀਆਂ ਦੀਆਂ ਤਹਿਆਂ ਕਿਸੇ ਖਿੱਤੇ ਦੇ ਜੀਵਨ ਦੇ ਸਮੇਂ ਬਾਰੇ ਸੰਕੇਤ ਦਿੰਦੀਆਂ ਹਨ।

(ੲ) ਸਮੇਂ ਜਾਂ ਮਿਤੀ ਦਾ ਠੀਕ ਅੰਦਾਜਾ ਲਾਉਣ ਲਈ ਵਧੇਰੇ ਵਿਗਿਆਨਕ ਵਿਧੀਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ

(1) ਪੋਟਾਸੀਅਮ–ਅਰਗੋਣ (K-Ar) ਵਿਧੀ

(2) ਪੈਲੀਓ–ਮੈਗਨੈਟਿਜਮ (Palaeo-magnetism)

(3) ਕਾਰਬਨ 14 ਵਿਧੀ ਅਤੇ ਕਈ ਹੋਰ ਵਿਧੀਆਂ

## ਸਾਹਿਤ – ਪਰੰਪਰਾਵਾਦੀ ਤੇ ਸਾਹਿਤ ਦੀਆਂ ਪਰੰਪਰਾਵਾਂ :–

ਸਾਹਿਤ ਤੇ ਪਰੰਪਰਾ ਵਿਚ ਸੰਬੰਧ ਸਿੱਧਾ ਤੇ ਸਪਸ਼ਟ ਹੈ। ਲਿਖਤ ਰਾਹੀਂ ਪਰੰਪਰਾ ਪਰਿਭਾਸ਼ਤ ਵੀ ਹੁੰਦੀ ਹੈ ਅਤੇ ਪਾਏਦਾਰ ਵੀ ਬਣਦੀ ਹੈ। ਪ੍ਰਾਚੀਨ ਭਾਰਤੀ ਸਾਹਿਤ ਰਿਗਵੇਦ ਤੋਂ ਸ਼ੁਰੂ ਹੁੰਦਾ ਹੈ। ਵੇਦ ਚਾਰ ਹਨ। ਵੈਦਿਕ ਸਾਹਿਤ ਉਹ ਸਾਹਿਤ ਹੈ ਜੋ ਜਾਂ ਤਾਂ ਵੇਦਾਂ ਦੀ ਵਿਆਖਿਆ ਕਰਦਾ ਹੈ ਜਾਂ ਇਨ੍ਹਾਂ ਨੂੰ ਗਿਆਨ ਦੀ ਇਕੋ ਇਕ ਕਸਵੱਟੀ ਮੰਨਦਾ ਹੈ। ਪਰੰਤੂ ਵੈਦਿਕ ਸਾਹਿਤ ਦੇ ਸਰੂਪ ਧਾਰਮਿਕ ਤੇ ਵਿਹਾਰੀ ਭਾਵ ਸੈਕੂਲਰ ਦੋਵੇਂ ਹੀ ਹਨ।

## ਵੇਦ ਤੇ ਵੈਦਿਕ ਸਾਹਿਤ :–

ਚਾਰ ਵੇਦ ਹਨ : (ੳ) ਰਿਗਵੇਦ (ਅ) ਸਾਮਵੇਦ (ੲ) ਯਜੁਰ ਵੇਦ (ਸ) ਅਥਰਵ ਵੇਦ। ਵੇਦ ਦਾ ਅਰਥ ਗਿਆਨ ਜਾਂ ਵਿਦਿਆ ਹੈ। ਟੀਕਿਆਂ ਤੇ ਵਖਿਆਨਾਂ ਰਾਹੀਂ ਵੇਦਾਂ ਤੇ ਅਧਾਰਤ ਸਾਹਿਤ ਜਿਵੇਂ ਕਿ *ਬ੍ਰਾਹਮਣਜ* ਅਤੇ *ਉਪਨਿਸ਼ੇਦ* ਹੋਂਦ ਵਿਚ ਆਏ। ਹੋਰ ਤਾਂ ਹੋਰ *ਜੰਗਲ ਪੁਸਤਕਾਂ* ਨੂੰ ਵੀ ਵੈਦਿਕ ਸਾਹਿਤ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ।

ਦੂਸਰੀ ਵੰਨਗੀ ਵਿਚ ਉਹ ਸਾਹਿਤ ਸ਼ਾਮਲ ਹੈ ਜਿਸ ਵਿਚ ਆਰੀਅਨ ਮਨੁੱਖ ਦਾ ਆਪਣਾ ਤਜਰਬਾ ਭਾਰੂ ਸੀ। ਤੇ ਵੱਖ ਨਾਵਾਂ ਵਾਲੇ ***ਸੂਤਰ*** ਇਸ ਵਿਚ ਆਉਂਦੇ ਹਨ। *ਪੁਰਾਣ* ਗਿਣਤੀ ਵਿਚ 18 ਹਨ। *ਸੂਤਰ* ਉਹ ਪੁਸਤਕਾਂ ਹਨ ਜੋ ਵਿਆਕਰਨ ਤੋਂ ਸ਼ੁਰੂ ਹੋ ਕੇ ਕਾਨੂੰਨ ਤੇ ਇਤਿਹਾਸ ਤੱਕ ਹੋ ਸਕਦੀਆਂ ਹਨ। ਸੂਤਰ ਦਾ ਭਾਵ ਬਿਆਨ ਜਾਂ ਸਟੇਟਮੈਂਟ ਹੈ। ਇਸੇ ਕਰਕੇ ਸੂਤਰ ਵਿਚ ਤਜਰਬਾ ਤੇ ਅਨੁਭਵ ਸ਼ਾਮਲ ਹਨ।

ਵੈਦਿਕ ਸਾਹਿਤ ਵਿਚ ਹੀ *ਮਹਾਂਭਾਰਤ* ਅਤੇ *ਰਮਾਇਣ* ਦੇ ਮਹਾਂਕਾਵਿ ਸ਼ਾਮਲ ਹਨ। ਕਲਪਤ ਹੋਣ ਦੇ ਬਾਵਜੂਦ ਮਹਾਂਕਾਵਿ ਸਮੇਂ ਦੀ ਭਰਪੂਰ ਜਾਣਕਾਰੀ ਦਿੰਦੇ ਹਨ। ਪਾਤਰ ਤੇ ਸਥਾਨ ਅਕਸਰ ਹੀ ਵਾਸਤਵਿਕ ਰਾਜਾਂ (Kingdoms/Republics) ਤੇ ਸ਼ਹਿਰਾਂ ਤੇ ਅਧਾਰਤ ਹਨ। ਮਹਾਂਕਾਵਿ ਦਾ ਯੁੱਧ-ਭੂਮੀ ਤੇ ਨਾਇਕ ਪੂਜਾ (Hero-Worship) ਨਾਲ ਸਿੱਧਾ ਸੰਬੰਧ ਹੈ।

ਸਾਹਿਤ ਦੀ ਵੰਨਗੀ ਤੇ ਰੂਪ (Form) ਤੇਜੀ ਨਾਲ ਬਦਲ ਰਹੇ ਪ੍ਰਾਚੀਨ ਭਾਰਤ ਦੀ ਤਸਵੀਰ ਪੇਸ਼ ਕਰਦੇ ਹਨ। ਰਾਜਨੀਤਕ ਆਰਥਿਕ ਤਬਦੀਲੀਆਂ ਕਾਰਨ ਹੀ ਸਾਹਿਤ ਦੇ ਨਵੇਂ ਰੂਪ ਬਣਦੇ ਹਨ। ਉਦਾਹਰਣ ਲਈ ਰਿਗਵੇਦ ਅਨੁਸਾਰ ਅਨੇਕਾਂ ਰਾਜੇ ਸਨ, ਸਮਾਜ ਵਿਚ ਔਰਤ ਦਾ ਸਥਾਨ ਨੀਵਾਂ ਨਹੀਂ ਸੀ ਅਤੇ *ਸਭਾ* ਤੇ *ਸੰਮਤੀ* ਦੀਆਂ ਸ਼ਕਤੀਆਂ ਅਸੀਮ ਸਨ। ਇਸ ਤਸਵੀਰ ਦੇ ਉਲਟ *ਪੁਰਾਣ* ਦੱਸਦੇ ਹਨ ਰਾਜ ਵਿਸ਼ਾਲ ਤੇ ਸ਼ਕਤੀਸਾਲੀ ਸਨ, ਫੌਜੀ ਸਾਮਰਾਜਾਂ ਨੇ *ਸਭਾ* ਤੇ ਔਰਤ ਦੀ ਪਦਵੀ ਘਟਾ ਦਿੱਤੀ। ਮੋਰੀਅਨ ਤੇ ਗੁਪਤ ਸਾਮਰਾਜ ਵਰਗੇ ਰਾਜਾਂ ਦੀ ਅਗਾਹੂ ਕਲਪਨਾ ਮਹਾਂਕਾਵਿ *ਮਹਾਂਭਾਰਤ* ਵਿਚ ਕੀਤੀ ਗਈ ਕਿਉਂਕਿ ਇਹ ਪਾਂਡਵ, ਕੌਸ਼ਲ ਤੇ ਪੰਚਾਲ ਜਿਹੇ ਸ਼ਕਤੀਸਾਲੀ ਰਾਜਾਂ ਦਾ ਵਰਨਣ ਕਰਦਾ ਹੈ।

## ਬੋਧੀ ਸਾਹਿਤ :-

ਬੋਧੀ ਗ੍ਰੰਥਾਂ ਨੂੰ *ਪਿਟਕ* (ਭਾਵ ਪਟਾਰੀ) ਕਿਹਾ ਜਾਂਦਾ ਹੈ। ਅੰਗਰੇਜੀ ਵਿਚ ਕੁਲੈਕਸ਼ਨ ਕਹਿ ਸਕਦੇ ਹਾਂ। ਸ਼ੁਰੂ ਵਿਚ ਇਹ ਸੰਸਕ੍ਰਿਤ ਵਿਚ ਨਹੀਂ *ਪ੍ਰਾਕਿਰਤ* (ਪਾਲੀ) ਵਿਚ ਲਿਖੇ ਗਏ। *ਪਿਟਕ* ਚਾਰ ਹਨ : (1) ਤ੍ਰਿਪਿਟਕ (2) ਸੁੱਤ-ਪਿਟਕ (3) ਵਿਨੈਪਿਟਕ (4) ਅੱਭਿਧਮ ਪਿਟਕ।

ਬੋਧੀ ਸਾਹਿਤ ਚੀਨ ਤੇ ਸ੍ਰੀ ਲੰਕਾ ਵਿਚ ਵੀ ਰਚਿਆ ਗਿਆ। *ਮਹਾਂਵਮਸ* ਅਤੇ *ਦੀਪਵਮਸ* ਦੋ ਅਜਿਹੇ ਗ੍ਰੰਥ ਹਨ ਜੋ ਸ੍ਰੀ ਲੰਕਾ ਦੀ ਰਾਜਨੀਤਕ ਤੇ ਸਮਾਜਿਕ ਵਿਵਸਥਾ ਦੀ ਜਾਣਕਾਰੀ ਦਿੰਦੇ ਹਨ।

*ਲਲਿਤ ਵਿਸਤਾਰ* ਬੋਧੀ ਗ੍ਰੰਥ ਦੂਸਰੀ/ਤੀਸਰੀ ਸ਼ਤਾਬਦੀ ਵਿਚ ਨੇਪਾਲ ਵਿਖੇ ਰਚਿਆ ਗਿਆ ਹੈ। ਇਹ ਸੰਸਕ੍ਰਿਤ ਭਾਸ਼ਾ ਵਿਚ ਹੈ। ਇਸ ਰਾਹੀਂ ਮਹਾਤਮਾ ਬੁੱਧ ਦੇ ਜੀਵਨ ਨੂੰ ਚਿਤਰਿਆ ਗਿਆ ਹੈ। ਬੁੱਧ ਨੂੰ ਸੰਸਕ੍ਰਿਤ ਭਾਸ਼ਾ ਰਾਹੀਂ ਚਿਤਰਨ ਦਾ ਰਿਵਾਜ ਸਮਰਾਟ ਕਨਿਸ਼ਕ ਸਮੇਂ ਹੋਰ ਵੀ ਵਧ ਗਿਆ। ਕਨਿਸ਼ਕ ਸਮੇਂ ਅਸ਼ਵਘੋਸ਼ ਨੇ *ਬੁੱਧ ਚਰਿੱਤਰ* ਅਤੇ ਵਸੂਮਿਤ੍ਰ ਨੇ *ਮਹਾਂਵਿਭਾਸ਼* ਦੀ ਰਚਨਾ ਸੰਸਕ੍ਰਿਤ ਵਿਚ ਕੀਤੀ।

ਬੁੱਧ ਦੀਆਂ ਕਥਾਵਾਂ ਜਾਂ ਸਾਖੀਆਂ ਨੂੰ *ਜੱਤਕ* ਕਿਹਾ ਗਿਆ ਹੈ। ਇਨ੍ਹਾਂ ਦੀ ਸੰਖਿਆ 549 ਹੈ। ਇਹ ਕਥਾਵਾਂ ਬੁੱਧ ਧਰਮ ਨੂੰ ਲੋਕ-ਧਰਮ ਬਣਾਉਂਦੀਆਂ ਹਨ।

## ਜੈਨੀ ਸਾਹਿਤ :-

*ਬਾਰਾਅੰਗਾ* ਜੈਨਮਤ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ। ਇਸ ਤੋਂ ਭਗਵਾਨ ਮਹਾਂਵੀਰ ਦੇ ਜੀਵਨ ਅਤੇ ਯੁੱਗ ਬਾਰੇ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਤੋਂ ਬਿਨਾਂ (ੳ) *12 ਉਪ-ਅੰਗ* (ਅ) *10 ਪ੍ਰਕੀਰਨ* (ੲ) *6 ਸੂਤਰ* ਅਤੇ (ਸ) *4 ਮੂਲ ਸੂਤਰ* ਹਨ। ਇਨ੍ਹਾਂ ਵਿਚ ਜੈਨ ਧਰਮ ਦੇ ਪਰਿਵਚਨ, ਨਿਯਮ ਤੇ ਹੋਰ ਮਤਾਂ ਦਾ ਖੰਡਨ ਸ਼ਾਮਲ ਹਨ।

***ਕਪਲਵਸਤੂ*** ਅਤੇ ***ਪਰਿਸ਼ਿਸ਼ਟ-ਪਰਵ*** ਦੋ ਹੋਰ ਗ੍ਰੰਥ ਹਨ ਜਿਹੜੇ ਕਿ ਜੈਨਮਤ ਦੇ ਮੁਢਲੇ ਤੇ ਮੱਧਕਾਲ ਬਾਰੇ ਜਾਣਕਾਰੀ ਦਿੰਦੇ ਹਨ। ਕਪਲਵਸਤੂ ਭਦਰਬਾਹੂ ਦੀ ਰਚਨਾ ਸੀ ਜਦੋਂ ਕਿ ਪਰਵ 12ਵੀਂ ਸਦੀ ਈ. ਵਿਚ ਲਿਖਿਆ ਗਿਆ।

## ਪੁਰਾਤਨ ਇਤਿਹਾਸਕ ਲਿਖਤਾਂ :-

600 ਬੀ.ਸੀ. ਤੱਕ ਭਾਰਤੀ ਇਤਿਹਾਸ ਦੇ ਲਿਖਤੀ ਸੋਮਿਆਂ ਵਿਚ ਪ੍ਰਮੁੱਖ ਵੇਦ, ਪੁਰਾਨ ਅਤੇ ਮਹਾਂਕਾਵਿ ਹੀ ਹਨ। ਇਸ ਤੋਂ ਪਿਛੋਂ ਬੋਧੀ ਸਾਹਿਤ, ਜੈਨੀ ਸਾਹਿਤ ਅਤੇ ਹੋਰ ਲਿਖਤਾਂ ਜਿਨ੍ਹਾਂ ਵਿਚ ਵਿਆਕਰਣ ਨਾਲ ਸੰਬੰਧਤ ਰਚਨਾਵਾਂ ਵੀ ਹਨ - ਇਤਿਹਾਸਕ ਸੋਮੇ ਹਨ।

ਪ੍ਰਾਚੀਨ ਇਤਿਹਾਸ ਦੇ ਪਿਛਲੇਰੇ ਦੌਰ - ਜਿਹੜਾ ਕਿ ਗੁਪਤ ਕਾਲ ਜਾਂ 320 ਏ.ਡੀ. ਤੋਂ ਸ਼ੁਰੂ ਹੁੰਦਾ ਹੈ - ਦੀਆਂ ਰਚਨਾਵਾਂ ਦੋ ਕਿਸਮ ਦੀਆਂ ਹਨ (ੳ) ਜੀਵਨੀਆਂ ਅਤੇ (ਅ) ਸਥਾਨਕ ਤਵਾਰੀਖਾਂ (Local Chronicles)

**ਪ੍ਰਸਿੱਧ ਰਚਨਾਵਾਂ :-**

| ਲੜੀ ਨੰ. | ਲਿਖਾਰੀ | ਸਮਾਂ | ਨਾਮ | ਰਚਨਾ ਦਾ | ਵਿਸ਼ਾ |
|---|---|---|---|---|---|
| 1. | ਬਾਣ ਭੱਟ | 604-647 | ਹਰਸ਼ ਚਰਿਤ | ਸਮਰਾਟ ਹਰਸ਼ ਦਾ ਜੀਵਨ ਤੇ ਸਫਲਤਾਵਾਂ | |
| 2. | ਚਾਂਦ ਬਰਦਾਈ | 12ਵੀਂ ਸਦੀ ਈ. | ਪਿਰਥਵੀਰਾਜਰਾਸੋ | ਪ੍ਰਿਥਵੀ ਰਾਜ ਚੌਹਾਨ ਦੇ ਕਾਰਨਾਮੇ | |
| 3. | ਕਲਹਣ | ਉਹੀ ਸਮਾਂ | ਰਾਜਤਰੰਗਣੀ | ਜਾਂ ਕਸ਼ਮੀਰ ਦਾ ਇਤਿਹਾਸ | |
| 4. | ਸੋਮੇਸ਼ਵਰ? | | ਰਸਮਾਲਾ | ਗੁਜਰਾਤ ਦਾ ਇਤਿਹਾਸ | |
| 5. | ਉਹੀ | | ਕੀਰਤ ਕੋਮਦੀ | ਉਹੀ | |
| 6. | ਵਾਕਪਤੀ? | | ਗੌਡਵਹੋ | ਭਾਰਤ ਦਾ ਇਤਿਹਾਸ | |
| 7. | ਹੇਮ ਚੰਦਰ ਅਤੇ ਜੈ ਸਿੰਘ | | ਕੁਸਾਰਪਾਲ ਚਰਿਤ | ਗੁਜਰਾਤ ਦਾ ਇਤਿਹਾਸ | |
| 8. | ਵਿਸਾਖ ਦੱਤ | | ਮੁਦਰਾਖਸ਼ਸ | ਗੁਪਤਾ ਕਾਲ | ਚੰਦਰ ਗੁਪਤ ਮੋਰੀਆ ਦਾ ਜੀਵਨ |
| 9. | ਕਾਲੀਦਾਸ | | ਸ਼ਕੁੰਤਲਾ ਤੇ ਮੇਘਦੂਤ | ਗੁਪਤ ਕਾਲ ਦੀ ਧਾਰਮਿਕ-ਸਮਾਜਿਕ ਵਿਵਸਥਾ | |
| 10. | ਉਹੀ | | ਮਾਲਵਿਕ ਅਗਨੀਮਿਤਰ | | |
| 11. | ਹਰਸ਼ਵਰਧਨ | | ਪ੍ਰਿਯਾਦਰਸਿਕਾ | ਹਰਸ਼ਵਰਧਨ ਕਾਲ ਦਾ ਸਮਾਜਿਕ ਤੇ ਸਭਿਆਚਾਰਕ ਭਾਰਤ | |
| 12. | ਉਹੀ | | ਰਤਨਾਵਲੀ | | |
| 13. | ਕੋਟੱਲਿਆ ਦਾ | | 320-ਬੀ.ਸੀ. -320-ਏ.ਡੀ. | ਪ੍ਰਾਚੀਨ ਕੂਟਨੀਤੀ, ਨੀਤੀ ਤੇ ਰਾਜ ਪ੍ਰਬੰਧ ਅਰਥ ਸ਼ਾਸਤਰ | |

**ਵਿਦੇਸੀ ਸੋਮੇ :-**

**(1) ਯੂਨਾਨੀ :-**

| ਲੜੀ ਨੰ. | ਲੇਖਕ | ਰਚਨਾ | ਵਿਸ਼ਾ |
|---|---|---|---|
| 1. | ਹੈਰੋਡੋਟਿਸ | ਹਿਸਟੌਰੀਕਾ | ਭਾਰਤੀ ਸੀਮਾ ਪ੍ਰਾਂਤਾਂ ਦੇ ਫਾਰਸ ਨਾਲ ਸੰਬੰਧ |
| 2. | ਏਰੀਅਨ | - | ਸਕੰਦਰ ਮਹਾਨ ਦੀ ਜਿੱਤਾਂ - ਉੱਤਰ ਪੱਛਮੀ ਜਿੱਤ ਸਮੇਤ |

| | | |
|---|---|---|
| 3. | ਮੈਗਸਥਨੀਜ ਇੰਡੀਕਾ (302-298 ਬੀ.ਸੀ.) | ਚੰਦਰ ਗੁਪਤ ਮੋਰੀਆ ਦੀ ਰਾਜਧਾਨੀ ਪਾਟਲੀ ਪੁੱਤਰ ਤੇ ਰਾਜ ਪ੍ਰਬੰਧ ਅਤੇ ਸਮਾਜ ਦਾ ਵਰਨਣ ਹੈ। |
| 4. | ਪਲੂਟਾਰਕ ਤੇ ਸਟਰੇਬੋ - | ਮੋਰੀਆ ਕਾਲ |
| 5. | ਡੀਮੇਕਸ - | ਬਿੰਦੂਸਾਰ ਅਧੀਨ ਮੋਰੀਅਨ ਸਾਮਰਾਜ |
| 6. | ਪੇਰੀਪਪਲਸ - | ਵਪਾਰ ਤੇ ਬੰਦਰਗਾਹਾਂ ਦੀ ਜਾਣਕਾਰੀ |
| 7. | ਟੋਲਮੀ (Ptolemy) - | ਭੂਗੋਲ ਤੇ ਵਿਉਪਾਰ- ਹਿੰਦ ਮਹਾਂਸਾਗਰ ਵਿਚ |

**2. ਚੀਨੀ ਲੇਖਕ :** (1) ਫਾਹਿਆਨ (405-11 ਈ.) (2) ਹਿਊਨਸਾਂਗ (625-45 ਈ.) (3) ਇਤਸਿੰਗ (7ਵੀਂ ਸਦੀ ਈ.)

ਇਹ ਤਿੰਨੇ ਹੀ ਬੋਧੀ ਵਿਦਵਾਨ ਸਨ। ਹਿਊਨਸਾਂਗ ਹਰਸਵਰਧਨ ਦੇ ਸਮੇਂ ਆਇਆ। ਚੀਨੀ ਸੋਮੇਂ ਸੀਥਅਨ ਤੇ ਹੂਣਾਂ (Yueh Chie) ਦੇ ਹਮਲਿਆਂ ਉੱਪਰ ਚੰਗੀ ਰੋਸ਼ਨੀ ਪਾਉਂਦੇ ਹਨ।

## ਤਿੱਬਤੀ ਲੇਖਕ:-

ਇਨ੍ਹਾਂ ਬੋਧੀ ਲੇਖਕਾਂ ਵਿਚ ਤਾਰਾਨਾਥ ਮਹੱਤਵਪੂਰਨ ਹੈ। ਉਸ ਨੇ *ਤੰਗਯੁਰ* ਨਾਮ ਦਾ ਗ੍ਰੰਥ ਲਿਖਿਆ।

## ਇਸਲਾਮਿਕ ਲੇਖਕ :-

8ਵੀਂ ਸਦੀ ਈਸਵੀ ਵਿਚ ਅਰਬਾਂ ਦਾ ਸਿੰਧ ਤੇ ਕਬਜਾ ਹੋ ਗਿਆ। ਹਿੰਦ-ਮਹਾਂਸਾਗਰ ਦਾ ਵਿਉਪਾਰ ਇਸ ਤੋਂ ਵੀ ਪਹਿਲਾਂ ਅਰਬ ਸੌਦਾਗਰਾਂ ਦੇ ਕਬਜੇ ਵਿਚ ਆ ਗਿਆ। ਪਹਿਲਾ ਮਹੱਤਵਪੂਰਨ ਅਰਬ ਲੇ ਖਕ ਇਬਨ ਖੋਰਦਾਬੇਹ ਸੀ ਉਸ ਦੀ ਕਿਤਾਬ *Book of Routes and Kingdoms 844-848* ਈ. ਦੌਰਾਨ ਲਿਖੀ ਗਈ।

ਅਬੂ ਜਾਇਦ ਹਸਨ ਦੂਸਰਾ ਮਸ਼ਹੂਰ ਲੇਖਕ ਸੀ। ਤੀਸਰਾ ਤੇ ਸਭ ਤੋਂ ਵੱਧ ਮਹੱਤਵਪੂਰਨ ਅਬੂ ਰਿਹਾਨ ਜਾਂ *ਅਲ ਬੇਰੂਨੀ* ਸੀ। ਉਹ ਮਹਿਮੂਦ ਗਜਨਵੀ ਦਾ ਸਮਕਾਲੀ ਸੀ। ਉਹ 1030 ਈਸਵੀ ਵਿਚ ਭਾਰਤ ਆਇਆ, ਸੰਸਕ੍ਰਿਤ ਸਿੱਖੀ। ਉਸ ਦੀਆਂ ਭਾਰੀ ਲਿਖਤਾਂ ਅਨੇਕਾਂ ਵਿਸ਼ਿਆਂ ਉਪਰ ਸਨ - ਜਿਵੇਂ ਹਿਸਾਬ, ਫਜਿਕਸ, ਕੈਮਿਸਟਰੀ, ਭੂਗੋਲ, ਤਾਰਾ ਵਿਗਿਆਨ, ਫਿਲਾਸਫੀ ਤੇ ਧਰਮ।

ਪ੍ਰਾਚੀਨ ਭਾਰਤ ਦੇ ਅਨੇਕ ਪ੍ਰਕਾਰ ਦੇ ਸੋਮਿਆਂ ਵਿਚ ਹੀ ਇਟਲੀ ਤੋਂ ਆਏ ਯਾਤਰੀ ਮਾਰਕੋਪੋਲੋ ਅਤੇ ਅਫਰੀਕਨ ਯਾਤਰੀ ਇਬਨ ਬਤੂਤਾ ਦੇ ਨਾਮ ਸ਼ਾਮਲ ਹਨ। ਇਹ ਕ੍ਰਮਵਾਰ 13ਵੀਂ ਸਦੀ ਤੇ 14ਵੀਂ ਸਦੀ ਈਸਵੀ ਵਿਚ ਭਾਰਤ ਆਏ।ਇਹ ਤੁਸੀਂ ਆਪਣੇ ਬੀ ਪੇਪਰ ਰਾਹੀਂ ਵੀ ਵੇਖੋਗੇ।

## ਤਕਨੀਕੀ ਸ਼ਬਦ :

| | | | |
|---|---|---|---|
| (1) | Proto-History | (5) | ਪਰਸ਼ਸ਼ਤੀਆਂ (Eulogies) |
| (2) | Epigraphy | (6) | The Dating Method |
| (3) | Paleography | (7) | ਮਹਾਂ-ਕਾਵਿ ਜਾਂ Epic |
| (4) | Linguistics | (8) | ਪਿੱਟਕ ਜਾਂ ਪਟਾਰੀ |

## ਤੁਹਾਡੇ ਅਭਿਆਸ ਲਈ ਛੋਟੇ ਪ੍ਰਸ਼ਨ :-

(1) ਪਰੋਟੋ-ਹਿਸਟਰੀ ਤੋਂ ਕੀ ਭਾਵ ਹੈ ?

(2) ਕਿਸੇ ਤਿੰਨ ਜਨਰਲ ਹਿਸਟੋਰੀਅਨਜ ਤੇ ਹਿਸਟਰੀਜ ਦੇ ਨਾਮ ਦੱਸੋ।

(3) ਪ੍ਰਾਚੀਨ ਭਾਰਤੀ ਇਤਿਹਾਸ ਦੇ ਸੋਮਿਆਂ ਦੀਆਂ ਸ਼੍ਰੇਣੀਆਂ ਦੱਸੋ।

(4) ਐਪੀਗ੍ਰਾਫੀ (Epigraphy) ਕੀ ਹੁੰਦੀ ਹੈ ? ਇਸ ਦੀਆਂ ਉਪ-ਬਰਾਂਚਾਂ ਦੱਸੋ।

(5) ਵੈਦਿਕ ਸਾਹਿਤ ਤੋਂ ਕੀ ਭਾਵ ਹੈ ?

(6) ਬੋਧੀ ਸਾਹਿਤ ਦੇ ਪ੍ਰਮੁੱਖ ਰੂਪ ਦੱਸੋ।

(7) ਯੂਨਾਨੀ ਲੇਖਕਾਂ ਤੇ ਲਿਖਤਾਂ ਦੀ ਸੂਚੀ ਪੇਸ਼ ਕਰੋ।

(8) ਕਿਸੇ ਤਿੰਨ ਚੀਨੀ ਲੇਖਕਾਂ ਦੇ ਨਾਮ ਤੇ ਸਮਾਂ ਦੱਸੋ।

(9) ਕਿਸੇ ਚਾਰ ਪੁਰਾਤਨ-ਇਤਿਹਾਸਕ ਲਿਖਤਾਂ ਦੇ ਨਾਮ ਲਿਖੋ।

(10) ਪਰਾਸ਼ਸ਼ਤੀ ਕੀ ਹੁੰਦੀ ਹੈ ? ਅਲਾਹਾਬਾਦ ਪਰਾਸ਼ਸਤੀ ਕਿਸ ਰਾਜ ਤੇ ਕਾਲ ਨਾਲ ਸੰਬੰਧਤ ਹੈ ?

**ਵੱਡੇ ਪ੍ਰਸ਼ਨ :-**

(1) ਪ੍ਰਾਚੀਨ ਭਾਰਤੀ ਇਤਿਹਾਸ ਦੇ ਮੁੱਖ ਸੋਮੇ ਦੱਸੋ।

(2) ਆਰਕਿਉਲਜੀ ਇਤਿਹਾਸ ਲਿਖਣ ਵਿਚ ਕਿਵੇਂ ਸਹਾਈ ਹੁੰਦੀ ਹੈ ?

(3) ਬੋਧੀ ਤੇ ਵਿਦੇਸੀ ਵਿਵਰਣਾਂ ਦਾ ਹਵਾਲਾ ਦਿਉ।

(4) ਅਰਥ ਸ਼ਾਸਤਰ ਤੇ ਨੋਟ ਲਿਖੋ।

**ਵਧੇਰੇ ਜਾਣਕਾਰੀ ਲਈ ਪੁਸਤਕਾਂ ਵੇਖੋ**

1. ਐਸ.ਐਨ.ਸੇਨ, *Ancient Indian History and Civilization,* ਪੰਨੇ 14-20

2. ਪਰਸੀਵਲ ਸਪੇਅਰ, *The Oxford History of India,* ਪੰਨੇ 10-18

3. ਅਰੋੜਾ ਤੇ ਸੀਕਰੀ, *ਪ੍ਰਾਚੀਨ ਭਾਰਤ ਦਾ ਇਤਿਹਾਸ,* ਪੰਨੇ 35-48

ਨੋਟ : ਇਹ ਪਾਠ ਡੈਕ ਦੁਆਰਾ ਦਿੱਤੀ ਵਿੱਤੀ ਗ੍ਰਾਂਟ ਅਧੀਨ ਛਾਪਿਆ ਗਿਆ

**ਪਾਠ ਨੰਬਰ : 1.4** **ਸੈਕਸ਼ਨ – ਏ** **ਲੇਖਕ: ਨਾਜ਼ਰ ਸਿੰਘ**

# ਹੜੱਪਾ ਹਥਵਾ ਸਿੰਧ ਘਾਟੀ ਸਭਿਅਤਾ–ਉਭਾਰ ਸਮਾਂ ਤੇ ਪਤਨ ਦੇ ਕਾਰਣ

**ਪਾਠ ਦੀ ਬਣਤਰ :–**

ਉਦੇਸ਼
ਜਾਣ–ਪਛਾਣ (Introduction)
ਇਸ ਪਾਠ ਵਿਚ ਅਸੀਂ ਪੜ੍ਹਾਂਗੇ :
ਸਿੰਧ ਘਾਟੀ ਸਭਿਅਤਾ ਦਾ ਕਾਲ (Age) – ਨਵਾਂ ਪੱਥਰ – ਯੁਗ ਤੇ ਇਸ ਦੀਆਂ ਪ੍ਰਾਪਤੀਆਂ
ਡਿਸਕਵਰੀ ਜਾਂ ਖੋਜ
ਵਿਸਤਾਰ (Extent) ਅਤੇ ਮੂਲ ਵਿਸ਼ੇਸ਼ਤਾਵਾਂ
ਆਰਥਿਕ ਜੀਵਨ – ਖੇਤੀ ਤੇ ਜੀਵਨ ਨਿਰਬਾਹ ਦੇ ਹੋਰ ਸਾਧਨ
ਹੁਨਰ ਤੇ ਕਲਾ
ਲਿਖਤਾਂ ਜਾਂ ਮੁਹਰਾਂ, ਧਰਮ ਤੇ ਕਲਾ–ਕ੍ਰਿਤੀਆਂ – ਮਹਿੰਜੋਦਾੜੋ ਦਾ ਵਰਨਣ
ਲੋਕ, ਸਮਾਜ ਤੇ ਰਾਜ (Population, Society and the State)
ਪਤਨ – (The End) ਕਾਰਨ ?
ਤਕਨੀਕੀ ਤੇ ਮਹੱਤਵਪੂਰਨ ਸ਼ਬਦ
ਛੋਟੇ ਤੇ ਵੱਡੇ ਪ੍ਰਸ਼ਨ ਅਤੇ ਪੁਸਤਕ ਸੂਚੀ

**ਉਦੇਸ਼ :–**

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਕਰ/ਵੇਖ ਸਕਦੇ ਹੋ :

(1) ਸਿੰਧ ਘਾਟੀ ਸਭਿਅਤਾ ਦਾ ਕਾਲ, ਵਿਸਤਾਰ, ਜੀਵਨ, ਕਲਾ, ਧਰਮ, ਸਮਾਜ ਤੇ ਰਾਜ ਦੀ ਰਚਨਾ।

(2) ਭਾਰਤੀ ਇਤਿਹਾਸ ਦਾ ਮੁਢਲਾ ਦੌਰ – ਇਸ ਦਾ ਸਮਾਂ, ਭੂਗੋਲ, ਆਰਥਿਕ ਸਥਿਤੀ, ਹੁਨਰ, ਕਲਾ ਤੇ ਰਾਜਨੀਤਕ ਪ੍ਰਾਪਤੀਆਂ।

(3) ਇਤਿਹਾਸਕਾਰੀ – ਖਾਸ ਕਰਕੇ ਪ੍ਰਾਚੀਨ ਭਾਰਤ ਦੇ ਇਤਿਹਾਸ ਦੀ – ਸਥਿਤੀ ਅਤੇ ਔਕੜਾਂ। ਇਤਿਹਾਸ ਦੇ ਵਿਦਿਆਰਥੀ ਦੀ ਦੂਸਰੇ ਵਿਸ਼ਿਆਂ ਤੇ ਵਿਗਿਆਨਾਂ ਤੇ ਨਿਰਭਰਤਾ।

## ਜਾਣ-ਪਛਾਣ (Introduction) :-

ਨਵ-ਪੱਥਰ ਯੁੱਗ ਨੂੰ ਪਾਰ ਕਰਕੇ 2500 ਬੀ.ਸੀ. ਦੇ ਲਗਭਗ ਪ੍ਰਾਚੀਨ ਭਾਰਤੀ ਇਤਿਹਾਸ ਆਪਣੇ ਹੜੱਪਾ ਕਾਲ ਵਿਚ ਦਾਖਲ ਹੋਇਆ। ਹੜੱਪਾ ਤੇ ਮੋਹਿੰਜੋਦਾੜੋ ਦੋ ਸ਼ਹਿਰ ਸਨ। ਸਭਿਅਤਾ ਵੀ ਸ਼ਹਿਰ ਤੋਂ ਸ਼ੁਰੂ ਹੁੰਦੀ ਹੈ। ਇਹ ਦੋਵੇਂ ਸ਼ਹਿਰ ਸਿੰਧ ਦਰਿਆ ਤੇ ਇਸ ਦੀਆਂ ਬ੍ਰਾਂਚਾਂ ਜਾਂ ਘਾਟੀ ਵਿਚ ਸਨ ਇਸ ਕਰਕੇ ਇਨ੍ਹਾਂ ਦੀ ਸਭਿਅਤਾ ਨੂੰ ਸਿੰਧ ਘਾਟੀ ਸਭਿਅਤਾ ਜਾਂ ਹੜੱਪਾ ਸਭਿਅਤਾ ਕਿਹਾ ਗਿਆ। ਇਸ ਦੀ ਖੋਜ 1922 ਈ. ਵਿਚ ਹੋਈ।

ਇਸ ਸਭਿਅਤਾ ਦੇ ਅੱਠ ਮੂਲ ਲੱਛਣ ਹਨ : (1) ਬਰਤਨ (Pottery), (2) ਲਿੱਪੀ - (ਇਕ ਸਾਰ), (3) ਪੱਕੀਆਂ ਇੱਟਾਂ (4) ਸਟੈਂਡਰਡ ਤੋਲ ਜਾਂ ਵੱਟੇ, (5) ਸ਼ਹਿਰਾਂ ਦੀਆਂ ਸਿੱਧੀਆ ਸੜਕਾਂ ਤੇ ਪਾਣੀ ਦੀ ਨਿਕਾਸੀ (6) ਕਿਲ੍ਹਾ ਜਾਂ Citadel (7) ਪੱਕੇ ਖੂਹ ਤੇ ਤਲਾਬ (8) ਮੁਰਦਿਆਂ ਨੂੰ ਦਫਨ ਕਰਨਾ।

ਸਿੰਧ ਘਾਟੀ ਸਭਿਅਤਾ ਮੂਲ ਰੂਪ ਵਿਚ ਮੈਦਾਨੀ ਸਭਿਅਤਾ ਸੀ। ਬਲੋਚਿਸਤਾਨ ਨੂੰ ਛੱਡ ਕੇ ਇਹ ਕਿਧਰੇ ਵੀ ਪਹਾੜੀਆਂ ਨੂੰ ਪਾਰ ਨਹੀਂ ਕਰ ਸਕੀ।

ਇਹ ਮਨੁੱਖ ਦੀ ਪਹਿਲੀ ਸਭਿਅਤਾ ਸੀ ਜਿਸ ਨੇ ਧਰਤੀ ਹੇਠਲੇ ਪਾਣੀ ਦਾ ਖੇਤੀ ਲਈ ਇਸਤੇਮਾਲ ਕੀਤਾ। 12-13 ਫਸਲਾਂ - ਰਬੀ ਤੇ ਖਰੀਫ਼ - ਪੈਦਾ ਹੁੰਦੀਆਂ ਸਨ। ਉਚੀਆਂ ਬਨ੍ਹਾਂ ਵਾਲੇ ਬਲਦ ਅਤੇ ਬਲਦਾਂ ਵਾਲੇ ਗੱਡੇ ਖੇਤੀ ਅਤੇ ਢੋਆ-ਢੁਆਈ ਦੇ ਮੁੱਖ ਸਾਧਨ ਸਨ। ਘੋੜਾ ਪਾਲਤੂ ਪਸ਼ੂਆਂ ਵਿਚ ਸ਼ਾਮਲ ਨਹੀਂ ਸੀ। ਖੰਜੂਰ ਤੇ ਬੇਰ ਮੁੱਖ ਫਲ ਸਨ। ਵੈਸੇ ਅੰਗੂਰ ਤੇ ਤਰਬੂਜ ਵੀ ਸਨ।

ਦਸਤਕਾਰੀ, ਲੱਕੜ ਤੇ ਪੱਥਰ ਉਦਯੋਗ ਅਤੇ ਸ਼ਹਿਰੀ ਯੋਜਨਾਬੰਦੀ ਹੋਰ ਵਿਸ਼ੇਸ਼ਤਾਵਾਂ ਸਨ।

ਸਿੰਧ ਘਾਟੀ ਸਭਿਅਤਾ ਦੀਆਂ ਮੁਹਰਾਂ (Seal) ਇਸ ਦੀ ਕਲਾ, ਧਰਮ ਤੇ ਰਾਜਨੀਤਕ ਪ੍ਰਬੰਧ ਬਾਰੇ ਪਤਾ ਦਿੰਦੀਆਂ ਹਨ।

ਇਸ ਸਭਿਅਤਾ ਦਾ ਪਤਨ ਇਸ ਦੇ ਜਨਮ ਜਿਤਨਾ ਹੀ ਹੈਰਾਨੀ ਵਾਲਾ ਹੈ। 1800 ਬੀ.ਸੀ. ਤੱਕ ਇਸ ਦੇ ਸ਼ਹਿਰ ਤੇ ਵਸੋਂ ਉੱਜੜ ਚੁੱਕੀ ਸੀ।

ਪਾਠ ਨੰਬਰ 01 ਵਿਚ ਅਸੀਂ ਪੂਰਵ-ਇਤਿਹਾਸ ਤੋਂ ਇਤਿਹਾਸ ਵੱਲ ਸ਼ੀਰਸਕ ਹੇਠ ਉਨ੍ਹਾਂ ਚਾਰ ਸਟੇਜਾਂ ਜਾਂ ਪੜਾਵਾਂ ਦੀ ਗੱਲ ਕੀਤੀ ਸੀ ਜਿਨਾਂ ਵਿਚੋਂ ਲੰਘ ਕੇ ਮਨੁੱਖ ਦਾ ਇਤਿਹਾਸ-ਕਾਲ ਸ਼ੁਰੂ ਹੋਇਆ। ਇਹ ਪੜਾਅ ਸਨ :

1. ਮੁਢਲਾ ਪੱਥਰ-ਯੁੱਗ 2. ਪੱਥਰ-ਯੁੱਗ

3. ਨਵ-ਪੱਥਰ-ਯੁੱਗ 3. ਤਾਂਬਾ-ਪੱਥਰ ਯੁੱਗ

## ਨਵੇਂ ਪੱਥਰ ਯੁੱਗ ਦੀਆਂ ਪ੍ਰਾਪਤੀਆਂ :-

ਨਵੇਂ ਪੱਥਰ ਯੁੱਗ ਨਾਲ ਕੁਝ ਕ੍ਰਾਂਤੀਕਾਰੀ ਪਰਿਵਰਤਨ ਸ਼ੁਰੂ ਹੋਏ ਜੋ ਕਿ ਤਾਂਬਾ-ਪੱਥਰ ਯੁੱਗ ਵਿਚ ਸੰਪੂਰਨ ਹੋਏ। ਮਨੁੱਖ ਵਲੋਂ ਹਥਿਆਰਾਂ ਤੇ ਸੰਦਾਂ ਵਿਚ ਪਹਿਲਾਂ ਇਕ ਧਾਤ ਤੇ ਫਿਰ ਦੋ ਧਾਤਾਂ ਨੂੰ ਮਿਲਾ ਕੇ ਇਸਤੇ ਮਾਲ ਕਰਨਾ, ਪੱਕੀਆਂ ਇੱਟਾਂ ਦਾ ਇਸਤੇਮਾਲ, ਹਾਰਿਆਂ ਤੇ ਤੰਦੂਰ (oven) ਉੱਪਰ ਪੱਕੇ ਭੋਜਨ ਅਤੇ ਭੋਜਨ ਵਿਚ ਅਨਾਜਾਂ, ਦਾਲਾਂ ਤੇ ਫਲਾਂ ਦਾ ਸ਼ਾਮਲ ਹੋਣਾ ਜਿਹੜਾ ਕਿ ਤੇਜੀ ਨਾਲ ਵਿਕਸਤ ਹੋ ਰਹੀ ਖੇਤੀ ਦਾ ਸਬੂਤ ਸੀ। ਭੇਡ, ਬੱਕਰੀਆਂ, ਗਊਆਂ ਤੇ ਬਲਦਾਂ ਨੂੰ ਪਾਲਤੂ ਪਸ਼ੂ ਵਜੋਂ ਵਿਕਸਿਤ ਕਰਨਾ ਤੇ ਬੈਲ-ਗੱਡੀ ਅਤੇ ਹੱਲ ਦੀ ਖੋਜ ਨੇ ਖੇਤੀ ਦੀ ਪੈਦਾਵਾਰ ਤੇ ਢੋਆ-ਢੁਆਈ ਵਿਚ ਵੱਡੇ ਪਰਿਵਰਤਨ ਲਿਆਂਦੇ। ਅਨੇਕਾਂ ਕਿਸਮ ਦੀ ਕਾਰਾਗਰੀ ਦਾ ਹਵਾਲਾ ਅਸੀਂ ਪਾਠ 01 ਵਿਚ ਦੇ ਚੁੱਕੇ ਹਾਂ। ਧੰਦਿਆਂ ਦੀ ਭਿੰਨਤਾ ਤੇ ਪੇਚੀਦਗੀ ਡੂੰਘੀ ਹੋ ਰਹੀ ਕ੍ਰਿਤ ਦੀ ਵੰਡ (Division of Labour) ਤੇ ਆਰਥਿਕ ਵਿਕਾਸ ਦੀ

ਨਿਸ਼ਾਨੀ ਸੀ। ਵੱਡੀਆਂ ਅਬਾਦੀਆਂ ਕਸਬਿਆਂ ਤੇ ਸ਼ਹਿਰਾਂ ਦੀ ਸ਼ੁਰੂਆਤ ਸੀ। ***ਸ਼ਹਿਰ ਦਾ ਜਨਮ ਸਭਿਅਤਾ ਦਾ ਜਨਮ ਸੀ।*** ਨਵਾਂ ਪੱਥਰ ਯੁੱਗ ਸ਼ਹਿਰੀ ਇਨਕਲਾਬ ਦੇ ਯੁਗ ਵਜੋਂ ਵੀ ਜਾਣਿਆ ਜਾਂਦਾ ਹੈ।

## ਸਭਿਅਤਾ ਦਾ ਅਰਥ :–

ਸਭਿਅਤਾ ਨੂੰ ਅਸੀਂ ਅੰਗਰੇਜੀ ਵਿਚ civilization ਆਖਦੇ ਹਾਂ। ਅੰਗਰੇਜੀ ਦਾ ਇਹ ਸ਼ਬਦ ਲਾਤੀਨੀ ਭਾਸ਼ਾ ਦੇ Civita ਤੋਂ ਬਣਿਆ ਹੈ। ਸ਼ਬਦ ਨਗਰ ਜਾਂ city ਵੀ civita ਤੋਂ ਬਣਿਆ। ਸ਼ਹਿਰ ਕੀ ਹੁੰਦਾ ਹੈ ? ਸ਼ਹਿਰ ਨੇ ਇਤਿਹਾਸ ਵਿਚ ਕਦੋਂ ਪ੍ਰਵੇਸ਼ ਕੀਤਾ ? ਇਨ੍ਹਾਂ ਦਿਲਚਸਪ ਸਵਾਲਾਂ ਦਾ ਉੱਤਰ ਸੰਖੇਪ ਵਿਚ ਇਹ ਹੈ ਕਿ ਸ਼ਹਿਰ ਦੀਆਂ ਹੇਠ ਲਿਖੀਆਂ ਨਿਸ਼ਾਨੀਆਂ ਮਹੱਤਵਪੂਰਨ ਹਨ :

(1) ਅਬਾਦੀ ਦਾ ਵੱਡਾ ਅਕਾਰ ਪਰੰਤੂ ਸਿਰਫ ਗਿਣਤੀ ਵਿਚ ਵੱਡੀ ਅਬਾਦੀ ਹੀ ਸ਼ਹਿਰ ਨਹੀਂ ਹੁੰਦੀ। ਜਦੋਂ ਅਬਾਦੀ ਦਾ ਵੱਡਾ ਹਿੱਸਾ ਖੇਤੀ ਨੂੰ ਛੱਡ ਕੇ 'ਸੇਵਾਵਾਂ' ਉੱਪਰ ਜਿਉਣ ਲਈ ਨਿਰਭਰ ਕਰਦਾ ਹੈ ਤਾਂ ਆਰਥਿਕਤਾ (Economy) ਵੀ ਬਦਲਦੀ ਹੈ ਤੇ ਸਮਾਜ (Society) ਵੀ। 'ਸੇਵਾਵਾਂ' ਨੂੰ ਖੇਤਾਂ ਦੀ ਨਹੀਂ ਮਕਾਨਾਂ ਤੇ ਦੁਕਾਨਾਂ ਤੇ ਦਫ਼ਤਰਾਂ ਦੀ ਜਰੂਰਤ ਪੈਂਦੀ ਹੈ। ਦੁਕਾਨਾਂ ਜਾਂ ਭੱਠੀਆਂ ਜਾਂ ਕਾਰਖਾਨਿਆਂ ਦੇ ਝੁੰਡ ਸ਼ਹਿਰ ਦੀ ਨਿਸ਼ਾਨੀ ਹੁੰਦੇ ਹਨ।

(2) ਵਟਾਂਦਰਾ (Exchange) ਤੇ ਮਾਪ ਤੋਲ ਸ਼ਹਿਰ ਦਾ ਦੂਸਰਾ ਗੁਣ ਹੈ। ਸ਼ਹਿਰ ਦੇ ਜਨਮ ਲਈ ਜਰੂਰੀ ਹੈ ਕਿ ਇਲਾਕੇ ਵਿਚ ਇਤਨਾ ਅਨਾਜ ਜਾਂ ਭੋਜਨ ਪੈਦਾ ਹੁੰਦਾ ਹੋਵੇ ਕਿ ਗੈਰ–ਖੇਤੀ ਵਾਲੇ ਭੋਜਨ ਲੈ ਕੇ ਖਰੀਦ ਕੇ ਜਾਂ ਚੀਜਾਂ ਦੇ ਵਟਾਂਦਰੇ (Barter System) ਰਾਹੀਂ ਜੀਵਨ ਨਿਰਬਾਹ ਕਰ ਸਕਣ। ਬਾਫਰ ਅਨਾਜ ਵਿਉਪਾਰ ਨੂੰ ਜਨਮ ਦਿੰਦਾ ਹੈ ਤੇ ਜਾਇਦਾਦ ਤੇ ਵਿਉਪਾਰ ਪੜ੍ਹਾਈ ਲਿਖਾਈ ਨੂੰ ਅਤੇ ਹੌਲੀ ਹੌਲੀ ਕਲਾ ਤੇ ਸਾਹਿਤ ਨੂੰ। ਮੌਤ ਦੀਆਂ ਰੀਤਾਂ, ਵਿਚਾਰ, ਅੰਧ ਵਿਸ਼ਵਾਸ, ਪੂਜਾ, ਧਰਮ ਇਹ ਵੀ ਵਿਕਾਸ ਜਾਂ ਸਭਿਅਤਾ ਦੇ ਨਿਕਾਸ ਦਾ ਮਹੱਤਵਪੂਰਨ ਤੱਤ ਹਨ। ਪ੍ਰਾਚੀਨ ਮਨੁੱਖੀ ਸਭਿਅਤਾ ਦੇ ਵਿਕਾਸ ਦਾ ਅੰਦਾਜਾ ਅਕਸਰ ਹੀ ਸਮਸਾਨ ਘਾਟ ਤੋਂ ਲਾਇਆ ਜਾਂਦਾ ਹੈ। ਸਮਸਾਨ ਘਾਟ ਦੇ ਅਕਾਰ ਤੋਂ ਅਬਾਦੀ (Population) ਦਾ ਅੰਦਾਜਾ ਹੁੰਦਾ ਹੈ। ਸ਼ਹਿਰੀ ਅਬਾਦੀ ਦੇ ਅੰਦਾਜੇ ਕਾਰਨ ਸਮੁੱਚੀ ਅਬਾਦੀ ਦਾ ਪਤਾ ਲਾਇਆ ਜਾ ਸਕਦਾ ਹੈ ਕਿਉਂਕਿ ਪੇਂਡੂ ਤੇ ਸ਼ਹਿਰੀ ਅਬਾਦੀ ਵਿਚ ਹਮੇਸ਼ਾ ਕੋਈ ਮਿਕਦਾਰ (Ratio) ਬਣੀ ਰਹਿੰਦੀ ਹੈ। ਇਸ ਤਰ੍ਹਾਂ ਮ੍ਰਿਤੂ ਨਾਲ ਸੰਬੰਧਤ ਰਸਮਾਂ ਵੀ ਸਮਾਜਿਕ ਤੇ ਸਭਿਆਚਾਰਕ ਮਹੱਤਤਾ ਰੱਖਦੀਆਂ ਹਨ। ਅਮੀਰ ਅਕਸਰ ਹੀ ਜਿਆਦਾ ਤੇ ਵੱਡੀਆਂ ਰਸਮਾਂ ਕਰਦੇ ਹਨ। ਮੁਰਦੇ ਦੇ ਨਾਲ ਜਾਣ ਵਾਲੀਆਂ ਵਸਤਾਂ ਸਮਾਜ ਜਾਂ ਲੋਕਾਂ ਦੇ ਜੀਵਨ ਸਤਰ (Living Standard) ਵੱਲ ਸੰਕੇਤ ਕਰਦੀਆਂ ਹਨ।

## ਸਿੰਧ ਘਾਟੀ ਜਾਂ ਹੜੱਪਾ ਸਭਿਅਤਾ ਦੀ ਖੋਜ :–

ਪੱਛਮੀ ਪੰਜਾਬ (ਪਾਕਿਸਤਾਨ) ਦੇ ਜਿਲਾ ਸ਼ਾਹੀਵਾਲ ਵਿਚ ਸ਼ਹਿਰ ਹੜੱਪਾ ਦਾ ਰਾਵੀ ਦਰਿਆ ਉੱਪਰ ਇਕ ਵੱਡੀ ਪੁਰਾਤਤਵ ਸਥਾਨ ਵਜੋਂ ਆਰਕਿਉਲੋਜਿਸਟਾਂ ਨੂੰ ਲੰਮੇ ਸਮੇਂ ਤੋਂ ਪਤਾ ਸੀ। ਪਰੰਤੂ ਇਸ ਦੀ ਇਕ ਮਹਾਂ ਪ੍ਰਾਚੀਨ ਸਭਿਅਤਾ ਦੇ ਪ੍ਰਮੁੱਖ ਸ਼ਹਿਰ ਵਜੋਂ ਸਨਾਖਤ ਉਸ ਵੇਲੇ ਹੋਈ ਜਦੋਂ 1922 ਈਸਵੀ ਵਿਚ ਆਰ.ਡੀ.ਬੈਨਰਜੀ ਨੇ ਸਿੰਧ ਪ੍ਰਾਂਤ ਦੇ ਜਿਲਾ ਲਾਰਕਾਨਾ ਵਿਚ ਅਤੇ ਸਿੰਧ ਦਰਿਆ ਦੇ ਕਿਨਾਰੇ ਨਜਦੀਕ ਮੋਹਿੰਜੋਦਾੜੋ ਦੀ ਖੋਜ ਕੀਤੀ। ਸਰ ਜੋਹਨ ਮਾਰਸ਼ਲ ਜਿਹੜੇ ਉਸ ਵੇਲੇ ਆਰਕਿਉਲੋਜੀਕਲ ਸਰਵੇ ਆਫ ਇੰਡੀਆ ਦੇ ਡਾਇਰੈਕਟਰ ਸਨ, ਨੇ ਹੜੱਪਾ ਤੇ ਮੋਹਿੰਜੋਦਾੜੋ ਦੀ ਸੰਸਕ੍ਰਿਤੀ ਨੂੰ 'ਸਿੰਧ ਘਾਟੀ ਸਭਿਅਤਾ' ਦਾ ਨਾਮ ਦਿੱਤਾ। ਅਜਾਦੀ ਤੋਂ ਪਿਛੋਂ ਆਰਕਿਉਲੋਜੀਕਲ ਸਰਵੇ ਆਫ ਇੰਡੀਆ ਨੇ ਇਸ ਨੂੰ 'ਹੜੱਪਾ' ਜਾਂ 'Mature Harappan' ਸਭਿਅਤਾ ਆਖਿਆ। ਇਸ ਦਾ ਭਾਵ ਸੀ ਹੜੱਪਾ ਸ਼ਹਿਰ ਵਰਗੀ (Harappan type) ਸਿੰਧ ਘਾਟੀ ਸਭਿਅਤਾ।

## ਨਾਮ ਸੰਬੰਧੀ ਬਹਿਸ :-

ਸਰ ਜੋਹਨ ਮਾਰਸ਼ਲ ਦੁਆਰਾ ਸੁਝਾਏ ਗਏ ਨਾਮ ਦੀ ਉਚਿਤਤਾ ਇਸ ਗੱਲ ਵਿਚ ਸੀ ਕਿ ਸਿੰਧ ਘਾਟੀ ਸਭਿਅਤਾ ਭੂਗੋਲ (ਸਿੰਧ ਦਾ ਬੇਸਨ) ਤੇ ਸ਼ਹਿਰ (ਹੜੱਪਾ ਵਰਗੇ) ਦੋਹਾਂ ਦੀ ਪ੍ਰਤੀਨਿਧਤਾ ਕਰਦੀ ਸੀ। ਪਰੰਤੂ ਹਾਲ ਵਿਚ ਹੀ ਇਸ ਲਈ 'ਸਰਸਵਤੀ-ਸਿੰਧੂ ਸਭਿਅਤਾ' ਦਾ ਨਾਮ ਸੁਝਾਇਆ ਗਿਆ ਹੈ। ਇੰਝ ਕਰਨ ਦਾ ਮਕਸਦ ਸ਼ਾਇਦ ਇਸ ਉੱਪਰ ਵੈਦਿਕ ਰੰਗਤ ਦਾ ਪਾਹ ਲਾਉਣਾ ਹੈ। ਇਹ ਠੀਕ ਨਹੀਂ ਪਰਤੀਤ ਹੁੰਦਾ ਕਿਉਂਕਿ ਸਰਸਵਤੀ ਸਿੰਧ ਬੇਸਨ ਦਾ ਇਕ ਮੌਸਮੀ ਦਰਿਆ ਸੀ। ਇਸ ਨੂੰ ਸਿੰਧ ਦਰਿਆ ਵਰਗਾ ਪੇਸ਼ ਕਰਨਾ ਭੂਗੋਲਿਕ ਤੌਰ ਤੇ ਠੀਕ ਨਹੀਂ। ਸਰਸਵਤੀ ਤਾਂ ਸੁੱਕ ਚੁੱਕੇ ਤਿੰਨ ਦਰਿਆਵਾਂ (ੳ) ਹਾਕਰ (Hakra) (ਅ) ਘੱਗਰ ਤੇ (ੲ) ਚਾਉਤਾਂਗ ਵਿਚੋਂ ਇਕ (ਘੱਗਰ) ਦੀ ਉਪ-ਸ਼ਾਖ ਸੀ ਜਿਸ ਵਿਚ ਪਾਣੀ ਸਾਰਾ ਸਾਲ ਨਹੀਂ ਵਗਦਾ ਸੀ।

## ਮੂਲ ਵਿਸ਼ੇਸ਼ਤਾਵਾਂ :-

ਸਿੰਧ ਘਾਟੀ ਸਭਿਅਤਾ ਦੀਆਂ ਮੂਲ ਵਿਸ਼ੇਸ਼ਤਾਵਾਂ ਮਹਿੰਜੋਦਾੜੋ ਤੇ ਹੜੱਪਾ ਸ਼ਹਿਰਾਂ ਦੀ ਸੰਸਕ੍ਰਿਤੀ (culture) ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਤੇ ਅਧਾਰਤ ਹਨ। ਇਹ ਮੂਲ ਵਿਸ਼ੇਸ਼ਤਾਵਾਂ ਹੀ ਹੜੱਪਾ ਸਭਿਅਤਾ ਜਾਂ Mature Indus Civilization ਨੂੰ ਪਰਿਭਾਸ਼ਤ (Define) ਕਰਦੀਆਂ ਹਨ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਮੂਲ ਵਿਸ਼ੇਸ਼ਤਾਵਾਂ ਦੇ ਮਾਪ-ਦੰਡ ਨਾਲ ਅਸੀਂ ਫੈਸਲਾ ਕਰ ਸਕਦੇ ਹਾਂ ਕਿ ਕੋਈ ਸਥਾਨ ਇਸ ਸਭਿਅਤਾ ਨਾਲ ਸੰਬੰਧਤ ਸੀ ਅਤੇ ਜੇ ਅਜਿਹਾ ਸੀ ਕਦੋਂ ਤੇ ਕਿਸ ਹੱਦ ਤੱਕ ? ਮੂਲ ਵਿਸ਼ੇਸ਼ਤਾਵਾਂ ਇਹ ਸਨ:

(1) ਚੱਕ ਉੱਪਰ ਬਣੇ ਬਰਤਨ (Wheel made Pottery) ਜਿਹੜੀ ਕਿ ਵੱਖਰੀ ਹੀ ਕਿਸਮ ਦੀ ਹੈ। ਬਰਤਨ ਪੱਕੇ ਹੋਏ ਤੇ ਲਾਲ ਰੰਗ ਦੇ, ਮੋਟੇ ਕਿਨਾਰਿਆਂ ਵਾਲੇ ਤੇ ਕਈ ਵਾਰੀ ਲਾਲ ਰੰਗ ਨਾਲ ਪਾਲਿਸ਼ ਕੀਤੇ ਹੋਏ। ਕਿਧਰੇ ਕਿਧਰੇ ਕਾਲੇ ਰੰਗ ਦਾ ਪਾਲਿਸ਼ ਵੀ ਵਰਤਿਆ ਗਿਆ ਤੇ ਬਰਤਨਾਂ ਉੱਪਰ ਪਿੱਪਲ ਦਾ ਪੇੜ, ਇਕ ਦੂਸਰੇ ਨੂੰ ਕੱਟ ਰਹੇ ਗੋਲ ਦਾਇਰੇ ਜਾਂ ਮੋਰ ਦੀਆਂ ਤਸਵੀਰਾਂ ਵੀ ਮਿਲੀਆਂ।

(2) ਸਿੰਧ ਲਿਪੀ ਜਿਹੜੀ ਕਿ ਖਾਸ ਤੌਰ ਤੇ ਮੁਹਰਾਂ (Seals) ਉੱਪਰ ਮਿਲਦੀ ਹੈ ਅਤੇ ਇਸ ਵਿਚ ਕੋਈ ਇਲਾਕਾਈ ਭਿੰਨਤਾ ਨਹੀਂ।

(3) ਇੱਟਾਂ - ਪੱਕੀਆਂ ਵੀ ਤੇ ਧੁੱਪ ਵਿਚ ਸੁਕਾਈਆਂ ਵੀ। ਇਨ੍ਹਾਂ ਦਾ ਸਟੈਂਡਰਡ ਸਾਈਜ ਹੈ ਤੇ ਪਾਸਿਆਂ ਦੀ ਅਨੁਪਾਤ 1:2:4 ਦੀ ਹੈ।

(4) ਸਟੈਂਡਰਡ ਤੋਲ ਜਾਂ ਵੱਟੇ ਜਿਨ੍ਹਾਂ ਦੀ ਮੁਢਲੀ ਇਕਾਈ 13.63 ਗ੍ਰਾਮ ਹੈ।

(5) ਸ਼ਹਿਰਾਂ ਤੇ ਕਸਬਿਆਂ ਵਿਚ ਸੜਕਾਂ ਬਿਲਕੁਲ ਸਿੱਧੀਆਂ ਰੱਖਣ ਦੀ ਕੋਸ਼ਿਸ਼ ਤੇ ਪਾਣੀ ਨਿਕਾਸੀ ਦਾ ਪੂਰਾ ਪ੍ਰਬੰਧ।

(6) ਸ਼ਹਿਰ ਤੋਂ ਵੱਖਰਾ ਪਰ ਨਜਦੀਕ ਹੀ ਕਿਲਾ (Citadel) ਜਾਂ ਗੜ੍ਹ

(7) ਪੱਕੇ ਖੂਹ ਤੇ ਤਲਾਬ

(8) ਮੁਰਦਿਆਂ ਨੂੰ ਦਫਨਾਉਣਾ ਤੇ ਕਬਰ ਵਿਚ ਉੱਤਰ ਤੋਂ ਦੱਖਣ ਵੱਲ ਸਿੱਧੇ ਲਿਟਾਉਣਾ।

ਇਹ ਜਰੂਰੀ ਨਹੀਂ ਕਿ ਉਪਰੋਕਤ ਸਾਰੀਆਂ ਚੀਜਾਂ ਹਰ ਥਾਂ ਮਿਲਣ ਪਰੰਤੂ ਬਰਤਨ ਤੇ ਇੱਟਾਂ ਲਗਭਗ ਹਰ ਥਾਂ ਮਿਲੀਆਂ ਹਨ।

## ਵਿਸਤਾਰ (Extent) ਅਤੇ ਵਸੋਂ (Population) :–

ਵਰਤਮਾਨ ਹੱਦਬੰਦੀਆਂ ਅਨੁਸਾਰ ਇਸ ਸਭਿਅਤਾ ਵਿਚ ਹੇਠ ਲਿਖੇ ਪ੍ਰਦੇਸ਼ ਤੇ ਦੇਸ਼ ਆਉਂਦੇ ਸਨ:

(1) ਪੰਜਾਬ – ਦੋਵੇਂ ਹੀ ਭਾਵ ਪਾਕਿਸਤਾਨੀ ਤੇ ਭਾਰਤੀ

(2) ਹਰਿਆਣਾ (3) ਪੱਛਮੀ ਉੱਤਰ ਪ੍ਰਦੇਸ਼

(4) ਉੱਤਰੀ ਰਾਜਸਥਾਨ (5) ਗੁਜਰਾਤ ਦਾ ਵੱਡਾ ਹਿੱਸਾ

(6) ਉੱਤਰੀ ਤੇ ਦੱਖਣੀ ਬਲੋਚਿਸਤਾਨ ਦੇ ਕੁਝ ਹਿੱਸੇ।

ਸਿੰਧ ਸਭਿਅਤਾ ਮੂਲ ਰੂਪ ਵਿਚ ਮੈਦਾਨੀ ਸਭਿਅਤਾ ਸੀ। ਜੰਮੂ ਕਸ਼ਮੀਰ ਵਿਚ ਮਾਂਡਾ ਅਤੇ ਰੋਪੜ–ਚੰਡੀਗੜ੍ਹ ਖਿੱਤੇ ਦੇ ਸਥਾਨਾਂ ਤੋਂ ਪਤਾ ਚਲਦਾ ਹੈ ਕਿ ਨੀਵੀਆਂ ਸ਼ਿਵਾਲਕ ਪਹਾੜੀਆਂ ਇਹ ਪਾਰ ਨਹੀਂ ਕਰ ਸਕੀ। ਇਹ ਪਹਾੜੀਆਂ ਹੀ ਇਸ ਦੀ ਉੱਤਰੀ ਹੱਦ ਸੀ।

ਇਸੇ ਤਰ੍ਹਾਂ ਉੱਤਰ ਪੱਛਮੀ ਪੰਜਾਬ ਵਿਚ ਸਾਲਟ ਰੇਂਜ ਅਤੇ ਸਿੰਧ ਦਰਿਆ ਤੋਂ ਪਾਰ ਦੀਆਂ ਸਰਹੱਦੀ ਸੂਬੇ ਦੀਆਂ ਪਹਾੜੀਆਂ ਵੀ ਇਸ ਦੇ ਘੇਰੇ ਤੋਂ ਬਾਹਰ ਸਨ। ਹਾਂ, ਬਲੋਚਿਸਤਾਨ ਦੇ ਮੈਦਾਨਾਂ ਤੇ ਪੂਰਬੀ ਪਹਾੜੀਆਂ ਨੂੰ ਪਾਰ ਕਰਕੇ ਇਹ ਸਭਿਅਤਾ ਦਸਤ ਦਰਿਆ ਅਤੇ ਪਾਕਿਸਤਾਨ ਤੇ ਇਰਾਨ ਸਰਹੱਦ ਉੱਪਰ ਸਥਿਤ ਸਥਾਨ ਸੁਤਕਾਗ ਦੋਰ ਤੱਕ ਫੈਲੀ ਹੋਈ ਸੀ। ਸਿੰਧ ਦੇ ਦੱਖਣ ਪੂਰਬ ਵਿਚ ਮਹਾਂ ਰਣ ਕੱਛ ਵੀ ਇਸ ਨੂੰ ਨਹੀਂ ਰੋਕ ਸਕਿਆ। ਗੁਜਰਾਤ ਵਿਚ ਅਨੇਕਾਂ ਸਥਾਨ ਮਿਲੇ ਹਨ। ਨਾਗਸ਼ੇਵਰ ਤੋਂ ਲੈ ਕੇ ਲੋਥਲ ਤੱਕ ਸਾਰੀ ਪੱਟੀ ਇਸ ਸਭਿਅਤਾ ਦਾ ਹਿੱਸਾ ਸੀ।

## ਪ੍ਰਮੁੱਖ ਸਥਾਨਾਂ ਦੀ ਸੂਚੀ :–

(1) ਹੜੱਪਾ (2) ਮੋਹਿੰਜੋਦਾੜੋ (3) ਅਮਰੀ (4) ਕੋਟਡਿਜੀ (5) ਸੁਤਕਾਗ ਦੋਰ (6) ਰੋਪੜ (7) ਕਾਲੀਬੰਗਾ (8) ਸੰਘੋਲ (9) ਬਨਵਾਲੀ ਤੇ ਰਾਖੀਗੜ੍ਹੀ (10) ਆਲਮਗੀਰਪੁਰ (11) ਲੋਥਲ।

## ਰਕਬਾ (Area) :-

ਸਿੰਧ ਘਾਟੀ ਸਭਿਅਤਾ ਹੇਠ ਤਕਰੀਬਨ 7 ਲੱਖ ਵਰਗ ਕਿਲੋਮੀਟਰ ਰਕਬਾ ਸੀ। ਹੜੱਪਾ ਤੇ ਮੋਹਿੰਜੋਦਾੜੋ ਸ਼ਹਿਰਾਂ ਦੀ ਅਬਾਦੀ 1,50,000 ਸੀ। ਕੁੱਲ ਸ਼ਹਿਰੀ ਅਬਾਦੀ 2,50,000 ਦੇ ਕਰੀਬ ਸੀ ਅਤੇ ਕੁੱਲ ਅਬਾਦੀ 40,00,000 ਦੇ ਕਰੀਬ ਹੋ ਸਕਦੀ ਹੈ।

## ਲੋਕਾਂ ਦੀਆਂ ਨਸਲਾਂ :–

ਸਿੰਧ ਘਾਟੀ ਸ਼ਹਿਰਾਂ ਦੀ ਸਭਿਅਤਾ ਸੀ। ਹੜੱਪਾ ਤੇ ਮੋਹਿੰਜੋਦਾੜੋ ਵਿਚ ਕਈ ਦੇਸ਼ਾਂ ਤੇ ਜਾਤੀਆਂ ਦੇ ਲੋਕ ਆਉਂਦੇ ਸਨ। ਇਸ ਸਭਿਅਤਾ ਨੂੰ ਆਰੀਅਨ ਜਾਂ ਦ੍ਰਾਵਿੜ ਜਾਤੀਆਂ ਨਾਲ ਨਹੀਂ ਜੋੜਿਆ ਜਾ ਸਕਦਾ। ਅਨੁਮਾਨ ਲਾਇਆ ਜਾਂਦਾ ਹੈ ਕਿ ਇਥੇ ਹੇਠ ਲਿਖੀਆਂ ਚਾਰ ਨਸਲਾਂ ਦੇ ਲੋਕ ਵਸਦੇ ਸਨ :

(1) Proto-Australoid (2) Mediterranean

(3) Mongoloid ਅਤੇ (4) Alpinoid

## ਖੇਤੀ (Agriculture) ਅਤੇ ਭੋਜਨ :–

ਖੇਤੀ ਵਿਸਥਾਰ ਤੋਂ ਬਿਨਾਂ ਸ਼ਹਿਰਾਂ ਦਾ ਨਿਰਮਾਣ ਸੰਭਵ ਨਹੀਂ ਸੀ। ਸਿੰਧ ਘਾਟੀ ਸਭਿਅਤਾ ਸਮੇਂ ਖੇਤੀ ਦਾ ਵਿਸਥਾਰ ਹੋਇਆ। ਵਿਸਥਾਰ ਦਾ ਕਾਰਨ ਬਲਦਾਂ ਵਾਲੇ ਹੱਲ ਅਤੇ ਗੱਡੇ (Cart) ਦੀ ਇਜਾਦ ਤੇ ਵਰਤੋਂ ਸੀ। ਇਸ ਦਾ ਦੂਸਰਾ ਕਾਰਨ ਜ਼ਮੀਨ ਥੱਲੜੇ ਪਾਣੀ ਦੀ ਵਰਤੋਂ ਵੀ ਹੋ ਸਕਦਾ ਹੈ। ***ਸਿੰਧ ਘਾਟੀ***

***ਸਭਿਅਤਾ ਮਨੁੱਖ ਦੀ ਪਹਿਲੀ ਸਭਿਅਤਾ ਸੀ ਜਿਸ ਨੇ ਹੇਠਲੇ ਪਾਣੀ ਦਾ ਇਸਤੇਮਾਲ ਕਰਨ ਲਈ ਖੂਹਾਂ ਦੀ ਵਰਤੋਂ ਕੀਤੀ।***

ਖੇਤੀ ਤਕਨੀਕ ਵਿਚ ਤੀਸਰੀ ਵੱਡੀ ਤਬਦੀਲੀ ਫਸਲਾਂ ਦੀ ਵੱਡੀ ਗਿਣਤੀ ਸੀ। ਮੁੱਖ ਫਸਲਾਂ ਰਬੀ (Winter) ਅਤੇ ਖਰੀਫ਼ (Summer) ਦੋਵੇਂ ਹੀ ਸ਼੍ਰੇਣੀ ਦੀਆਂ ਸਨ। ਹੇਠਾਂ ਇਨ੍ਹਾਂ ਦੀ ਸੂਚੀ ਦਿੱਤੀ ਗਈ ਹੈ:

**ਰਬੀ ਫਸਲਾਂ**

ਨਰਮ ਅਨਾਜ

1. ਕਣਕ
2. ਜੌਂ

ਦਾਲਾਂ

1. ਛੋਲੇ (Chick-pea)
2. Field-pea
3. Lentils

ਤੇਲਾਂ ਵਾਲੇ ਬੀਜ

1. Linseed
2. ਸਰੋਂ

**ਖਰੀਫ ਫਸਲਾਂ**

ਮੋਟਾ ਅਨਾਜ

1. ਬਾਜਰਾ
2. ਜਵਾਰ (Ragi)

ਤੇਲਾਂ ਵਾਲੇ ਬੀਜ

1. ਤਿਲ

ਰੇਸ਼ੇਦਾਰ ਫਸਲ

ਕਪਾਹ

ਚਾਵਲ ਦੇ ਇਸਤੇਮਾਲ ਤੇ ਪੈਦਾਵਾਰ ਬਾਰੇ ਵਿਸ਼ਵਾਸ ਨਾਲ ਨਹੀਂ ਕਿਹਾ ਜਾ ਸਕਦਾ ਭਾਵੇਂ ਕਿ ਇਹ ਗੁਜਰਾਤ ਵਿਚ ਲੋਥਲ ਤੇ ਰੰਗਪੁਰ ਵਿਚ ਪ੍ਰਾਪਤ ਹੋਇਆ ਹੈ। ਇਹ ਜੰਗਲੀ ਸੀ ਜਾਂ ਇਸ ਨੂੰ ਪਾਲਤੂ ਬਣਾ ਲਿਆ ਗਿਆ ਸੀ ? ਪਤਾ ਨਹੀਂ ਚਲਦਾ। ਪਰੰਤੂ ਕਪਾਹ ਜੰਗਲੀ ਹੀ ਸੀ ਇਸ ਕਰਕੇ ਇਸ ਤੋਂ ਬਣੇ ਕੱਪੜੇ ਸਿਰਫ ਅਮੀਰਾਂ ਕੋਲ ਹੀ ਹੋ ਸਕਦੇ ਹਨ। ਪੰਜਾਬ ਮੈਦਾਨਾਂ ਦੀ ਕੜਕਦੀ ਸਰਦੀ ਦਾ ਸਾਹਮਣਾ ਸ਼ਾਇਦ ਊਨੀ ਕੱਪੜਿਆਂ ਰਾਹੀਂ ਕੀਤਾ ਜਾਂਦਾ ਸੀ ਕਿਉਂਕਿ ਭੇਡ ਮੁੱਖ ਪਾਲਤੂ ਪਸ਼ੂ ਸੀ। ਵੈਸੇ ਸੂਤ ਨੂੰ ਰੰਗਣ ਦੇ ਸਬੂਤ ਮਿਲੇ ਹਨ।

**ਫਲ :-**

ਖੰਜੂਰ, ਬੇਰ, ਅੰਗੂਰ ਤੇ ਤਰਬੂਜ ਦਾ ਇਸਤੇਮਾਲ ਹੁੰਦਾ ਸੀ। ਖੰਜੂਰ ਤੇ ਬੇਰ ਮੁਢਲੇ ਫਲ ਸਨ।

**ਪਸ਼ੂ :-**

ਸਿੰਧ ਘਾਟੀ ਸਭਿਅਤਾ ਦਾ ਖਾਸ ਪਸ਼ੂ ਉੱਚੀ ਬੰਨ ਵਾਲਾ ਬਲਦ ਸੀ। ਗਊ ਦੁੱਧ ਲਈ ਪਾਲੀ ਜਾਂਦੀ ਸੀ। ਗੈਂਡਾ ਬਾਰ ਬਾਰ ਮੁਹਰਾਂ ਤੇ ਆਇਆ ਹੈ। ਮੱਝਾਂ ਸ਼ਾਇਦ ਅਜੇ ਪਾਲਤੂ ਨਹੀਂ ਸਨ। ਉੱਠ ਦੀ ਵਰਤੋਂ ਸਿੰਧ ਵਿਚ ਸੀ ਪਰ ਉਹ ਭਾਰਤੀ ਉੱਠ ਨਹੀਂ ਸੀ। ਘੋੜਾ ਵੀ ਬਹਿਸ ਦਾ ਵਿਸ਼ਾ ਹੈ। ਘੋੜੇ ਦੀਆਂ ਜੋ ਹੱਡੀਆਂ ਮਿਲੀਆਂ ਹਨ ਉਹ ਜੰਗਲੀ ਗਧਾ ਹੈ।

ਬਲਦਾਂ ਵਾਂਗ ਭੇਡਾਂ ਤੇ ਬੱਕਰੀਆਂ ਖਾਸ ਪਸ਼ੂ ਸਨ। ਭੇਡ ਦਾ ਮਾਸ ਆਮ ਵਰਤਿਆ ਜਾਂਦਾ ਸੀ। ਸੂਰ ਵੀ ਪਾਲਤੂ ਹੋ ਚੁੱਕਿਆ ਸੀ ਤੇ ਖਾਧਾ ਜਾਂਦਾ ਸੀ।

## ਪਸ਼ੂ ਤੇ ਸਮਾਜ :–

ਪਸ਼ੂਆਂ ਦੇ ਵੱਡੀ ਗਿਣਤੀ ਵਿਚ ਪਾਲਤੂ ਹੋਣ ਨਾਲ ਕਿਸਾਨਾਂ ਵਿਚ ਫਰਕ ਆਇਆ। ਵੱਧ ਪਸ਼ੂ ਰੱਖਣ ਵਾਲੇ ਅਮੀਰ ਸਨ। ਪਸ਼ੂਆਂ ਲਈ ਚਰਾਗਾਹਾਂ ਦੀ ਜਰੂਰਤ ਸੀ ਜਿਸ ਕਰਕੇ ਖੇਤੀ ਹੇਠ ਰਕਬਾ ਜਿਆਦਾ ਨਹੀਂ ਹੋ ਸਕਦਾ। ਅਬਾਦੀ ਘੱਟ ਹੋਣ ਕਰਕੇ ਵੀ ਬਹੁਤ ਜਿਆਦਾ ਖੇਤੀ ਦੀ ਜਰੂਰਤ ਨਹੀਂ ਸੀ। ਪਸ਼ੂ ਖਾਨਾ–ਬਦੋਸ ਜਾਤੀਆਂ ਦੁਆਰਾ ਅਸਾਨੀ ਨਾਲ ਪਾਲੇ ਜਾ ਸਕਦੇ ਸਨ। ਵਸੋਂ ਦਾ ਇਕ ਹਿੱਸਾ ਸ਼ਿਕਾਰ ਦੁਆਰਾ ਵੀ ਜੀਵਨ ਨਿਰਬਾਹ ਕਰਦਾ ਸੀ।

## ਦਸਤਕਾਰੀ :–

ਸਿੰਧ ਘਾਟੀ ਸਭਿਅਤਾ ਤਾਂਬੇ–ਪੱਥਰ ਯੁੱਗ ਦੀ ਸਭਿਅਤਾ ਸੀ। ਤਾਂਬੇ ਨੂੰ ਟੀਨ ਨਾਲ ਮਿਲਾ ਕੇ ਕਾਂਸੀ ਪੈਦਾ ਕਰ ਲਈ ਗਈ ਸੀ ਤੇ ਇਸ ਨਾਲ ਤਿੱਖੇ ਚਾਕੂ, ਕੁਹਾੜੇ ਅਤੇ ਤੇਸੇ (Chisels) ਬਣੇ। ਤਾਂਬੇ ਵਿਚ ਹੌਲੀ ਹੌਲੀ ਨਿੱਕਲ ਤੇ ਹੋਰ ਧਾਤਾਂ ਵੀ ਮਿਲਾਈਆਂ ਜਾਂਦੀਆਂ ਸਨ। ਤਾਂਬਾ ਢਾਲਣ ਲਈ ਪੱਕੀਆਂ ਇੱਟਾਂ ਦੀ ਨਾਲੀ ਵਿਚ ਮੋਮ ਤੇ ਮਿੱਟੀ ਦੇ ਬਲਾਕ ਬਣਾ ਕੇ ਡਾਈ (Die) ਦਾ ਕੰਮ ਲਿਆ ਜਾਂਦਾ ਸੀ। ਇਸ ਤਰ੍ਹਾਂ ਉਸਤਰੇ, ਚਾਕੂ, ਤੇਸੇ, ਹੁੱਕਾਂ, ਦਾਤਰੀਆਂ, ਆਰੀ ਤੇ ਕੁਹਾੜੇ ਬਣਾਏ ਜਾਂਦੇ ਸਨ। ਕਹੀਆਂ ਤੇ ਤੀਰ ਬਣਾਉਣ ਦੀ ਕਲਾ ਹੋਰ ਵਿਕਸਤ ਹੋਈ। ਕਾਂਸੀ ਦੇ ਬਣੇ ਮੂੰਹ ਵੇਖਣ ਵਾਲੇ ਸ਼ੀਸ਼ੇ ਅਮੀਰੀ ਦੀ ਨਿਸ਼ਾਨੀ ਸਨ।

## ਕੱਚਾ ਮਾਲ :–

ਸਿੰਧ ਘਾਟੀ ਸਭਿਅਤਾ ਵਿਚ ਪੱਥਰ ਅਤੇ ਲੱਕੜੀ ਕੱਚੇ ਮਾਲ ਦੇ ਮੁੱਖ ਸਰੋਤ ਤੇ ਰੂਪ ਸਨ। ਹਥਿਆਰ ਤੇ ਸੰਦ ਬਣਾਉਣ ਲਈ ਪੱਥਰ ਸ਼ੁਰੂ ਵਿਚ ਕੰਮ ਆਉਂਦਾ ਸੀ। ਫਿਰ ਸ਼ਹਿਰਾਂ ਵਿਚ ਪੱਥਰ ਤੇ ਤਾਂਬੇ ਦੀਆਂ ਵਰਕਸ਼ਾਪਾਂ ਰਾਹੀਂ ਨਵੇਂ ਕਿਸਮ ਦੇ ਬਲੇਡ ਤੇ ਡਰਿੱਲਾਂ ਬਣੀਆਂ। ਇਸ ਤਰ੍ਹਾਂ ਪੱਥਰ ਕੱਚਾ ਮਾਲ ਬਣ ਗਿਆ। ਧਾਤਾਂ ਤੋਂ ਬਣੀਆਂ ਕਹੀਆਂ–ਕੁਹਾੜੀਆਂ ਵਿਚ ਹੈਂਡਲ ਜਾਂ ਹੱਥਾ ਵੀ ਲੱਕੜੀ ਦਾ ਪੈਂਦਾ ਸੀ। ਇਸ ਤਰ੍ਹਾਂ ਲੱਕੜੀ ਦਾ ਵਿਉਪਾਰ ਸ਼ੁਰੂ ਹੋ ਗਿਆ। ਲੱਕੜ ਦੇ ਬਣੇ ਗੱਡੇ (Carts) ਸਿੰਧ ਘਾਟੀ ਦੀ ਪ੍ਰਮੁੱਖ ਵਿਸ਼ੇਸ਼ਤਾ ਸੀ।

## ਮਿੱਟੀ ਦੇ ਬਰਤਨ ਉਦਯੋਗ (Pottery) :–

ਬਰਤਨ ਬਣਾਉਣ ਦੀ ਵਿਧੀ ਤੇ ਕਲਾ ਲਈ ਸਿੰਧ ਘਾਟੀ ਸਭਿਅਤਾ ਸਭ ਤੋਂ ਖ਼ਾਸ ਸੀ। ਅੱਜ ਕਲ ਦੀ ਭਾਸ਼ਾ ਵਿਚ ਬਰਤਨ ਉਦਯੋਗ ਇਸ ਸਭਿਅਤਾ ਦੀ ਸਭ ਤੋਂ ਵੱਡੀ ਉਪਭੋਗਤਾ ਵਸਤੂਆਂ ਪੈਦਾ ਕਰਨ ਵਾਲੀ ਤੇ ਰੋਜਗਾਰ ਦੇਣ ਵਾਲੀ ਇੰਡਸਟਰੀ ਸੀ। ਪੱਕੇ ਹੋਏ ਬਰਤਨ, ਲਾਲ ਰੰਗ ਵਾਲੇ ਤੇ ਮੋਟੇ ਕਿਨਾਰੇ ਵਾਲੇ ਸਭ ਲਈ ਸਨ – ਅਮੀਰ ਲਈ ਵੀ ਗਰੀਬ ਲਈ ਵੀ। ਇਹ ਸਭਿਅਤਾ ਅਧੀਨ ਸਾਰੇ ਰਕਬੇ ਵਿਚ ਮਿਲਦੇ ਹਨ। ਆਵੇ (Klin) ਜਿਥੇ ਇਹ ਪੱਕਦੇ ਸਨ, ਬਹੁਤ ਹੀ ਵਿਕਸਿਤ ਸਨ। ਖੂਹਾਂ ਦੇ ਆਸ ਪਾਸ ਮਿੱਟੀ ਦੀਆਂ ਪਿਆਲੀਆਂ ਦੇ ਢੇਰ ਮਿਲਦੇ ਹਨ। ਇਹ ਖੂਬਸੂਰਤ ਪਿਆਲੀਆਂ/ਕੌਲੀਆਂ ਇਤਨੀਆਂ ਸਸਤੀਆਂ ਸਨ ਕਿ ਇਨ੍ਹਾਂ ਨੂੰ ਇਕ ਵਾਰ ਵਰਤ ਕੇ ਸੁੱਟ ਦਿੱਤਾ ਜਾਂਦਾ ਸੀ। ਪਰੰਤੂ ਵਧੇਰੇ ਮਹਿੰਗੇ ਬਰਤਨ ਵੀ ਸਨ ਜਿਨਾਂ ਨੂੰ ਟੁੱਟਣ ਤੋਂ ਬਾਅਦ ਵੀ ਸੰਭਾਲਣ ਦੀ ਕੋਸ਼ਿਸ਼ ਹੁੰਦੀ ਸੀ।

## ਕੱਪੜਾ ਉਦਯੋਗ (Textiles) :–

ਅਸੀਂ ਕਪਾਹ ਤੇ ਰੰਗੇ ਹੋਏ ਸੂਤ ਦਾ ਹਵਾਲਾ ਪਹਿਲਾਂ ਵੀ ਦਿੱਤਾ ਹੈ। ਪੱਥਰ ਦੀਆਂ ਬਣੀਆਂ ਤਕਲੀਆਂ ਤੇ ਤਾਂਬੇ ਦੀਆਂ ਸੂਈਆਂ ਨਾਲ ਕੱਪੜਾ ਬੁਨਣ ਤੇ ਘੜਾਈ ਵਿਚ ਸਹਾਇਤਾ ਮਿਲੀ। ਮਨੁੱਖੀ ਇਤਿਹਾਸ ਵਿਚ ਕੱਪੜਾ ਮਿਲਣ ਦੀਆਂ ਸਭ ਤੋਂ ਪਹਿਲੀਆਂ ਦੋ ਉਦਾਹਰਣਾਂ ਵਿਚ ਜਾਰਡਨ ਤੇ ਮੋਹਿੰਜੋਦਾੜੋ ਆਉਂਦੇ ਹਨ।

## ਉਸਾਰੀ ਉਦਯੋਗ (Building Industry) :-

ਇਮਾਰਤਾਂ ਤੇ ਨਾਲੀਆਂ ਸਿੰਧ ਘਾਟੀ ਦੀ ਇਕ ਹੋਰ ਵਿਸ਼ੇਸ਼ਤਾ ਸੀ। ਪੱਕੀਆਂ ਇੱਟਾਂ ਤੇ ਇੱਟਾਂ ਦਾ ਪੱਕਾ ਅਕਾਰ (7×15×31 ਸੈਂਟੀਮੀਟਰ) ਅਤੇ ਇਨ੍ਹਾਂ ਨੂੰ ਲਾਉਣ ਦੀ ਤਕਨੀਕ ਅਦਭੁਤ ਸੀ। ਦੀਵਾਰ ਮਿੱਟੀ ਨਾਲ ਚਿਣੀ ਜਾਂਦੀ ਸੀ ਪਰੰਤੂ ਕਈ ਵਾਰ ਜਿਪਸਮ ਵੀ ਵਰਤੀ ਜਾਂਦੀ ਸੀ। ਹੜੱਪਾ ਤੇ ਮੋਹਿੰਜੋਦਾੜੋ ਵਿਚ ਆਵੇ (Klins) ਵੱਡੇ ਤੇ ਕਾਫੀ ਗਿਣਤੀ ਵਿਚ ਸਨ। ਇਥੇ ਇੱਟਾਂ ਨੂੰ ਪਕਾਉਣਾ ਇਕ ਉਦਯੋਗ ਸੀ। ਖੂਹਾਂ ਦੀਆਂ ਦੀਵਾਰਾਂ ਨੂੰ ਗੋਲ ਕਰਨ ਲਈ ਜਾਂ ਨਾਲੀਆਂ ਨੂੰ ਢਕਣ ਲਈ ਇੱਟਾਂ ਦੀ ਵੱਖਰੀ ਕਿਸਮ (Wedge shapped bricks) ਸੀ। ਕੱਚੀਆਂ ਇੱਟਾਂ ਦਾ ਇਸਤੇਮਾਲ ਬਹੁਤ ਵੱਡੀ ਮਾਤਰਾ ਵਿਚ ਹੁੰਦਾ ਸੀ। ਪੇਂਡੂ ਘਰ ਤੇ ਕਿਲੇ ਆਦਿ ਇਨ੍ਹਾਂ ਦੇ ਬਣਦੇ ਸਨ।

## ਮੁਹਰਾਂ (Seals) :-

ਮੁਹਰਾਂ ਦਾ ਇਸਤੇਮਾਲ ਵੀ ਵੱਡੀ ਮਾਤਰਾ ਵਿਚ ਹੋਇਆ। ਇਕੱਲੇ ਮੋਹਿੰਜੋਦਾੜੋ ਵਿਚੋਂ 1200 ਮੁਹਰਾਂ ਮਿਲੀਆਂ ਹਨ। ਇਹ ਛੋਟੀਆਂ ਤੇ ਵਰਗਾਕਾਰ ਹਨ। ਭੁਜਾਵਾਂ ਦਾ ਅਨੁਪਾਤ 1.9×3.2 ਸੈਂਟੀਮੀਟਰ ਹੈ। ਮੁਹਰ ਦੇ ਪਿਛੇ ਇਕ ਹੁੱਕ (boss) ਹੈ ਅਤੇ ਮੱਥੇ ਉੱਪਰ ਜਾਂ ਸਾਹਮਣੇ ਪਸ਼ੂਆਂ ਦੀਆਂ ਤਸਵੀਰਾਂ ਹਨ। ਮੁਹਰ ਮਿੱਟੀ ਉੱਪਰ ਛਪਦੀ ਸੀ।

ਸਿੰਧ ਘਾਟੀ ਸਭਿਅਤਾ ਦੀ ਭਾਸ਼ਾ ਦਾ ਸਰੋਤ ਮੁਹਰਾਂ ਹੀ ਹਨ। ਮੁਹਰਾਂ ਦੀ ਭਾਸ਼ਾ ਦੀ ਕੋਈ ਇਲਾਕਾਈ ਭਿੰਨਤਾ ਨਹੀਂ ਹੈ। ਇਸ ਦਾ ਭਾਵ ਹੈ ਕਿ ਮੁਹਰਾਂ ਦਾ ਹਕੂਮਤ ਤੇ ਹੁਕਮਰਾਨ ਤਬਕੇ ਨਾਲ ਸੰਬੰਧ ਹੈ। ਇਨ੍ਹਾਂ ਦਾ ਸੰਬੰਧ ਵਿਉਪਾਰੀਆਂ ਨਾਲ ਵੀ ਹੋ ਸਕਦਾ ਹੈ ਕਿਉਂਕਿ ਇਹ ਉਨ੍ਹਾਂ ਦੇ ਰੁਤਬੇ ਤੇ ਜਾਇਦਾਦ ਦਾ ਪ੍ਰਤੀਕ ਸਨ।

## ਮਾਪ ਤੋਲ (Measures and Weights):-

ਸਿੰਧ ਘਾਟੀ ਸਭਿਅਤਾ ਦੀ ਮੁਢਲੀ ਤੋਲ ਇਕਾਈ 13.63 ਗ੍ਰਾਮ ਹੈ ਤੇ ਸਭ ਤੋਂ ਵੱਡੀ ਇਕਾਈ 10.9 ਕਿਲੋਗ੍ਰਾਮ ਹੈ। ਭਾਰ ਦੇ ਪੈਮਾਨੇ ਦੀ ਅਨੁਪਾਤ 1,2,4,10,20,40,100,200,400,500,800 ਹੈ ਜਦੋਂ ਕਿ ਟੋਟ (Fraction) 1/16, 1/8, 1/4 ਅਤੇ 1/2 ਹਨ। ਵੱਟੇ ਘੋਗਿਆਂ, ਤਾਂਬੇ ਤੇ ਹਾਥੀ ਦੰਦ ਦੇ ਬਣੇ ਹੋਏ ਸਨ। ਪਰੰਤੂ ਹਾਥੀ ਦੰਦ ਦਾ ਇਸਤੇਮਾਲ ਥੋੜਾ ਹੈ ਕਿਉਂਕਿ ਇਹ ਕੀਮਤੀ ਸੀ। ਮੁਹਰਾਂ ਤੇ ਹਾਥੀ ਉੱਕਰਿਆ ਹੋਇਆ ਮਿਲਦਾ ਹੈ।

## ਸ਼ਹਿਰ ਤੇ ਕਸਬੇ :-

ਸਿੰਧ ਘਾਟੀ ਦੇ ਸ਼ਹਿਰ ਤੇ ਕਸਬੇ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ। ਪਹਿਲਾ, ਜਿਨਾਂ ਦੀ ਖੁਦਾਈ ਹੋ ਚੁੱਕੀ ਹੈ। ਦੂਸਰਾ ਜਿਨਾਂ ਦੀ ਖੁਦਾਈ ਹੋਣੀ ਹੈ। ਪ੍ਰਮੁੱਖ ਸ਼ਹਿਰਾਂ ਦੀ ਸੂਚੀ ਤੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

| **(1) Excavated Cities :-** | | | **(2) Unexcavated** | | |
|---|---|---|---|---|---|
| **ਸ਼ਹਿਰ ਦਾ ਨਾਂ** | **ਰਕਬਾ ਹੈਕਟਰਾਂ ਵਿਚ** | **ਇਲਾਕਾ** | **ਨਾਮ** | **ਰਕਬਾ ਹੈਕਟਰਾਂ ਵਿਚ** | **ਇਲਾਕਾ** |
| ਮੋਹਿੰਜੋਦਾੜੋ | 200 | ਸਿੰਧ | ਗਨਵੇਰੀਵਾਲਾ | 80 | ਪੰਜਾਬ |
| ਹੜੱਪਾ | 150 | ਪੰਜਾਬ | ਲੱਖਮੀਰਵਾਲਾ | 225 | ਪੰਜਾਬ |

| | | | | | |
|---|---|---|---|---|---|
| ਢੋਲਾਵੀਰਾਂ | 60 | ਕੱਛ | ਗੁਰਨੀ ਕਲਾਂ | 144 | ਉਹੀ |
| ਚਨੂੰ ਦਾਰੋ | 4.7 | ਸਿੰਧ | ਹਸਨਪੁਰ | 60 | ਉਹੀ |
| ਲੋਥਲ | 4.8 | ਗੁਜਰਾਤ | | | |

## ਮੋਹਿੰਜੋਦਾੜੋ ਦਾ ਵਰਨਣ:-

ਸਿੰਧ ਘਾਟੀ ਸਭਿਅਤਾ ਦੇ ਸ਼ਹਿਰਾਂ ਤੇ ਕਸਬਿਆਂ ਦੀ ਤਸਵੀਰ ਮੋਹਿੰਜੋਦਾੜੋ ਅਤੇ ਹੜੱਪਾ ਸ਼ਹਿਰਾਂ ਤੇ ਨਿਰਭਰ ਕਰਦੀ ਹੈ। ਮੋਹਿੰਜੋਦਾੜੋ ਦੀ ਬਣਤਰ ਵਾਂਗ ਹੀ ਦੂਸਰੇ ਸ਼ਹਿਰਾਂ ਦੀ ਬਣਤਰ ਹੈ। ਇਸ ਦੀ ਅਬਾਦੀ ਲਗਭਗ 85,000 ਮੰਨੀ ਗਈ ਹੈ। ਸ਼ਹਿਰ ਦੇ ਦੋ ਭਾਗ ਹਨ। ਉੱਚਾ ਜਾਂ ਕਿਲ੍ਹੇ ਵਰਗਾ ਭਾਗ (Citadal) ਅਤੇ ਆਮ ਧਰਾਤਲ ਤੇ ਬਣਿਆ ਭਾਗ ਜਾਂ (Lower Town) ਉੱਚਾ ਭਾਗ ਸ਼ੁਰੂ ਵਿਚ 10 ਮੀਟਰ ਦੀ ਉਚਾਈ ਤੇ ਸੀ ਪਰੰਤੂ ਹੌਲੀ ਹੌਲੀ ਇਹ ਉਚਾਈ ਵਧਦੀ ਗਈ।

## ਸ਼ਹਿਰੀ ਯੋਜਨਾਬੰਦੀ (Town Planning) :-

ਸ਼ਹਿਰ ਦੀਆਂ ਇਮਾਰਤਾਂ ਬਨਣ ਤੋਂ ਪਹਿਲਾਂ ਮੁੱਖ ਸੜਕਾਂ ਕੱਟੀਆਂ ਗਈਆਂ। ਇਸ ਕਰਕੇ ਇਹ ਖੁਲੀਆਂ ਹਨ ਤੇ ਦੂਸਰੀਆਂ ਸੜਕਾਂ ਦੇ ਸਮਾਨੰਤਰ ਅਤੇ 90 ਡਿਗਰੀ ਤੋਂ ਮੁੜਦੀਆਂ ਹਨ। ਉਪਰਲੇ ਭਾਗ ਵਿਚ ਮੁੱਖ ਸੜਕ 6 ਮੀਟਰ ਚੌੜੀ ਹੈ। ਜਦੋਂ ਕਿ ਹੇਠਲੇ ਸ਼ਹਿਰ ਦੀ ਪਹਿਲੀ ਸੜਕ 10 ਮੀਟਰ ਚੌੜੀ ਹੈ।

ਜਿਆਦਾਤਰ ਘਰ ਕੱਚੀਆਂ ਇੱਟਾਂ ਦੇ ਬਣੇ ਹਨ ਪਰੰਤੂ ਨੀਹਾਂ (Foundation) ਅਕਸਰ ਹੀ ਪੱਕੀਆਂ ਇੱਟਾਂ ਦੀਆਂ ਹਨ। ਘਰ ਆਇਤਕਾਰ ਹਨ, ਵੱਖ ਅਕਾਰ ਹੋਣ ਦੇ ਬਾਵਜੂਦ ਕਮਰਿਆਂ ਦੇ ਬੂਹੇ ਵਿਹੜੇ ਵਿਚ ਖੁਲ੍ਹਦੇ ਹਨ ਅਤੇ ਹਰ ਮਕਾਨ ਦਾ ਇਕ ਹੀ ਮੁੱਖ ਦਰਵਾਜਾ ਘਰ ਨੂੰ ਬਾਹਰੀ ਹਿੱਸੇ ਨਾਲ ਜੋੜਦਾ ਹੈ।

ਹਰ ਤੀਸਰੇ ਘਰ ਦੇ ਇਕ ਕੋਨੇ ਵਿਚ ਖੂਹ ਹੈ। ਖੂਹ ਦੇ ਨਜਦੀਕ ਗੁਸ਼ਲਖਾਨੇ ਬਣੇ ਹੋਏ ਹਨ। ਘਰ ਵੱਡੇ ਪਰਿਵਾਰਾਂ ਲਈ ਜਾਂ ਮਾਲਕ ਸਮੇਤ ਨੌਕਰਾਂ ਦੇ ਰਹਿਣ ਲਈ ਬਣੇ ਹਨ। ਗੁਸਲਖਾਨੇ ਅਤੇ ਰਸੋਈ ਦੀ ਸਹੂਲਤ ਵਿਹੜੇ ਵਿਚ ਸਾਂਝੀ ਨਜ਼ਰ ਆਉਂਦੀ ਹੈ।

## ਨਾਲੀਆਂ :-

ਹਰ ਘਰ ਨੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕੀਤਾ ਹੋਇਆ ਹੈ। ਵਾਧੂ ਤੇ ਗੰਦਾ ਪਾਣੀ ਮਿੱਟੀ ਦੇ ਬਣੇ ਪਾਈਪਾਂ ਰਾਹੀਂ ਬਾਹਰੀ ਨਾਲੇ ਜਿਹੜਾ ਕਿ ਸੜਕ ਦੇ ਕਿਨਾਰੇ ਬਣਿਆ ਹੋਇਆ ਹੈ, ਵਿਚ ਡਿੱਗਦਾ ਹੈ। ਮੁੱਖ ਨਾਲਾ ਅਕਸਰ ਢਕਿਆ ਹੋਇਆ ਹੈ।

## ਮਹਾਂ ਇਸ਼ਨਾਨ ਘਰ (Great Bath) :-

ਇਹ ਸ਼ਹਿਰ ਦੇ ਉੱਚੇ ਪਾਸੇ ਹੈ। 12×7 ਮੀਟਰ ਦਾ ਅਤੇ 2.4 ਮੀਟਰ ਡੂੰਘਾ ਆਇਤਕਾਰ ਤਲਾਬ ਹੈ। ਇਹ ਪੱਕੀਆਂ ਇੱਟਾਂ ਦਾ ਬਣਿਆ ਹੈ। ਚਾਰੇ ਪਾਸਿਆਂ ਤੋਂ ਪੌੜੀਆਂ ਉਤਰਦੀਆਂ ਹਨ। ਉੱਤਰ ਤੇ ਪੂਰਬ ਪਾਸੇ ਤਲਾਬ ਉਪਰ ਅਨੇਕਾਂ ਕਮਰੇ ਹਨ। ਪੂਰਬੀ ਬਾਹੀ ਉੱਪਰ ਇਕ ਕਮਰੇ ਵਿਚ ਵੱਡਾ ਖੂਹ ਹੈ ਜਿਸ ਦਾ ਪਾਣੀ ਤਲਾਬ ਵਿਚ ਪੈਂਦਾ ਹੈ। ਪਾਣੀ ਬਦਲਣ ਲਈ ਦੱਖਣੀ ਪਾਸੇ ਮੋਘਰਾ ਹੈ।

ਇਸ਼ਨਾਨ ਘਰ ਦੇ ਪੱਛਮੀ ਪਾਸੇ 1350 ਵਰਗ ਮੀਟਰ ਦੀ ਅਤੇ ਥੜੇ ਉੱਪਰ ਬਣੀ ਇਮਾਰਤ ਹੈ। ਇਸੇ ਦੇ 27 ਪਲਿੰਥ ਜਾਂ ਸੈਕਸ਼ਨ ਹਨ। ਇਹ ਸੈਕਸ਼ਨ ਤਿੰਨ ਪਾਲਾਂ ਵਿਚ ਹਨ ਹਰ ਕਤਾਰ ਵਿਚ 9 ਸੈਕਸ਼ਨ ਜਾਂ ਖਾਨੇ ਹਨ। ਇਥੇ ਸ਼ਾਇਦ ਅਨਾਜ ਰੱਖਿਆ ਜਾਂਦਾ ਸੀ।

## ਹਾਲ:-

ਸ਼ਹਿਰ ਦੇ ਉਪਰਲੇ ਭਾਗ ਵਿਚ ਹੀ ਥਮਲਿਆਂ ਉੱਪਰ ਉਸਰਿਆ 750 ਵਰਗ ਮੀਟਰ ਦਾ ਹਾਲ ਕਮਰਾ

ਹੈ। ਇਸ ਦਾ ਇਸਤੇਮਾਲ ਕਾਹਦੇ ਲਈ ਹੁੰਦਾ ਸੀ ? ਕਹਿਣਾ ਮੁਸ਼ਕਲ।

**ਘਰਾਂ ਦੀ ਸੰਖਿਆ :-**

ਖੁਦਾਈ ਤੋਂ ਜਾਪਦਾ ਹੈ ਕਿ ਮੋਹਿੰਜੋਦਾੜੋ ਵਿਚ ਘਰਾਂ ਦੀ ਗਿਣਤੀ 2000-3000 ਸੀ ਅਤੇ ਖੂਹਾਂ ਦੀ ਸੰਖਿਆ 700 ਦੇ ਕਰੀਬ। ਇਸ ਤਰ੍ਹਾਂ ਮੋਹਿੰਜੋਦਾੜੋ ਆਪਣੇ ਸਮੇਂ ਦੇ ਸੰਸਾਰ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਇਕ ਸੀ।

**ਸਭਿਆਚਾਰ : ਲਿਖਤਾਂ, ਕਲਾ ਅਤੇ ਧਰਮ :-**

ਸਿੰਧ ਘਾਟੀ ਸਭਿਅਤਾ ਦੀ ਸਭ ਤੋਂ ਵੱਡੀ ਪ੍ਰਾਪਤੀ ਲਿੱਪੀ ਦਾ ਵਿਕਾਸ ਸੀ। ਠੀਕ ਹੈ ਕਿ ਇਹ ਮੁਹਰਾਂ ਤੇ ਉੱਕਰੀ ਲਿੱਪੀ ਅਜੇ ਤੱਕ ਪੜੀ ਨਹੀਂ ਜਾ ਸਕੀ ਫਿਰ ਵੀ ਇਹ ਲਿੱਪੀ ਮਨੁੱਖ ਦੁਆਰਾ ਇਜਾਦ ਕੀਤੀਆਂ ਪਹਿਲੀਆਂ ਚਾਰ ਲਿੱਪੀਆਂ ਵਿਚੋਂ ਇਕ ਹੈ। ਇਹ ਲਿੱਪੀ ਇਸ ਸਭਿਅਤਾ ਦੇ ਜਨਮ ਨਾਲ (2500 ਬੀ.ਸੀ.) ਪੈਦਾ ਹੋਈ ਅਤੇ ਇਸ ਦੇ ਖਾਤਮੇ ਨਾਲ (2000 ਬੀ.ਸੀ.) ਖਤਮ ਹੋ ਗਈ।

ਲਿਖਤਾਂ ਦਾ ਰੂਪ ਉਕਰਵੇਂ ਲੇਖ (Inscriptions) ਹਨ - ਗਿਣਤੀ ਵਿਚ ਲਗਪਗ 4000 । ਹਰ ਲੇਖ 5 ਸ਼ਬਦਾਂ ਦਾ ਹੈ ਅਤੇ ਮੁਹਰਾਂ ਤੇ ਉਕਰਿਆ ਹੈ। ਇਹ ਲਿਖਤਾਂ ਮਿੱਟੀ ਤੋਂ ਇਲਾਵਾ ਕੁੱਝ ਧਾਤਾਂ ਜਿਵੇਂ ਤਾਂਬਾ ਆਦਿ ਤੇ ਮਿਲਦੀਆਂ ਹਨ। ਕੱਪੜੇ, ਖੱਲਾਂ ਜਾਂ ਦਰਖਤਾਂ ਦੀ ਛਿੱਲਾਂ ਉੱਪਰ ਕੋਈ ਵੀ ਲਿਖਤ ਨਹੀਂ ਮਿਲੀ ਹੈ। ਲਿਖਿਆ ਸੱਜੇ ਤੋਂ ਖੱਬੇ ਵੱਲ ਜਾਂਦਾ ਸੀ ਪਰੰਤੂ ਕਈ ਵਾਰ ਦੂਸਰੀ ਪਾਲ (ਕਤਾਰ) ਖੱਬੇ ਵਲੋਂ ਹੀ ਸ਼ੁਰੂ ਕਰ ਲਈ ਜਾਂਦੀ ਸੀ।

ਭਾਸ਼ਾ ਦੀ ਇਕਸਾਰਤਾ ਦੱਸਦੀ ਹੈ ਕਿ ਮੁਹਰਾਂ ਦੀ ਭਾਸ਼ਾ ਸਰਕਾਰੀ ਸੀ ਜਾਂ ਵਿਉਪਾਰੀ ਤੇ ਅਮੀਰ ਸ਼੍ਰੇਣੀ ਦੀ। ਬਹੁਤ ਸਾਰੀਆਂ ਮੁਹਰਾਂ ਉੱਪਰ ਮਛਲੀ ਦੀ ਤਸਵੀਰ ਹੈ। ਇਹ ਤਸਵੀਰ ਭਾਸ਼ਾ ਦੇ ਦ੍ਰਾਵੜ ਹੋਣ ਵੱਲ ਸੰਕੇਤ ਕਰਦੀ ਹੈ।

**ਵਿਗਿਆਨ:-**

ਵਿਗਿਆਨਾਂ ਦੇ ਖੇਤਰ ਵਿਚ ਇਸ ਸਭਿਅਤਾ ਦੇ ਗਿਆਨ ਦਾ ਅੰਦਾਜਾ ਇਸ ਦੇ ਤੋਲ-ਮਾਪ ਤੋਂ ਲਾਇਆ ਜਾ ਸਕਦਾ ਹੈ। ਇਸ ਵਿਚ Binary ਤੇ Decimal System ਦੋਵੇਂ ਹੀ ਵਰਤੇ ਜਾਂਦੇ ਸਨ। ਪੈਮਾਨੇ ਦਾ ਗਿਆਨ ਵੀ ਮਹੱਤਵਪੂਰਨ ਸੀ। ਗ੍ਰਹਿ ਵਿਗਿਆਨ ਵੀ ਵਿਕਸਿਤ ਹੋ ਰਿਹਾ ਸੀ। ਇਸ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮਛਲੀ ਤਾਰੇ ਦਾ ਵੀ ਚਿੰਨ ਹੈ। ਮੁਹਰ ਉੱਪਰ ਮਛਲੀ ਦੇ ਨਾਲ 7 ਗੋਲ ਬਿੰਦੂਆਂ ਦਾ ਭਾਵ ਹੈ 7 ਤਾਰੇ ਜਾਂ Great Bear । ਰਾਤ ਦੇ ਸਮੇਂ ਮੁਸਾਫਰ ਤਾਰਿਆਂ ਦੀ ਸਹਾਇਤਾ ਲੈਂਦੇ ਸਨ। ਮੈਡੀਕਲ ਵਿਗਿਆਨ ਜਾਂ ਸਰਜਰੀ ਸੰਬੰਧੀ ਗਿਆਨ ਚੀਰੇ ਜਾਂ trepanning ਦੀ ਤਕਨੀਕ ਸੀ।

**ਕਲਾ :-**

ਸਿੰਧ ਘਾਟੀ ਸਭਿਅਤਾ ਦੀ ਕਲਾ ਬਾਰੇ ਕਿਹਾ ਜਾਂਦਾ ਹੈ ਕਿ ਇਹ ਇਕਸਾਰ (Uniform) ਬੇਰੰਗੀ (Monotonous) ਤੇ ਉਪਯੋਗਤਾਵਾਦੀ (Utiliterian) ਹੈ। ਪ੍ਰੰਤੂ ਜੋ ਕਲਾ ਕ੍ਰਿਤਾਂ ਮੋਹਿੰਜੋਦਾੜੋ ਤੋਂ ਮਿਲੀਆਂ ਹਨ, ਨੇ ਸਭ ਨੂੰ ਆਪਣੇ ਵੱਲ ਮੋਹਿਆ ਹੈ। ਕ੍ਰਿਤਾਂ ਹਨ :

(1) ਸਿਰਫ 17 ਸੈਂਟੀਮੀਟਰ ਪੱਥਰ ਦੀ ਮੂਰਤੀ - ਇਹ ਕੇਵਲ ਧੜ ਹੀ ਹੈ, ਸਰੀਰ ਦੇ ਹੇਠਲਾ ਹਿੱਸਾ ਨਹੀਂ ਮਿਲਿਆ। ਇਹ ਅਸਲੀ ਪੋਰਟਰੇਟ ਜਾਪਦਾ ਹੈ। ਕੱਟੀ ਹੋਈ ਦਾੜੀ ਤੇ ਮੋਢੇ ਉੱਪਰ ਖੂਬਸੂਰਤ ਕੱਢਿਆ ਹੋਇਆ ਲੜੀਦਾਰ ਪਰਨਾ (Robe) ਹੈ। ਕੱਟੀ ਹੋਈ ਦਾੜੀ ਤੇ ਮੋਢੇ ਉੱਪਰ ਤਣੀਆਂ ਵਾਲਾ ਪਰਨਾ ਆਮ ਕਰਕੇ ਇਰਾਕੀ ਫੈਸ਼ਨ ਸੀ। ਇਤਿਹਾਸਕਾਰਾਂ ਨੇ ਇਸ ਨੂੰ 'ਰਾਜੇ-ਪੁਜਾਰੀ' (King-priest) ਦਾ ਨਾਮ ਦਿੱਤਾ ਹੈ। ਹਾਲ ਵਿਚ ਹੀ ਇਸ ਨੂੰ 'ਯੋਗੀ' ਕਹਿਣਾ ਸ਼ੁਰੂ ਕਰ ਦਿੱਤਾ ਗਿਆ ਹੈ। ਕੁਝ

ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਸ ਨੂੰ ਵਿਉਪਾਰੀ ਕਹਿਣਾ ਵਧੇਰੇ ਠੀਕ ਹੋਵੇਗਾ ਕਿਉਂਕਿ ਯੋਗ (Yoga) ਦਾ ਜਨਮ ਬਹੁਤ ਪਿਛੋਂ ਹੋਇਆ।

**(2) 'Dancing girl' :-**

ਤਾਂਬੇ ਦੀ ਬਣੀ ਹੋਈ ਮੂਰਤੀ ਜਿਸ ਵਿਚ ਔਰਤ ਨੇ ਸੱਜਾ ਹੱਥ ਪਿੱਠ ਉੱਪਰ ਅਤੇ ਥੋੜਾ ਝੁਕਿਆ ਖੱਬਾ ਹੱਥ ਖੱਬੀ ਲੱਤ ਤੇ ਧਰਿਆ ਹੈ। ਛੋਟੀ – 10.3 ਸੈਂਟੀਮੀਟਰ ਉੱਚੀ ਇਸ ਮੂਰਤੀ ਵਿਚ ਔਰਤ ਦੀਆਂ ਲੱਤਾਂ ਖੁਲ੍ਹੀਆਂ ਹਨ ਪਰੰਤੂ ਪੈਰ ਨਸ਼ਟ ਹੋ ਚੁੱਕੇ ਹਨ। ਚੇਹਰੇ ਤੋਂ ਲਗਦਾ ਹੈ ਕਿਸੇ ਦਾ ਪੋਰਟਰੇਟ ਹੈ। ਦੋਵੇਂ ਬਾਹਾਂ ਵਿਚ ਪਾਈਆਂ ਚੂੜੀਆਂ ਜਾਂ ਗਜਰਿਆਂ ਤੋਂ ਬਿਨਾਂ ਸਰੀਰ ਉੱਪਰ ਕੋਈ ਬਸਤਰ ਨਹੀਂ। ਇਹ ਔਰਤ ਦੀ ਬਗਾਵਤ ਹੈ ਜਾਂ ਰੱਬੀ ਰੂਪ ? ਬਹਿਸ ਦਾ ਵਿਸ਼ਾ ਹੋ ਸਕਦਾ ਹੈ।

ਸਿੰਧ ਘਾਟੀ ਸਭਿਅਤਾ ਦੀ ਮੂਰਤੀ ਕਲਾ ਦੇ ਹੋਰ ਨਮੂਨਿਆਂ ਵਿਚ ਬਿਨਾਂ ਧੜ ਤੋਂ ਹਿਰਨ, ਵੱਡੀਆਂ ਬਨਾਂ ਵਾਲੇ ਬਲਦ ਅਤੇ ਹਾਥੀ ਹਨ। ਇਹ ਸਾਰੀਆਂ ਹੀ ਕ੍ਰਿਤਾਂ ਅਕਾਰ ਵਿਚ ਛੋਟੀਆਂ ਹਨ। ਸ਼ਾਇਦ ਇਸ ਸਭਿਅਤਾ ਦੇ ਕਲਾਕਾਰ ਛੋਟੀਆਂ ਛੋਟੀਆਂ ਕ੍ਰਿਤੀਆਂ ਹੀ ਬਣਾਉਂਦੇ ਸਨ। ਉਨ੍ਹਾਂ ਮਿਸਰ ਜਾਂ ਇਰਾਕ ਦੇ ਕਲਾਕਾਰਾਂ ਵਾਂਗ ਬਹੁਤ ਵੱਡੀਆਂ ਮੂਰਤੀਆਂ ਦੀ ਸਿਰਜਣਾ ਨਹੀਂ ਕੀਤੀ।

**ਧਰਮ :–**

ਧਰਮ ਬਾਰੇ ਵੀ ਸਾਡੀ ਜਾਣਕਾਰੀ ਮੁਹਰਾਂ ਜਾਂ ਬਰਤਨ ਬਣਾਉਣ ਵਾਲਿਆਂ ਕੋਲੋਂ ਹੀ ਮਿਲੀ ਹੈ। ਕੁਝ ਇਮਾਰਤੀ ਸਬੂਤ ਵੀ ਹਨ। ਇਨ੍ਹਾਂ ਇਮਾਰਤਾਂ ਦਾ ਧਰਮ ਨਾਲ ਜਾਂ ਪੂਜਾ ਨਾਲ ਸੰਬੰਧ ਕਲਪਨਾ ਰਾਹੀਂ ਹੀ ਸਥਾਪਤ ਹੋ ਸਕਦਾ ਹੈ। ਸੰਭਵ ਹੈ ਕਿ ਵੱਖ ਵੱਖ ਕਿਸਮ ਦੇ ਲੋਕਾਂ ਦੇ ਆਪਣੇ ਆਪਣੇ ਦੇਵਤੇ ਤੇ ਵਿਸ਼ਵਾਸ ਹੋਣ।

**'Unicorn' :-**

ਮੁਹਰਾਂ ਵਰਤਣ ਵਾਲਿਆਂ ਦਾ ਵਿਸ਼ਵਾਸ, ਭਰਮ ਤੇ ਅੰਧ ਵਿਸ਼ਵਾਸ ਸਰਕਾਰੀ ਅਫਸਰਾਂ ਤੇ ਵਿਉਪਾਰੀਆਂ ਦਾ 'ਧਰਮ' ਸੀ। ਇਹ 'ਸਰਕਾਰੀ' ਧਰਮ ਸੀ। 3/4 ਮੁਹਰਾਂ ਉੱਪਰ ਇਕ ਹੀ ਪਸ਼ੂ ਦੀ ਤਸਵੀਰ ਹੈ ਜੋ ਸੱਜੇ ਪਾਸੇ ਤੋਂ ਨਜ਼ਰ ਆਉਂਦਾ ਹੈ। ਇਸ ਨੂੰ 'unicorn' ਕਿਹਾ ਗਿਆ ਹੈ। ਯੂਨੀਕੋਰਨ ਇਕ ਮਿਥਿਹਾਸਕ ਪਸ਼ੂ ਹੈ ਜੋ ਕਿ ਮੱਥੇ ਚੋਂ ਨਿਕਲੇ ਇਕ ਸਿੰਗ ਵਾਲਾ ਘੋੜਾ ਹੈ। ਪਰੰਤੂ ਸਿੰਧ ਘਾਟੀ ਦੇ ਜਿਸ ਪਸ਼ੂ ਨੂੰ ਮੂਰਤੀਕਾਰ ਨੇ ਬਣਾਇਆ ਹੈ ਤੇ ਜਿਸ ਨੂੰ ਇਤਿਹਾਸਕਾਰ ਨੇ ਯੂਨੀਕੋਰਨ ਦਾ ਨਾਮ ਦਿੱਤਾ ਗਿਆ ਹੈ ਉਹ ਅਸਲ ਵਿਚ ਬਿਨਾਂ ਬਨ੍ਹ (Humpless) ਬਲਦ (Bull)। ਇਹ ਤਿੰਨ ਮੰਝਲੀ ਖੁਰਲੀ (Manger) ਤੇ ਖੜਾ ਹੈ। ਮੂਰਤੀਆਂ ਵਾਲੇ ਪਸ਼ੂਆਂ ਵਿਚ ਗਾਂ ਗੈਰ-ਹਾਜਰ ਹੈ ਪਰੰਤੂ ਗੈਂਡਾ, ਮੱਝ ਅਤੇ ਚੀਤਾ ਸ਼ਾਮਲ ਹਨ। ਦੇਵਤਿਆਂ ਦੀ ਪ੍ਰਤੀਨਿਧਤਾ ਪਸ਼ੂ ਕਰਦੇ ਹਨ ਤੇ ਪਸ਼ੂ-ਦੇਵਤੇ (Zoomorphic dieties) ਕਬੀਲਿਆਂ ਤੇ ਜਾਤੀਆਂ ਦੇ ਇਸ਼ਟ ਹਨ।

**ਤਿੰਨ ਮੂਹਾਂ ਵਾਲਾ ਮਨੁੱਖੀ-ਦੇਵ (Three Faced Diety in Human Form or an Anthropomorphic Diety)**

ਪਸ਼ੂ-ਦੇਵਾਂ ਤੋਂ ਭਿੰਨ ਮਨੁੱਖੀ ਸ਼ਕਲ ਪਰੰਤੂ ਤਿੰਨ ਮੂਹਾਂ ਵਾਲਾ ਦੇਵਤਾ ਵੀ ਸੀ। ਇਹ ਆਸਣ ਲਗਾ ਕੇ ਜਾਂ ਚੌਕੜੀ ਮਾਰ ਬੈਠਾ ਹੈ ਤੇ ਸਿਰ ਉੱਪਰ ਸਿੰਗ ਹਨ। ਇਸ ਦੇ ਆਸੇ ਪਾਸੇ ਹਾਥੀ, ਚੀਤੇ, ਭੈਂਸੇ ਤੇ ਗੈਂਡੇ ਦੇ ਚਿੱਤਰ ਹਨ। ਕੁਝ ਇਤਿਹਾਸਕਾਰ ਇਸ ਨੂੰ 'ਸ਼ਿਵਜੀ' ਮੰਨਦੇ ਹਨ।

ਕਾਲੀਬੰਗਨ ਦੇ ਅਸਥਾਨ ਤੋਂ ਇਕ ਦੇਵੀ ਦੀ ਮੂਰਤੀ ਮਿਲੀ ਹੈ। ਤਸਵੀਰ ਵਿਚ ਦੇਵੀ ਜਾਂ ਔਰਤ ਦੋ ਲੜ ਰਹੇ ਨੇਜਾਕਾਰੀਆਂ ਨੂੰ ਹਟਾ ਰਹੀ ਹੈ। ਇਸ ਦੀ ਮਹਿਮਾ ਵਜੋਂ ਚਿੱਤਰਕਾਰ ਨੇ ਇਸ ਦੇ ਮੱਝਾਂ ਵਾਲੇ ਸਿੰਗ ਵਿਖਾਏ ਹਨ ਪਰੰਤੂ ਇਸ ਨੇ ਚੀਤੇ ਦੀ ਖੱਲ ਪਹਿਨ ਰੱਖੀ ਹੈ। ਇਤਿਹਾਸਕਾਰ ਇਸ ਨੂੰ ਦੇਵੀ ਪੂਜਾ

(Mother Godess) ਦਾ ਮੁਢਲਾ ਰੂਪ ਮੰਨਦੇ ਹਨ।

ਦੇਵਤੇ ਪਸ਼ੂਆਂ ਜਾਂ ਮਨੁੱਖਾਂ ਰਾਹੀਂ ਸ਼ਕਤੀ ਦਾ ਸੋਮਾ ਜਾਂ ਜੁਝਾਰੂ ਰੂਹ ਦਾ ਸਾਧਨ ਹਨ। ਸਿੰਧ ਘਾਟੀ ਸਭਿਆਚਾਰ ਵਿਚ ਹੀਰੋ ਜਾਂ ਹੀਰੋਇਨ ਦਾ ਵਿਚਾਰ ਸੀ। ਮੁਹਰਾਂ ਦੱਸਦੀਆਂ ਹਨ ਕਿ ਇਕ ਵਿਅਕਤੀ ਇਕੋ ਵੇਲੇ ਦੋ ਚੀਤਿਆਂ ਦਾ ਸਾਹਮਣਾ ਕਰ ਰਿਹਾ ਹੈ। ਖੂਨਖਾਰ ਜੰਗਲੀ ਪਸ਼ੂਆਂ ਨਾਲ ਮਨੁੱਖੀ ਮੁਕਾਬਲੇ ਦੀਆਂ ਤਸਵੀਰਾਂ ਇਰਾਕੀ ਸਭਿਅਤਾ ਵਿਚ ਵੀ ਮਿਲਦੀਆਂ ਹਨ। ਇਕ ਹੋਰ ਤਸਵੀਰ ਵਿਚ ਇਕ ਨੇ ਜ਼ਾਕਾਰੀ ਮੱਝ ਦੇ ਸਿੰਗਾਂ ਵਾਲੇ ਦੇਵਤੇ ਦੇ ਸਾਹਮਣੇ ਭੈਂਸੇ ਦਾ ਸ਼ਿਕਾਰ ਕਰ ਰਿਹਾ ਹੈ। ਮਰਿਆ ਭੈਂਸਾ ਦੇਵਤੇ ਲਈ ਪ੍ਰਸ਼ਾਦ ਜਾਂ ਬਲੀ ਹੈ।

## ਦਰਖਤਾਂ ਦੀ ਪੂਜਾ :-

ਦੇਵਤਿਆਂ ਦੀ ਰੂਹ ਪਸ਼ੂਆਂ ਰਾਹੀਂ ਹੀ ਨਹੀਂ ਸਗੋਂ ਪਿੱਪਲ ਰਾਹੀਂ ਵੀ ਪ੍ਰਗਟ ਹੁੰਦੀ ਸੀ। ਪਿੱਪਲ-ਦੇਵ ਨੂੰ ਮਛਲੀ ਤੇ ਮਾਰਖੋਰ ਬੱਕਰੇ ਰਾਹੀਂ ਵੀ ਵਿਖਾਇਆ ਗਿਆ ਹੈ। ਇਕ ਤਸਵੀਰ ਵਿਚ ਵਿਅਕਤੀ ਪਿੱਪਲ ਦੀ ਪੂਜਾ ਕਰ ਰਿਹਾ ਹੈ ਤੇ ਸੱਤ ਔਰਤਾਂ ਕਤਾਰ ਵਿਚ ਖੜੀਆਂ ਹਨ।

## ਸਮਾਜ ਤੇ ਰਾਜ (Society and State) :-

ਸਰੀਰਕ ਤੌਰ ਤੇ ਸਿੰਧ ਘਾਟੀ ਸਭਿਅਤਾ ਦੇ ਲੋਕ ਇਕ ਨਹੀਂ ਸਨ। ਹੜੱਪਾ ਵਾਲੇ ਇਰਾਨੀਆਂ ਨਾਲ ਵੱਧ ਮਿਲਦੇ ਸਨ। ਮੋਹਿੰਜੋਦਾੜੋ ਦੇ ਰਹਿਣ ਵਾਲੇ ਹੜੱਪਾ ਜਾਂ ਮੇਹਰਗੜ੍ਹ ਵਾਲਿਆਂ ਤੋਂ ਭਿੰਨ ਸਨ। ਹੜੱਪਾ ਤੋਂ ਮਿਲੇ ਪਿੰਜਰਾਂ ਅਤੇ ਅੱਜ ਦੇ ਪੰਜਾਬੀਆਂ ਵਿਚ ਵੀ ਕੋਈ ਸਰੀਰਕ ਸਾਂਝ (Biological affinity) ਨਹੀਂ।

ਸ਼ਹਿਰੀ ਜੀਵਨ ਉੱਪਰ ਕਈ ਕਿਸਮ ਦੇ ਬੋਝ (stress) ਸਨ। ਵੈਸੇ ਵੀ ਖੇਤੀ ਸ਼ੁਰੂ ਹੋਣ ਨਾਲ ਮਨੁੱਖ ਦਾ ਕੱਦ ਅਤੇ ਦੰਦਾਂ ਦੀ ਲੰਬਾਈ ਘਟਦੀ ਹੈ। ਹੜੱਪਾ ਕਬਰਸਤਾਨ ਦੇ ਪਿੰਜਰਾਂ ਦੇ ਅਧਿਐਨ ਤੋਂ ਅੰਦਾਜਾ ਲਾਇਆ ਜਾਂਦਾ ਹੈ ਕਿ ਔਸਤਨ ਉਮਰ 30 ਸਾਲ ਸੀ। ਮਲੇਰੀਆ ਆਮ ਬਿਮਾਰੀ ਸੀ।

ਮਰਦਾਂ ਤੇ ਔਰਤਾਂ ਵਿਚ ਵੀ ਫਰਕ ਨਜ਼ਰ ਆਉਂਦਾ ਹੈ। ਔਰਤ ਦੇ ਮੁੱਖ ਕੰਮਾਂ ਵਿਚ ਅਨਾਜ ਸਾਫ ਕਰਨਾ ਤੇ ਪੱਥਰ ਦੀਆਂ ਬਣੀਆਂ ਤਕਲੀਆਂ ਨਾਲ ਸੂਤ ਕੱਤਣਾ ਸ਼ਾਮਲ ਸਨ। ਉਹ ਮਰਦਾਂ ਨਾਲੋਂ ਘੱਟ ਮਾਸਾਹਾਰੀ ਸਨ।

ਅਮੀਰ ਤੇ ਗਰੀਬ ਵਿਚ ਵੀ ਅੰਤਰ ਸਾਫ਼ ਸੀ। ਅਮੀਰਾਂ ਦੇ ਘਰ ਵੱਡੇ, ਪੱਕੀਆਂ ਇੱਟਾਂ ਦੇ ਬਣੇ, ਖੁਲੇ ਵਿਹੜਿਆਂ ਵਾਲੇ, ਆਪਣੇ ਖੂਹਾਂ ਵਾਲੇ, ਟੱਟੀਆਂ ਤੇ ਨੌਕਰਾਂ ਦੇ ਕਮਰਿਆਂ ਵਾਲੇ ਸਨ। ਗੁਲਾਮ ਪ੍ਰਥਾ ਸੀ। ਜੇ ਮਨੁੱਖੀ ਬਲੀ ਦਾ ਰਿਵਾਜ ਸੀ ਤਾਂ ਬਲੀ ਗੁਲਾਮ ਦੀ ਹੀ ਦਿੱਤੀ ਜਾਂਦੀ ਹੋਵੇਗੀ।

ਸ਼ਹਿਰਾਂ ਨੂੰ ਚਲਾਉਣ ਲਈ ਪਿੰਡਾਂ ਉੱਪਰ ਲਗਾਨ ਜਾਂ ਟਰੀਬਿਊਟ ਤਾਂ ਲਗਦਾ ਸੀ। ਇਸ ਨੂੰ ਇਕੱਠਾ ਕਰਨ ਵਾਲੇ ਸਾਧਾਰਨ ਕਿਸਾਨਾਂ ਤੋਂ ਵੱਖਰੇ ਹੋਣਗੇ। ਮੁਹਰਾਂ ਦੀ ਵੱਡੀ ਗਿਣਤੀ ਤੇ ਦੂਰ-ਦੁਰਾਡੇ ਤੱਕ ਇਸਤੇਮਾਲ ਇਸ ਗੱਲ ਦਾ ਸੂਚਕ ਸੀ ਕਿ ਨਿਜੀ ਜਾਇਦਾਦ ਹੋਂਦ ਵਿਚ ਆ ਚੁੱਕੀ ਸੀ। ਵਧੇਰੇ ਕੀਮਤੀ ਬਰਤਨਾਂ ਉੱਪਰ ਮੁਹਰ ਲੱਗੀ ਹੁੰਦੀ ਸੀ ਅਤੇ ਵਿਉਪਾਰੀ ਦੀ ਪਹਿਚਾਣ ਸ਼ਾਇਦ ਮੁਹਰ ਤੋਂ ਹੁੰਦੀ ਸੀ। ਮੁਹਰ ਦਾ ਇਸਤੇਮਾਲ ਚਲ ਜਾਇਦਾਦ ਜਾਂ Movable property ਲਈ ਹੁੰਦਾ ਸੀ। ਲੋਥਲ ਸ਼ਹਿਰ ਦੇ ਬਜਾਰ ਵਿਚ ਵਿਕਣ ਵਾਲੀਆਂ ਵਸਤੂਆਂ ਉੱਪਰ ਮੁਹਰਾਂ ਦੇ ਨਿਸ਼ਾਨ ਸਨ। ਮੋਹਿੰਜੋਦਾੜੋ ਵਿਚ ਮੰਦਰ ਦੀ ਹੋਂਦ ਨੂੰ ਮੰਨ ਲਿਆ ਜਾਵੇ ਤਾਂ ਉਥੋਂ ਮਿਲੀਆਂ ਮੁਹਰਾਂ ਪੁਜਾਰੀ ਦੀਆਂ ਹੋਣਗੀਆਂ। ਹੜੱਪਾ ਤੇ ਮੋਹਿੰਜੋਦਾੜੋ ਵਿਚ ਹਥਿਆਰ-ਕੁਹਾੜੇ ਆਦਿ ਮਿਲੇ ਹਨ ਜਿਨਾਂ ਉੱਪਰ ਸੱਤ ਅੱਖਰਾਂ ਵਾਲੀ ਮੁਹਰ ਹੈ। ਇਨ੍ਹਾਂ ਦੇ ਮਾਲਕ ਗੈਰ-ਮਾਮੂਲੀ ਵਿਅਕਤੀ ਸਨ। ਉਨ੍ਹਾਂ ਅਧੀਨ ਹਥਿਆਰਬੰਦ ਵਿਅਕਤੀ ਸਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਸਿੰਧ ਘਾਟੀ ਸਭਿਅਤਾ ਦਾ ਸਮਾਜ ਵਿਕਸਿਤ ਸੀ - ਇਸ ਵਿਚ ਕਿਸਾਨ, ਚਰਵਾਹੇ, ਗੁਲਾਮ, ਸ਼ਹਿਰੀ ਜਾਂ ਅਮੀਰ, ਕਾਰੀਗਰ, ਵਿਉਪਾਰੀ ਪੁਜਾਰੀ, ਤੇ ਹੁਕਮਰਾਨ ਸਨ।

ਹੁਕਮਰਾਨਾਂ ਤੇ ਨਿਰਭਰ ਕਰਦੇ ਲੋਕ ਜਿਵੇਂ ਸਿਪਾਹੀ, ਲਿਖਾਰੀ ਅਤੇ ਨੌਕਰ ਵੀ ਇਸ ਸਮਾਜ ਦਾ ਹਿੱਸਾ ਸਨ।

**ਰਾਜ (State) :-**

ਉਪਰੋਕਤ ਸਮਾਜ ਨੂੰ ਇਕੱਠਾ ਰੱਖਣਾ ਰਾਜ ਦਾ ਕੰਮ ਸੀ। ਰਾਜ ਇਹ ਕਾਰਜ ਕਿਵੇਂ ਕਰਦਾ ਸੀ? ਇੱਥੇ ਦੋ ਗੱਲਾਂ ਯਾਦ ਰੱਖਣ ਵਾਲੀਆਂ ਹਨ :

(1) ਸ਼ਹਿਰੀ ਯੋਜਨਾ ਸ਼ਕਤੀਸਾਲੀ ਰਾਜ ਪ੍ਰਬੰਧ ਬਿਨਾਂ ਸੰਭਵ ਨਹੀਂ ਸੀ। ਪਿੰਡਾਂ ਉੱਪਰ ਕੰਟਰੋਲ ਸ਼ਹਿਰਾਂ ਰਾਹੀਂ ਸੰਭਵ ਸੀ। ਸ਼ਹਿਰਾਂ ਦਾ ਅਕਾਰ ਇਸ ਕੰਟਰੋਲ ਨੂੰ ਅਸਾਨ ਕਰਦਾ ਸੀ। ਸ਼ਹਿਰੀ ਵਸੋਂ ਨੂੰ ਖਵਾਉਣ ਲਈ ਕਿਸਾਨਾਂ ਉੱਪਰ ਸਖਤੀ ਤੇ ਉਨ੍ਹਾਂ ਤੋਂ ਬਾਫਰ ਜਾਂ ਅਨਾਜ ਲੈਣਾ ਜਰੂਰੀ ਸੀ। ਸਰਕਾਰੀ ਕੰਟਰੋਲ ਦੀ ਗਹਿਰਾਈ ਥੋੜੀ ਨਹੀਂ ਸੀ।

(2) ਮੁਹਰਾਂ ਦੀ ਭਾਸ਼ਾ, ਸਟਾਈਲ ਤੇ ਅਕਾਰ ਦੀ ਇਕਸਾਰਤਾ ਜਾਂ ਬਰਤਨਾਂ ਦੀ ਇਕਸਾਰਤਾ, ਭਾਰ-ਤੋਲ ਦੇ ਸਾਧਨਾਂ ਦਾ ਇਕਸਾਰਤਾ ਇੱਟਾਂ ਦੀ ਇਕਸਾਰਤਾ ਕਿਵੇਂ ਸੰਭਵ ਸੀ ? ਜ਼ਾਹਿਰ ਹੈ ਕਿ ਚੀਜਾਂ, ਤਕਨੀਕ ਤੇ ਉਪਭੋਗਤਾ ਦੀਆਂ ਵਸਤਾਂ ਦੇ ਸਾਧਨ ਇਕ ਸਥਾਨ ਤੋਂ ਦੂਸਰੇ ਤੇ ਪਹੁੰਚਣ ਲਈ ਕਿਸੇ ਕੇਂਦਰੀ ਇਲਾਕੇ ਤੇ ਪ੍ਰਬੰਧ ਦੀ ਜਰੂਰਤ ਸੀ। ਇਸ ਤਰ੍ਹਾਂ ਸਾਮਰਾਜ ਦੀ ਕਲਪਨਾ ਐਨ ਸੁਭਾਵਿਕ ਹੈ।

ਸਾਮਰਾਜ ਦੀ ਸਿਰਜਣਾ ਤੇ ਕਾਰਜ-ਵਿਧੀ ਦੀ ਮੁਢਲੀ ਜਰੂਰਤ ਲੜਾਕੂ ਅੰਸ਼ਾਂ ਦਾ ਹੋਣਾ ਸੀ। ਨੇਜਿਆਂ, ਤੀਰਕਮਾਨਾਂ ਤੇ ਕੁਹਾੜੀਆਂ ਨਾਲ ਲੜਦੇ ਮਨੁੱਖਾਂ ਦੀਆਂ ਤਸਵੀਰਾਂ ਮੁਹਰਾਂ ਉੱਪਰ ਹਨ। ਤਾਂਬੇ ਦੇ ਹਥਿਆਰ ਸ਼ਹਿਰ ਵਿਚ ਹੀ ਬਣਦੇ ਸਨ। ਇਨ੍ਹਾਂ ਹਥਿਆਰਾਂ ਨਾਲ ਹੀ ਪੇਂਡੂ ਇਲਾਕੇ ਜਿੱਤੇ ਜਾਂਦੇ ਸਨ ਜਾਂ ਕੰਟਰੋਲ ਵਿਚ ਰੱਖੇ ਜਾਂਦੇ ਸਨ। ਬਲਦ-ਗੱਡੀਆਂ ਵੀ ਘੱਟ ਮਹੱਤਵਪੂਰਨ ਨਹੀਂ ਸਨ। 'ਪੁਜਾਰੀ-ਬਾਦਸ਼ਾਹ' ਜਾਂ Priest-King ਦੇ ਫੌਜੀ ਜਾਂ ਹਕੂਮਤੀ ਕੰਮਾਂ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ।

ਸਿੰਧ ਘਾਟੀ ਸਾਮਰਾਜ ਜਾਂ ਤਾਂ ਹੌਲੀ ਹੌਲੀ ਦੋ ਰਾਜਨੀਤਕ ਇਕਾਈਆਂ ਵਿਚ ਵੰਡਿਆ ਗਿਆ ਜਿਨਾਂ ਨੂੰ ਮੋਹਿੰਜੋਦਾੜੋ ਰਾਜ ਅਤੇ ਹੜੱਪਾ ਰਾਜ ਆਖਿਆ ਜਾ ਸਕਦਾ ਹੈ। ਜਾਂ ਫਿਰ ਇਹ ਕੇਂਦਰੀ ਰਾਜਧਾਨੀ ਮੋਹਿੰਜੋਦਾੜੋ ਤੋਂ ਚਲਦਾ ਰਿਹਾ ਪਰੰਤੂ ਹੜੱਪਾ, ਗਣਵੇਰੀਵਾਲਾ, ਲਖਮੀਰਵਾਲਾ ਅਤੇ ਢੋਲਾਵੀਰਾ ਇਸ ਦੀਆਂ ਸੂਬਾਈ ਰਾਜਧਾਨੀਆਂ ਸਨ। ਸਮੁੱਚੇ ਰੂਪ ਇਹ ਰਾਜ ਕਿਥੋਂ ਬਨਣਾ ਸ਼ੁਰੂ ਹੋਇਆ ? ਕਹਿਣਾ ਸੰਭਵ ਨਹੀਂ।

**ਪਤਨ (The End of the Indus Civilization):-**

ਸਿੰਧੂ ਘਾਟੀ ਸ਼ਹਿਰਾਂ ਦਾ ਜਨਮ ਵੀ ਹੈਰਾਨੀ ਪੈਦਾ ਕਰਦਾ ਹੈ ਅਤੇ ਇਨਾਂ ਦਾ ਖਾਤਮਾ ਵੀ। ਇਸ ਦੇ ਸ਼ਹਿਰ 2500 ਬੀ.ਸੀ. ਦੇ ਆਸ ਪਾਸ ਬਣੇ ਅਤੇ 1900 ਬੀ.ਸੀ. ਤੱਕ ਮਿਟ ਗਏ। ਮੋਹਿੰਜੋਦਾੜੋ, ਹੜੱਪਾ ਅਤੇ ਲੋਥਲ ਦਾ ਪਤਨ ਹੌਲੀ ਹੌਲੀ ਹੋਇਆ ਜਦੋਂ ਕਿ ਕਾਲੀ ਬੰਗਨ ਅਤੇ ਬਨਾਵਾਲੀ ਤਾਂ ਅਚਾਨਕ ਅਲੋਪ ਹੋ ਗਏ। ਖਾਲੀ ਹੋਏ ਸ਼ਹਿਰਾਂ ਦੀ ਵਸੋਂ ਕਿੱਧਰ ਗਈ ? ਇਸ ਦੇ ਕੋਈ ਨਿਸ਼ਾਨ ਨਹੀਂ। ਭਾਸ਼ਾ, ਮੁਹਰਾਂ, ਬਰਤਨ, ਮੂਰਤੀਆਂ, ਦੇਵੀ ਦੇਵਤੇ ਸਭ ਇਸ ਸਭਿਅਤਾ ਦੇ ਨਾਲ ਹੀ ਖਤਮ ਹੋ ਗਏ। ਖਾਤਮੇ ਉਪਰੰਤ ਮ੍ਰਿਤੂ ਦੀਆਂ ਰੀਤਾਂ ਰਿਵਾਜ ਬਦਲ ਗਏ - ਧਾਰਮਿਕ ਵਿਸ਼ਵਾਸ ਵਿਚ ਪਰਿਵਰਤਨ ਵੇਖੇ ਜਾ ਸਕਦੇ ਹਨ। ਕਾਂਸੀ ਦਾ ਉਤਪਾਦਨ ਖਤਮ ਹੋ ਗਿਆ। ਖੂਬਸੂਰਤ ਬਰਤਨਾਂ ਦੀ ਥਾਂ ਭੱਦੇ ਬਰਤਨ ਆ ਗਏ। ਇਹ ਸਭ ਕੁਝ ਕਿਉਂ ਵਾਪਰਿਆ ? ਕਹਿਣਾ ਮੁਸ਼ਕਲ ਹੈ। ਕਦੋਂ ਵਾਪਰਿਆ ? ਇਸ ਦਾ ਉੱਤਰ ਰਤਾ ਅਸਾਨ ਹੈ। 1800 ਬੀ.ਸੀ. ਤੱਕ ਸਿੰਧ ਸਭਿਅਤਾ ਦੇ ਸ਼ਹਿਰ ਉਜੜ ਚੁੱਕੇ ਸਨ। ਇਸ ਤੋਂ ਪਿਛੋਂ ਮੈਸੋਪੋਟਾਮੀਆ (ਇਰਾਕ) ਦੇ ਰਿਕਾਰਡ ਵਿਚ ਮੇਲੂਹਾ (Meluha) ਭਾਵ ਸਿੰਧ ਜਾਂ ਹਿੰਦ-ਸ਼ਬਦ ਨਹੀਂ ਆਉਂਦਾ।

## ਕਾਰਨ :–

## ਕੁਦਰਤੀ ਕਾਰਨ :–

ਰਾਵੀ ਅਤੇ ਸਿੰਧ ਦਰਿਆਵਾਂ ਨੇ ਆਪਣੇ ਰਸਤੇ ਬਦਲ ਲਏ। ਫਲਸਰੂਪ ਆਏ ਫਲੱਡ ਦੀ ਤਬਾਹੀ ਕਾਰਨ ਭੋਜਨ ਦੀ ਥੁੜ ਦਾ ਮੁਕਾਬਲਾ ਨਾ ਕਰਦੀ ਹੋਈ ਵਸੋਂ ਜਾਂ ਤਾਂ ਭੁੱਖਮਰੀ ਦਾ ਸ਼ਿਕਾਰ ਹੋ ਗਈ ਜਾਂ ਸ਼ਹਿਰਾਂ ਨੂੰ ਖਾਲੀ ਕਰ ਗਈ। ਫਲੱਡ ਦੇ ਹੋਰ ਭੂਗੋਲਿਕ ਕਾਰਨ ਵੀ ਹੋ ਸਕਦੇ ਹਨ। ਜਿਵੇਂ ਧਰਤੀ ਹੇਠਲੀਆਂ ਲਹਿਰਾਂ ਜਾਂ ਭੁਚਾਲ।

ਕੁਦਰਤੀ ਆਫਤਾਂ ਵਿਚ ਔੜ ਜਾਂ ਸੋਕਾ ਵੀ ਹੋ ਸਕਦਾ ਹੈ। ਇਸ ਕਾਰਨ ਵੀ ਫਸਲਾਂ ਦੀ ਤਬਾਹੀ ਤੇ ਵਸੋਂ ਦਾ ਉਜਾੜਾ ਸੰਭਵ ਹੈ। ਔੜ ਦਾ ਕਾਰਨ ਤਾਪਮਾਨ ਵਿਚ ਵਾਪਰੀ ਤਬਦੀਲੀ ਹੋ ਸਕਦਾ ਹੈ। ਪਤਨ ਦੇ ਕੁਦਰਤੀ ਕਾਰਨ ਉਸ ਵੇਲੇ ਸਮਝ ਵਿਚ ਨਹੀਂ ਆਉਂਦੇ ਜਦੋਂ ਅਸੀਂ ਸਿੰਧ ਘਾਟੀ ਸਭਿਅਤਾ ਦੇ ਰਕਬੇ ਅਤੇ ਵਸੋਂ ਦੇ ਅਨੁਪਾਤ ਨੂੰ ਵੇਖਦੇ ਹਾਂ। ਵਸੋਂ ਦੀ ਘਣਤਾ 6–8 ਆਦਮੀ ਇਕ ਵਰਗ ਕਿਲੋਮੀਟਰ ਦੀ ਹੈ। ਇਤਨੀ ਘੱਟ ਵਸੋਂ ਲਈ ਭੋਜਨ ਦੀ ਤਲਾਸ ਵਿਚ ਕਿਸੇ ਹੋਰ ਥਾਂ ਜਾਣਾ ਕੋਈ ਮੁਸ਼ਕਲ ਕੰਮ ਨਹੀਂ ਸੀ। ਵੈਸੇ ਵੀ ਇਹ ਕਹਿਣਾ ਕਿ ਇਕ ਵਿਸ਼ਾਲ ਇਲਾਕੇ ਜਿਵੇਂ ਪੰਜਾਬ, ਸਿੰਧ ਤੇ ਗੁਜਰਾਤ ਵਿਚ ਇਕੋ ਸਮੇਂ ਫਲੱਡ ਨੇ ਸਭ ਕੁਝ ਤਬਾਹ ਕਰ ਦਿੱਤਾ, ਠੀਕ ਨਹੀਂ ਜਾਪਦਾ। ਕੁਝ ਇਤਿਹਾਸਕਾਰਾਂ ਦਾ ਇਹ ਆਖਣਾ ਕਿ ਉਸ ਸਮੇਂ ਦੇ ਮਨੁੱਖ ਨੇ ਧਰਤੀ ਤੇ ਕੁਦਰਤੀ ਸਾਧਨਾਂ ਦਾ ਦੁਰਉਪਯੋਗ ਕੀਤਾ ਜਿਸ ਕਾਰਨ ਖੇਤੀ ਦੀ ਪੈਦਾਵਾਰ ਘਟ ਗਈ, ਵੀ ਠੀਕ ਨਹੀਂ ਜਾਪਦਾ। ਦੁਰ–ਉਪਯੋਗ ਸੰਘਣੀ ਅਬਾਦੀ ਹੀ ਕਰ ਸਕਦੀ ਹੈ। ਇਥੇ ਅਬਾਦੀ ਸੰਘਣੀ ਨਹੀਂ ਸੀ।

## ਰਾਜਨੀਤਕ ਕਾਰਨ :–

ਰਾਜਨੀਤਕ ਕਾਰਨਾਂ ਵਿਚ ਅੰਦਰੂਨੀ ਭੰਨ–ਤੋੜ ਅਤੇ ਬਾਹਰੀ ਹਮਲੇ ਸਨ। ਮਾਰਧਾੜ ਦੇ ਅਨੇਕਾਂ ਸਬੂਤ ਮਿਲੇ ਹਨ। ਬਲੋਚਿਸਤਾਨ ਅਤੇ ਮੋਹਿੰਜੋਦਾੜੋ ਵਿਚ ਲਾਸ਼ਾਂ ਦੇ ਢੇਰ ਇਸ ਗੱਲ ਦਾ ਸਬੂਤ ਹਨ ਕਿ ਮਰਨ ਵਾਲੇ ਜੰਗ ਜਾਂ ਦੰਗੇ ਦਾ ਸ਼ਿਕਾਰ ਸਨ। ਖੂਹ ਦੀਆਂ ਪੌੜੀਆਂ ਵਿਚ ਔਰਤਾਂ ਦੀਆਂ ਲਾਸ਼ਾਂ ਤੋਂ ਪਤਾ ਚਲਦਾ ਹੈ ਕਿ ਹਮਲਾ ਕਰਨ ਵਾਲੇ ਲੁਟੇਰੇ ਜਾਂ ਧਾੜਵੀ ਸਨ। ਸ਼ਹਿਰੀ ਫੜੇ ਗਏ ਤੇ ਫਿਰ ਕਤਲ ਕੀਤੇ ਗਏ। ਹੜੱਪਾ ਦੇ ਕਿਲੇ (Citadal) ਵਿਚ ਵੱਡਾ ਕਬਰਸਤਾਨ ਜਾਂ ਦਫਨਗਾਹ (Cemetery) ਮਿਲੀ ਹੈ। ਇਸ ਨੂੰ H-Cemetery ਕਹਿੰਦੇ ਹਨ।

ਇਹ ਹਮਲਾਵਰ ਕੌਣ ਸਨ ? ਕੁਝ ਇਤਿਹਾਸਕਾਰ ਇਨ੍ਹਾਂ ਨੂੰ ਵੈਦਿਕ ਆਰੀਅਨ ਆਖਦੇ ਹਨ। ਪਰੰਤੂ ਵੈਦਿਕ ਆਰੀਅਨ ਤਾਂ 1500 ਬੀ.ਸੀ. ਦੇ ਨਜਦੀਕ ਸਾਹਮਣੇ ਆਏ। ਜਦੋਂ ਕਿ ਸਿੰਧ ਘਾਟੀ ਦੇ ਸ਼ਹਿਰ 1900–1800 ਬੀ.ਸੀ. ਤੱਕ ਉਜੜ ਚੁੱਕੇ ਸਨ। ਹਮਲਾਵਰਾਂ ਨੂੰ ਪੂਰਵ–ਆਰੀਅਨ (Pre-Aryan) ਕਹਿਣਾ ਵੀ ਗਲਤ ਨਹੀਂ ਹੋਵੇਗਾ। ਪਰੰਤੂ ਇਸ ਦਾ ਕੋਈ ਸਬੂਤ ਨਹੀਂ।

ਵੈਸੇ ਹੜੱਪਾ ਜਾਂ ਹੋਰ ਸ਼ਹਿਰਾਂ ਦੀ ਤਬਾਹੀ ਸਿਰਫ ਸਿੰਧ ਘਾਟੀ ਸਭਿਅਤਾ ਤੱਕ ਸੀਮਤ ਨਹੀਂ ਸੀ। 2200 ਬੀ.ਸੀ. ਦੇ ਆਸ ਪਾਸ Helmand ਸਭਿਅਤਾ ਦੇ ਦੋ ਪ੍ਰਮੁੱਖ ਨਗਰ (1) ਸ਼ਹਿਰ–ਏ–ਸੋਖਤਾ ਅਤੇ (2) ਮੁੰਡੀ ਗਾਕ (Mundigak) ਬਰਬਾਦ ਹੋਏ। ਇਸੇ ਤਰ੍ਹਾਂ ਸਿੰਧ–ਸਭਿਅਤਾ ਦੇ ਬਿਲਕੁਲ ਗੁਆਂਢ ਦੀ ਕੋਟ–ਡਿਜੀ (Kot-Diji) ਸੰਸਕ੍ਰਿਤੀ ਦਾ ਸ਼ਹਿਰ ਰਹਿਮਾਨ ਧੇਰੀ 2000 ਬੀ.ਸੀ. ਦੇ ਆਸ ਪਾਸ ਉਜੜਿਆ।

ਇਨ੍ਹਾਂ ਬਰਬਾਦੀਆਂ ਤੋਂ ਕੇਵਲ ਹਮਲਾ ਕਰਨ ਵਾਲਿਆਂ ਦੀ ਸ਼ਕਤੀ ਤੇ ਬਰਬਰਤਾ ਦਾ ਪਤਾ ਚਲਦਾ ਹੈ। ਇਨ੍ਹਾਂ ਦੀ ਸਫਲਤਾ ਦਾ ਕਾਰਨ ਸਿੰਧ ਘਾਟੀ ਸਭਿਅਤਾ ਦੀ ਆਪਣੀ ਰਾਜਸੀ ਖੜੋਤ (Decay) ਵੀ ਹੋ ਸਕਦੀ ਹੈ। ਇਸ ਖੜੋਤ ਦੀ ਝਲਕ ਮੋਹਿੰਜੋਦਾੜੋ ਵਿਚੋਂ ਪੈਂਦੀ ਹੈ ਜਿਸ ਦਾ ਪ੍ਰਬੰਧ ਹੌਲੀ ਹੌਲੀ ਵਿਗੜਦਾ ਗਿਆ।

## ਪਾਠ ਵਿਚ ਆਏ ਤਕਨੀਕੀ ਤੇ ਮਹੱਤਵਪੂਰਨ ਸ਼ਬਦ :-

(1) ਖੇਤੀ ਦਾ ਵਿਸਥਾਰ - Expansion of Agriculture

(2) ਸ਼ਹਿਰੀ ਇਨਕਲਾਬ - Urban Revolution

(3) ਹੜੱਪਾ ਵਰਗੀ ਸਭਿਅਤਾ ਜਾਂ Mature Indus Civilization

(4) ਗੜ੍ਹ ਜਾਂ ਕਿਲਾ (Citadel)

(5) ਰਬੀ - Rabi ਤੇ ਖਰੀਫ - Kharif ਫਸਲਾਂ (The Winter and the Summer crops)

(6) ਮਿੱਟੀ ਦੇ ਬਰਤਨ (Pottery)

(7) Binary ਅਤੇ Decimal System

(8) ਸ਼ਹਿਰੀ ਯੋਜਨਾ-ਬੰਦੀ - Town Planning

(9) ਚੀਰਾ ਜਾਂ Trepanning - ਭਾਵ ਚੀਰ-ਫਾੜ ਤੇ ਆਧਾਰਤ ਸਰਜਰੀ

(10) ਪੋਰਟਰੇਟ (Portrait) ਭਾਵ - ਵਿਅਕਤੀ ਦੀ ਵਿਅਕਤੀਗਤ ਤਸਵੀਰ

(11) Unicorn ਭਾਵ ਇਕ ਸਿੰਗ ਵਾਲਾ ਮਿਥਿਹਾਸਕ ਘੋੜਾ ਜਾਂ ਬਲਦ

(12) Zoomorphic Diety (ਪਸ਼ੂਆਂ ਰਾਹੀਂ ਪ੍ਰਗਟ ਦੇਵ)

(13) Anthropomorphic Diety (ਮਨੁੱਖਾਂ ਵਰਗੇ ਦੇਵ)

(14) Tribute ਜਾਂ ਨਜਰਾਨਾ

(15) ਮੇਲੂਹਾ (Meluha) ਸਿੰਧ ਘਾਟੀ ਸਭਿਅਤਾ ਦਾ ਇਰਾਕੀ ਨਾਮ ਜੋ ਕਿ ਇਰਾਕੀ ਰਿਕਾਰਡ ਵਿਚ 1800 ਬੀ.ਸੀ. ਤੱਕ ਮਿਲਦਾ ਹੈ।

## ਤੁਹਾਡੇ ਅਭਿਆਸ ਲਈ ਛੋਟੇ ਪ੍ਰਸ਼ਨ :-

(1) ਸ਼ਹਿਰ ਦੇ ਜਨਮ ਲਈ ਕਿਹੜੇ ਆਰਥਿਕ ਪਰਿਵਰਤਨ ਜਰੂਰੀ ਸਨ ?

(2) ਪ੍ਰਮੁੱਖ ਸ਼ਹਿਰਾਂ ਦੀ ਸੂਚੀ ਬਣਾਓ। ਇਹ ਸ਼ਹਿਰ ਅਜਕਲ ਦੇ ਕਿਸ ਦੇਸ਼ ਜਾਂ ਪ੍ਰਾਂਤ ਵਿਚ ਸਨ ?

(3) ਸਿੰਧ ਬੇਸਿਨ ਦੇ ਤਿੰਨ ਸੁੱਕ ਚੁੱਕੇ ਦਰਿਆਵਾਂ ਦੇ ਨਾਮ ਦੱਸੋ। ਸਰਸਵਤੀ ਕਿਸ ਦਰਿਆ ਦੀ ਸ਼ਾਖ ਸੀ ?

(4) ਹੜੱਪਾ ਸੰਸਕ੍ਰਿਤੀ ਦੀਆਂ 5 ਮੂਲ ਵਿਸ਼ੇਸ਼ਤਾਵਾਂ ਦੱਸੋ।

(5) 'ਸਿੰਧ ਘਾਟੀ ਸਭਿਅਤਾ ਮੈਦਾਨੀ ਸਭਿਅਤਾ ਸੀ' - ਇਸ ਕਥਨ ਦੀ ਵਿਆਖਿਆ ਕਰੋ।

(6) ਮੁਹਰਾਂ ਦੀ ਕੀ ਮਹੱਤਤਾ ਹੈ ? ਇਨ੍ਹਾਂ ਨੂੰ ਕੌਣ ਵਰਤਦਾ ਸੀ ?

(7) ਕਲਾ ਦੀਆਂ ਕੋਈ ਦੋ ਉਦਾਹਰਣਾਂ ਪੇਸ਼ ਕਰੋ।

(8) ਮਾਂ-ਦੇਵੀ (Mother Godess) ਦੀ ਮੂਰਤੀ ਕਿਸ ਸਥਾਨ ਤੋਂ ਪ੍ਰਾਪਤ ਹੋਈ ਹੈ ? ਇਸ ਤਸਵੀਰ ਦੀ ਵਿਆਖਿਆ ਕਰੋ।

(9) ਪਤਨ ਦੇ ਕੁਦਰਤੀ ਕਾਰਨਾਂ ਤੇ ਬਹਿਸ ਕਰੋ।

(10) ਸਿੰਧ ਘਾਟੀ ਸਭਿਅਤਾ ਦੀਆਂ ਫਸਲਾਂ ਅਤੇ ਫਲਾਂ ਦੀ ਸੂਚੀ ਤਿਆਰ ਕਰੋ।

## ਵੱਡੇ ਪ੍ਰਸ਼ਨ :-

(1) ਸਿੰਧ ਘਾਟੀ ਸਭਿਅਤਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੀ ਚਰਚਾ ਕਰੋ।

(2) ਸਿੰਧ ਘਾਟੀ ਲੋਕਾਂ ਦੇ ਆਰਥਿਕ ਜੀਵਨ ਦਾ ਵਰਨਣ ਕਰੋ। ਇਸ ਦਾ ਕਲਾ ਤੇ ਹੁਨਰ ਨਾਲ ਕੀ ਸੰਬੰਧ ਸੀ?

(3) ਸਿੰਧ ਸਭਿਅਤਾ ਦੀ ਨਗਰ-ਯੋਜਨਾ ਅਤੇ ਸਮਾਜਿਕ ਬਣਤਰ ਦੀ ਚਰਚਾ ਕਰੋ।

(4) ਸਿੰਧ ਸਭਿਅਤਾ ਦਾ ਰਾਜਨੀਤਕ ਢਾਂਚਾ ਕਿਹੋ ਜਿਹਾ ਹੋ ਸਕਦਾ ਹੈ ? ਇਸ ਦੇ ਸ਼ਕਤੀਸਾਲੀ ਹੋਣ ਦੇ ਕੀ ਪ੍ਰਮਾਣ ਹਨ ?

(5) ਇਸ ਸਭਿਅਤਾ ਦੇ ਪਤਨ ਦੇ ਖਾਤਮੇ ਦੇ ਕੀ ਕਾਰਨ ਸਨ ?

## ਵਧੇਰੇ ਜਾਣਕਾਰੀ ਲਈ ਪੁਸਤਕਾਂ :-

## ਅੰਗਰੇਜੀ ਵਿਚ ਪੁਸਤਕਾਂ

1. D.N.Jha, *Ancient India,* Pp. 26-40
2. Irfan Habib, *The Indus Civilization,* Pp. 22-33, 37-42, 50-66
3. S.N.Sen, *Ancient Indian History and Civilization,* Pp. 37-38
4. Romila Thapar, *Ancient India,* Pp. 23-25

## ਪੰਜਾਬੀ ਪੁਸਤਕਾਂ

1. ਏ.ਸੀ.ਅਰੋੜਾ ਤੇ ਐਸ.ਐਲ.ਸੀਕਰੀ, *ਪ੍ਰਾਚੀਨ ਭਾਰਤ ਦਾ ਇਤਿਹਾਸ,* ਪੰਨੇ 50-70

ਨੋਟ : ਇਹ ਪਾਠ ਡੈਕ ਦੁਆਰਾ ਦਿੱਤੀ ਵਿੱਤੀ ਗ੍ਰਾਂਟ ਅਧੀਨ ਛਾਪਿਆ ਗਿਆ

# ਰਿਗਵੈਦਿਕ ਸਭਿਅਤਾ : ਆਰੀਆ ਦਾ ਉਥਾਨ, ਸਮਾਜਿਕ, ਆਰਥਿਕ ਤੇ ਧਾਰਮਿਕ ਜੀਵਨ

**ਮੁੱਖ ਰੂਪ :**

- ਉਦੇਸ਼
- ਜਾਣ-ਪਛਾਣ

1. ਆਰੀਆ ਦਾ ਮੂਲ ਨਿਵਾਸ ਸਥਾਨ
2. ਆਰਥਿਕ ਦਸ਼ਾ
3. ਸਮਾਜ
4. ਸ਼ਾਸਨ ਪ੍ਰਣਾਲੀ
5. ਧਰਮ
6. ਸਾਰਾਂਸ਼
7. ਸ਼ਬਦਾਰਥ
8. ਛੋਟੇ ਉੱਤਰ ਵਾਲੇ ਪ੍ਰਸ਼ਨ
9. ਵੱਡੇ ਉੱਤਰ ਵਾਲੇ ਪ੍ਰਸ਼ਨ।

**ਉਦੇਸ਼ :**

ਇਸ ਪਾਠ ਨੂੰ ਪੜ੍ਹਨ ਨਾਲ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :

- ਆਰੀਆ ਦੇ ਮੂਲ ਨਿਵਾਸ ਸਥਾਨ
- ਮੁੱਢਲੀ ਵੈਦਿਕ ਸਭਿਅਤਾ ਦੇ ਲੋਕਾਂ ਦਾ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਜੀਵਨ।

**ਜਾਣ-ਪਛਾਣ :**

ਸਿੰਧ ਘਾਟੀ ਸਭਿਅਤਾ ਦੇ ਇਤਿਹਾਸ ਨੂੰ ਜਾਣਨ ਲਈ ਅਸ਼ੀ ਪੂਰਨ ਰੂਪ ਵਿੱਚ ਪੁਰੱਤਤਵ ਵਿਗਿਆਨ 'ਤੇ ਨਿਰਭਰ ਹਾਂ। ਪਰੰਤੂ ਵੈਦਿਕ ਸਭਿਅਤਾ ਬਾਰੇ ਸਾਨੂੰ ਜਾਣਕਾਰੀ ਆਰੀਆ ਲੋਕਾਂ ਦੁਆਰਾ ਰਚਿਤ ਵੇਦਾਂ ਤੋਂ ਪ੍ਰਾਪਤ ਹੁੰਦੀ ਹੈ। ਵੇਦਾਂ ਦੀ ਗਿਣਤੀ ਚਾਰ ਹੈ ਅਤੇ ਇਨ੍ਹਾਂ ਵਿੱਚੋਂ ਰਿਗਵੇਦ ਸਭ ਤੋਂ ਪੁਰਾਣਾ ਵੇਦ ਹੈ ਅਤੇ ਸਭਿਅਤਾ ਦਾ ਮੂਲ ਸੋਮਾ ਹੈ। ਰਿਗਵੇਦ ਨੂੰ ਧਿਆਨ-ਪੂਰਵਕ ਅਧਿਐਨ ਕਰਨ ਨਾਲ ਸਾਨੂੰ ਨਾ ਕੇਵਲ ਆਰੀਆ ਦੇ ਨਿਰੰਤਰ ਵਿਕਾਸ ਬਾਰੇ ਹੀ, ਸਗੋਂ ਉੱਤਰ-ਵੈਦਿਕ ਕਾਲ ਵਿੱਚ ਆਏ ਪਰਿਵਰਤਨ ਬਾਰੇ ਵੀ ਜਾਣਕਾਰੀ ਹਾਸਿਲ ਹੁੰਦੀ ਹੈ।

ਮੁੱਢਲੀ ਵੈਦਿਕ ਸਭਿਅਤਾ ਦੌਰਾਨ ਆਰੀਆ ਲੋਕ ਭਾਰਤ ਵਿੱਚ ਸਪਤ-ਸਿੰਧੂ ਤੇ ਉਸਦੇ ਆਸ-ਪਾਸ ਦੇ ਇਲਾਕਿਆਂ ਜਿਵੇਂ ਪੂਰਬੀ ਅਫਗਾਨਿਸਤਾਨ, ਉਤਰ-ਪੱਛਮੀ ਸਰਹੱਦੀ ਪ੍ਰਾਂਤ, ਪੰਜਾਬ ਤੇ ਪੱਛਮੀ ਉਤਰ

ਪ੍ਰਦੇਸ਼ ਵਿੱਚ ਵਸੇ ਹੋਏ ਸਨ। ਆਰੀਆ 1500 ਈ. ਪੂਰਵ ਦੇ ਲਗਭਗ ਭਾਰਤ ਵਿੱਚ ਕਈ ਪੜਾਵਾਂ ਵਿੱਚ ਆਏ।

## 1. ਆਰੀਆ ਦਾ ਮੂਲ ਨਿਵਾਸ ਸਥਾਨ :

ਆਰੀਆ ਜਾਤੀ ਦੇ ਮੂਲ ਨਿਵਾਸ ਸਥਾਨ ਬਾਰੇ ਇਤਿਹਾਸਕਾਰਾਂ ਤੇ ਵਿਦਵਾਨਾਂ ਦੇ ਵਿਚਾਰ ਭਿੰਨ ਹਨ। ਉਨ੍ਹਾਂ ਦੁਆਰਾ ਵੱਖ-ਵੱਖ ਸਿਧਾਂਤ ਪੇਸ਼ ਕੀਤੇ ਗਏ ਹਨ, ਜੋ ਹੇਠ ਲਿਖੇ ਹਨ :-

**(1) ਮੈਕਸ ਮੂਲਰ ਦਾ 'ਮਧ ਏਸ਼ੀਆ' ਸਬੰਧੀ ਵਿਚਾਰ** :- ਜਰਮਨ ਵਿਦਵਾਨ ਮੈਕਸਮੂਲਰ ਮੱਧ ਏਸ਼ੀਆ ਨੂੰ ਆਰੀਆ ਦਾ ਮੂਲ ਨਿਵਾਸ ਸਥਾਨ ਮੰਨਦੇ ਹਨ। ਉਨ੍ਹਾਂ ਅਨੁਸਾਰ ਆਰੀਆ ਦੇ ਪੂਰਵਜਾਂ ਦੀ ਜਨਸੰਖਿਆ ਵਧ ਜਾਣ ਤੇ ਰਸਦ ਦੀ ਥੁੜ੍ਹ ਹੋ ਜਾਣ ਕਾਰਨ ਉਹ ਵੱਖ-ਵੱਖ ਦਿਸ਼ਾਵਾਂ ਵਿੱਚ ਤੁਰ ਪਏ। ਜਿਹੜੇ ਪੱਛਮ ਵੱਲ ਗਏ, ਉਹ ਯੂਰਪ ਵਿੱਚ ਨਿਵਾਸ ਕਰਨ ਲੱਗੇ ਅਤੇ ਜਿਹੜੇ ਪੂਰਬ ਵੱਲ ਆਏ, ਉਨ੍ਹਾਂ ਦੀ ਵਸੋਂ ਈਰਾਨ ਤੇ ਭਾਰਤ ਵਿੱਚ ਹੋਈ। ਇਸ ਤਰ੍ਹਾਂ ਪੂਰਬ ਤੇ ਪੱਛਮ ਦੇ ਲੋਕਾਂ ਵਿੱਚ ਕਈ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ, ਜਿਵੇਂ :-

(ੳ) ਭਾਸ਼ਾ :- ਪੂਰਬੀ ਤੇ ਪੱਛਮੀ ਭਾਸ਼ਾਵਾਂ ਵਿੱਚ ਇੱਕਰੂਪਤਾ ਪਾਈ ਜਾਂਦੀ ਹੈ ਭਾਵ ਇਨ੍ਹਾਂ ਦੇ ਕਈ ਸ਼ਬਦ ਆਪਸ ਵਿੱਚ ਮਿਲਦੇ-ਜੁਲਦੇ ਹਨ।

(ਅ) ਧਾਰਮਿਕ ਗ੍ਰੰਥ :- ਈਰਾਨੀਆਂ ਦੇ ਧਾਰਮਿਕ ਗ੍ਰੰਥ 'ਅਵੇਸਥਾ' ਤੇ ਭਾਰਤੀਆਂ ਦੇ ਵੇਦਾਂ ਨੂੰ ਅਧਿਐਨ ਕਰਨ ਤੇ ਪਤਾ ਚਲਦਾ ਹੈ ਕਿ ਇਨ੍ਹਾਂ ਦੇ ਰਚਨਹਾਰ ਇਕੱਠੇ ਰਹੇ ਹੋਣਗੇ।

ਪਰੰਤੂ ਇਤਿਹਾਸਕਾਰ ਇਸ ਵਿਚਾਰ ਨੂੰ ਠੀਕ ਨਹੀਂ ਮੰਨਦੇ, ਕਿਉਂਕਿ ਵੇਦਾਂ ਵਿੱਚ ਕੀਤੇ ਵੀ ਮੱਧ ਏਸ਼ੀਆ ਦਾ ਜ਼ਿਕਰ ਨਹੀਂ ਆਉਂਦਾ।

**(2) ਬੀ.ਜੀ. ਤਿਲਕ ਦਾ 'ਉਤਰੀ ਧਰੁਵ' ਸਬੰਧੀ ਵਿਚਾਰ** :- ਭਾਰਤੀ ਸੁਤੰਤਰਤਾ ਸੰਗਰਾਮੀ ਬਾਲਗੰਗਾਧਰ ਤਿਲਕ ਨੇ ਆਪਣੀ ਪੁਸਤਕ 'ਦ ਆਰਟਿਕ ਹੋਮ ਆਫ ਆਰੀਅਨਸ' ਵਿੱਚ ਇਹ ਵਿਚਾਰ ਪੇਸ਼ ਕੀਤਾ ਹੈ ਕਿ ਆਰੀਆਂ ਦਾ ਮੂਲ ਨਿਵਾਸ ਸਥਾਨ ਉਤਰੀ ਧਰੁਵ ਸੀ। ਛੇ ਹਜ਼ਾਰ ਸਾਲ ਈਸਾ ਤੋਂ ਪਹਿਲਾਂ ਇਹ ਸਥਾਨ ਵਸੋਂ ਯੋਗ ਸੀ ਅਤੇ ਜਦੋਂ ਪੌਣ-ਪਾਣੀ ਵਿੱਚ ਤਬਦੀਲੀਆਂ ਆਈਆਂ ਤਾਂ ਆਰੀਆ ਲੋਕ ਇਹ ਸਥਾਨ ਛੱਡ ਮੱਧ ਏਸ਼ੀਆ ਤੋਂ ਹੁੰਦੇ ਹੋਏ ਭਾਰਤ ਵਿੱਚ ਆ ਵਸੇ। ਰਿਗਵੇਦ ਵਿੱਚ ਇਸ ਬਾਰੇ ਸੰਕੇਤ ਮਿਲਦਾ ਹੈ ਕਿ ਆਰੀਆ ਦੇ ਨਿਵਾਸ ਸਥਾਨ 'ਤੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਹੁੰਦੀ ਸੀ ਪਰੰਤੂ ਭਾਰਤੀ ਇਤਿਹਾਸਕਾਰ ਇਸ ਵਿਚਾਰ ਨੂੰ ਠੀਕ ਨਹੀਂ ਮੰਨਦੇ ਕਿਉਂਕਿ ਰਿਗਵੇਦ ਵਿੱਚ ਉੱਤਰੀ ਧਰੁਵ ਦਾ ਨਾਂ ਨਹੀਂ ਦਿੱਤਾ ਹੈ।

**(3) ਪੀ. ਗਾਈਲਜ਼ ਦਾ 'ਜਰਮਨੀ-ਆਸਟਰੀਆ' ਸਬੰਧੀ ਵਿਚਾਰ** :- ਡਾ. ਪੀ. ਗਾਈਲਜ਼ ਤੇ ਮੈਕਡੋਨੈਲ ਅਨੁਸਾਰ ਆਰੀਆ ਦਾ ਮੂਲ ਨਿਵਾਸ ਸਥਾਨ ਜਰਮਨੀ-ਆਸਟਰੀਆ ਸੀ ਕਿਉਂਕਿ ਇੱਥੇ ਉਹ ਸਾਰੇ ਜਾਨਵਰ ਤੇ ਬੂਟੇ ਪਾਏ ਜਾਂਦੇ ਹਨ ਜਿਨ੍ਹਾਂ ਤੋਂ ਆਰੀਆ ਜਾਣੂ ਸਨ। ਆਰੀਆ ਜਾਤੀ ਦੇ ਬਜ਼ੁਰਗ ਜਿਨ੍ਹਾਂ ਨੂੰ ਵਿਰੋਸ (ਮਨੁੱਖ) ਕਿਹਾ ਗਿਆ ਹੈ, ਆਸਟਰੀਆ-ਹੰਗਰੀ ਤੇ ਜਰਮਨ ਪ੍ਰਦੇਸ਼ਾਂ ਵਿੱਚ ਰਹਿੰਦੇ ਸਨ। ਇਹ ਹੀ ਨਹੀਂ, ਜਰਮਨੀ ਦੇ ਪ੍ਰਸਿੱਧ ਨਾਜ਼ੀ ਪਾਰਟੀ ਦੇ ਨੇਤਾ ਹਿਟਲਰ ਬੜੇ ਮਾਣ ਨਾਲ ਜਰਮਨਜ਼ ਨੂੰ ਆਰੀਆ ਦੀ ਸੰਤਾਨ ਆਖਦਾ ਸੀ ਅਤੇ ਉਸਦੀ ਪਾਰਟੀ ਦਾ ਚਿੰਨ੍ਹ ਵੀ ਸਵਾਸਤਿਕ ਸੀ। ਇਸ ਵਿਚਾਰ ਨੂੰ ਜ਼ਿਆਦਾਤਰ ਵਿਦਵਾਨ ਠੀਕ ਨਹੀਂ ਮੰਨਦੇ ਕਿਉਂਕਿ ਆਸਟਰੀਆ ਤੇ ਜਰਮਨੀ ਦੇ ਲੋਕ ਸ਼ੁਰੂ ਤੋਂ ਹੀ ਉਥੇ ਨਹੀਂ ਰਹਿੰਦੇ ਸਨ ਬਲਕਿ ਉਹ ਬਾਹਰੋ ਆਏ ਸਨ।

**(4) ਨੇਹਰਿੰਗ ਦਾ 'ਦੱਖਣੀ ਰੂਸ' ਸਬੰਧੀ ਵਿਚਾਰ** :- ਨੇਹਰਿੰਗ ਦਾ ਮੰਨਣਾ ਹੈ ਕਿ ਆਰੀਆ ਦਾ

ਮੁੱਢਲਾ ਨਿਵਾਸ ਸਥਾਨ ਰੂਸ ਸੀ। ਇਸ ਵਿਚਾਰ ਦਾ ਆਧਾਰ ਭਾਸ਼ਾ ਹੈ ਤੇ ਇੱਥੇ ਕਈ ਅਜਿਹੇ ਜਾਨਵਰ ਪਾਏ ਜਾਂਦੇ ਹਨ, ਜਿਨ੍ਹਾਂ ਤੋਂ ਆਰੀਆ ਜਾਣੂ ਸਨ। ਇਸ ਵਿਚਾਰ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਤਿਹਾਸਕਾਰਾਂ ਵਿੱਚ ਇੱਕ ਮਤ ਨਹੀਂ ਕਿ ਯੂਰਪ ਵਿੱਚ ਕਿਹੜਾ ਦੇਸ਼ ਆਰੀਆ ਦਾ ਮੂਲ ਨਿਵਾਸ ਸਥਾਨ ਸੀ।

**(5) ਸਵਾਮੀ ਦਯਾਨੰਦ ਦਾ 'ਤਿੱਬਤ ਸਬੰਧੀ' ਵਿਚਾਰ** :- ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਯਾਨੰਦ ਨੇ 'ਸਤਯਾਰਥ ਪ੍ਰਕਾਸ਼' ਵਿੱਚ ਇਹ ਵਿਚਾਰ ਪੇਸ਼ ਕੀਤਾ ਹੈ ਕਿ ਆਰੀਆ ਜਿਹੜੇ ਠੰਢੇ ਮੁਲਕ ਵਿੱਚ ਰਹਿੰਦੇ ਸਨ, ਇਹ ਮੁਲਕ ਤਿੱਬਤ ਹੀ ਹੋ ਸਕਦਾ ਹੈ, ਕਿਉਂਕਿ ਇੱਥੇ ਦੇ ਲੋਕ ਉਸ਼ਾ ਤੇ ਅਗਨੀ ਦੀ ਪੂਜਾ ਕਰਦੇ ਹਨ ਜਿਸਦਾ ਰਿਗਵੇਦ ਵਿੱਚ ਜ਼ਿਕਰ ਆਉਂਦਾ ਹੈ। ਐਫ.ਈ. ਪਾਰਜਿਟਰ ਵਰਗੇ ਵਿਦਵਾਨਾਂ ਨੇ ਵੀ ਇਸ ਮਤ ਦੀ ਪ੍ਰੋੜਤਾ ਕੀਤੀ ਹੈ। ਇਹ ਵਿਚਾਰ ਵੀ ਠੀਕ ਨਹੀਂ ਮੰਨਿਆ ਜਾਂਦਾ ਕਿਉਂਕਿ ਰਿਗਵੇਦ ਵਿੱਚ ਕਿਤੇ ਵੀ ਤਿੱਬਤ ਦਾ ਜ਼ਿਕਰ ਨਹੀਂ ਹੈ।

**(6) ਏ.ਸੀ. ਦਾਸ ਦਾ 'ਸਪਤ-ਸਿੰਧੂ' ਦਾ ਵਿਚਾਰ** :- ਡਾ. ਅਵਿਨਾਸ਼ ਚੰਦਰ ਦਾਸ ਨੇ ਆਪਣੀ ਪੁਸਤਕ 'ਰਿਗਵੈਦਿਕ ਇੰਡੀਆ' ਵਿੱਚ ਇਹ ਮਤ ਪੇਸ਼ ਕੀਤਾ ਹੈ ਕਿ ਭਾਰਤ ਹੀ ਆਰੀਆ ਦਾ ਮੂਲ ਨਿਵਾਸ ਸਥਾਨ ਸੀ। ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਸਪਤ-ਸਿੰਧੂ ਵਿਖੇ ਉਹ ਰਹਿੰਦੇ ਸਨ ਅਤੇ ਕਿਸੇ ਕਾਰਣ ਉਹ ਭਾਰਤ ਛੱਡ ਵੱਖ-ਵੱਖ ਸਥਾਨਾਂ 'ਤੇ ਚਲੇ ਗਏ। ਉਨ੍ਹਾਂ ਦਾ ਮਤ ਰਿਗਵੇਦ 'ਤੇ ਆਧਾਰਤ ਹੈ ਜਿਸ ਵਿੱਚ ਸਪਤ-ਸਿੰਧੂ ਪ੍ਰਦੇਸ਼ ਦੀ ਪ੍ਰਸੰਸਾ ਕੀਤੀ ਗਈ ਹੈ। ਸਿੰਧ ਤੇ ਉਸ ਦੀਆਂ ਸ਼ਾਖ਼ਾਵਾਂ ਦੇ ਨਾਂ ਵੀ ਰਿਗਵੇਦ ਵਿੱਚ ਦਰਜ ਹਨ। ਇੰਨਾ ਹੀ ਨਹੀਂ, ਜਿਨ੍ਹਾਂ ਪਸ਼ੂ-ਪੰਛੀਆਂ ਦੇ ਨਾਂ ਰਿਗਵੇਦ ਵਿੱਚ ਦਰਜ ਹਨ, ਉਹ ਭਾਰਤ ਵਿੱਚ ਪਾਏ ਜਾਂਦੇ ਹਨ। ਭਾਰਤੀ ਇਤਿਹਾਸਕਾਰਾਂ ਨੇ ਇਸ ਵਿਚਾਰ ਦਾ ਸਮਰਥਨ ਕੀਤਾ ਹੈ।

## ਅਭਿਆਸ ਲਈ ਪ੍ਰਸ਼ਨ

(1) ਆਰੀਆ ਦੇ ਮੂਲ ਨਿਵਾਸ ਸਥਾਨ ਨਾਲ ਸਬੰਧਤ ਸਵਾਮੀ ਦਯਾਨੰਦ ਦਾ ਕੀ ਵਿਚਾਰ ਹੈ?

(2) ਅਵੇਸਥਾ ਤੋਂ ਕੀ ਭਾਵ ਹੈ?

(3) ਆਰੀਆ ਭਾਰਤ ਕਦੋਂ ਆਏ?

(4) ਭਾਰਤ ਦਾ ਸਭ ਤੋਂ ਪ੍ਰਾਚੀਨ ਗ੍ਰੰਥ ਕਿਹੜਾ ਹੈ?

## 2. ਆਰਥਿਕ ਦਸ਼ਾ :

**(ੳ) ਪਸ਼ੂ ਪਾਲਣ** :- ਵੈਦਿਕ ਸਭਿਅਤਾ ਮੁੱਖ ਰੂਪ ਵਿੱਚ ਇੱਕ ਗ੍ਰਾਮੀਣ ਸਭਿਅਤਾ ਸੀ। ਸ਼ੁਰੂ ਵਿੱਚ ਖਾਨਾਬਦੋਸ਼ ਹੋਣ ਕਾਰਨ ਲੋਕਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ ਸੀ। ਉਹ ਗਊ, ਭੇਡਾਂ, ਬੱਕਰੀਆਂ, ਬਲਦ, ਘੋੜੇ , ਕੁੱਤੇ ਆਦਿ ਜਾਨਵਰ ਪਾਲਦੇ ਸਨ। ਰਿਗਵੇਦ ਵਿੱਚ ਕਈ ਅਜਿਹੇ ਮੰਤਰ ਹਨ, ਜਿਨ੍ਹਾਂ ਵਿੱਚ ਪਸ਼ੂ ਮਹੱਤਤਾ ਤੇ ਗਊ ਨੂੰ ਕੀਮਤੀ ਵਸਤੂ ਦੱਸਿਆ ਗਿਆ ਹੈ। ਗਊ ਦੀ ਦੇਖਭਾਲ ਕਰਨ ਵਾਲੇ ਨੂੰ 'ਗੋਪ' ਕਿਹਾ ਜਾਂਦਾ ਸੀ, ਜੋ ਉਨ੍ਹਾਂ ਨੂੰ ਚਾਰਗਾਹਾਂ 'ਤੇ ਚਾਰਦਾ ਸੀ। ਆਰੀਆ ਦੀਆਂ ਵੱਖ-ਵੱਖ ਜਾਤੀਆਂ ਵਿੱਚ ਗਊ ਪ੍ਰਾਪਤੀ ਲਈ ਲੜਾਈਆਂ ਹੁੰਦੀਆਂ ਸਨ, ਜਿਸ ਨੂੰ 'ਗਵਿਸ਼ਤੀ' ਕਿਹਾ ਜਾਂਦਾ ਸੀ। ਰਾਜੇ ਨੂੰ ਗੋਪਤੀ ਕਿਹਾ ਜਾਂਦਾ ਸੀ ਜੋ ਗਊ ਦੀ ਰੱਖਿਆ ਕਰਦਾ ਸੀ ਅਤੇ ਸਭ ਤੋਂ ਵੱਧ ਗਊਆਂ ਵਾਲੇ ਨੂੰ 'ਗੋਮਤ' ਕਿਹਾ ਗਿਆ ਹੈ ਜੋ ਸਭ ਤੋਂ ਅਮੀਰ ਵੀ ਮੰਨਿਆ ਜਾਂਦਾ ਸੀ।

**(ਅ) ਖੇਤੀ** :- ਜਿਵੇਂ-ਜਿਵੇਂ ਆਰੀਆ ਲੋਕ ਸਥਾਪਿਤ ਹੋਣ ਲੱਗੇ, ਉਨ੍ਹਾਂ ਦਾ ਦੂਸਰਾ ਮੁੱਖ ਧੰਦਾ ਖੇਤੀ ਬਣ ਗਿਆ। ਅੱਗ, ਪੱਥਰ ਤੇ ਤਾਂਬੇ ਦੇ ਔਜ਼ਾਰਾਂ ਨਾਲ ਭੂਮੀ ਨੂੰ ਖੇਤੀ ਯੋਗ ਬਣਾਇਆ, ਜਿਸਦੀ ਸਿੰਚਾਈ ਲਈ ਉਹ ਵਰਖਾ, ਨਦੀਆਂ ਤੇ ਖੂਹਾਂ ਤੇ ਨਿਰਭਰ ਕਰਦੇ ਸਨ। ਵਾਹੀ ਲਈ ਹੱਲ ਅੱਗੇ ਬਲਦ ਜੋਤੇ ਜਾਂਦੇ

ਸਨ। ਸ਼ੁਰੂ ਵਿੱਚ ਭੂਮੀ ਤੇ ਪਿੰਡ ਦਾ ਸਾਂਝਾ ਅਧਿਕਾਰ ਹੁੰਦਾ ਸੀ ਪਰੰਤੂ ਹੌਲੀ-ਹੌਲੀ ਇਹ ਭੂਮੀ ਪਰਿਵਾਰਾਂ ਵਿੱਚ ਵੰਡੀ ਗਈ ਅਤੇ ਇਸ ਨੂੰ 'ਉਰਵਰਾ' ਕਿਹਾ ਜਾਣ ਲੱਗਾ। 'ਖਿਲਯ' ਉਹ ਭੂਮੀ ਹੁੰਦੀ ਸੀ ਜਿੱਥੇ ਪਿੰਡ ਦੇ ਸਾਰੇ ਪਸ਼ੂ ਨੂੰ ਚਾਰਦੇ ਸਨ ਭਾਵ ਚਾਰਗਾਹ।

**(ੲ) ਹੋਰ ਉਦਯੋਗ (ਧੰਦੇ) :-** ਉਪਰੋਕਤ ਧੰਦਿਆਂ ਤੋਂ ਇਲਾਵਾ ਆਰੀਆ ਲੋਕਾਂ ਵਿੱਚ ਲੱਕੜੀ, ਧਾਤਾਂ ਦਾ ਕੰਮ, ਚਮੜਾ, ਕਤਾਈ, ਬੁਣਾਈ ਆਦਿ ਦੇ ਧੰਦੇ ਪ੍ਰਚਲਤ ਸਨ। ਤਰਖਾਣ - ਰੱਥ, ਛਕੜੇ, ਘਰ ਦੀਆਂ ਖਿੜਕੀਆਂ, ਦਰਵਾਜ਼ੇ ਬਣਾਉਦਾ ਸੀ। ਧਾਂਤਕਾਰ - ਹਥਿਆਰ, ਔਜ਼ਾਰ ਤੇ ਗਹਿਣੇ, ਚਮੜੇ ਤੋਂ ਪਾਣੀ ਭਰਨ ਦੀਆਂ ਥੈਲੀਆਂ, ਕਮਾਨ, ਕਵੱਚ ਆਦਿ ਤਿਆਰ ਕੀਤੇ ਜਾਂਦੇ ਸਨ। ਜੁਲਾਹੇ ਦਾ ਕੰਮ ਮਰਦ ਤੇ ਔਰਤਾਂ ਦੋਵੇਂ ਹੀ ਕਰਦੇ ਸਨ - ਕਤਾਈ, ਬੁਣਾਈ, ਸਿਲਾਈ ਤੇ ਰੰਗਣ ਦਾ ਉਦਯੋਗ ਬਹੁਤ ਵਿਕਸਿਤ ਸੀ। ਘੁਮਿਆਰ - ਭਾਂਡੇ (ਬਰਤਨ) ਬਣਾਉਦਾ ਸੀ।

**(ਸ) ਕਾਰੋਬਾਰ (ਵਪਾਰ) :-** ਰਿਗਵੈਦਿਕ ਕਾਲ ਵਿੱਚ ਵਪਾਰ ਅਦਲਾ-ਬਦਲੀ ਦੀ ਪ੍ਰਣਾਲੀ ਦੁਆਰਾ ਕੀਤਾ ਜਾਂਦਾ ਸੀ। ਗਊ ਨੂੰ ਵੱਡੀਆਂ ਵਸਤੂਆਂ ਲਈ ਇਕਾਈ ਮੰਨਿਆ ਜਾਂਦਾ ਸੀ। ਇੱਕ ਵਾਰ ਵਿਕਰੀ ਉਪਰੰਤ ਚੀਜ਼ ਵਾਪਿਸ ਨਹੀਂ ਸੀ ਹੁੰਦੀ। ਵਪਾਰ ਦੀਆਂ ਮੁੱਖ ਵਸਤੂਆਂ - ਕੱਪੜਾ ਤੇ ਖਾਲਾਂ ਹੁੰਦੀਆਂ ਸਨ। ਸਿੱਕੇ ਦੀ ਵਰਤੋਂ ਨਹੀਂ ਸੀ। 'ਨਿਸ਼ਕ' ਸ਼ਬਦ ਰਿਗਵੈਦਿਕ ਕਾਲ ਵਿੱਚ ਗਹਿਣੇ ਲਈ ਵਰਤਿਆ ਗਿਆ ਹੈ। ਢੋਆ-ਢੁਆਈ ਲਈ ਰੱਥ, ਘੋੜੇ ਤੇ ਗੱਡਿਆਂ ਦੀ ਵਰਤੋਂ ਕੀਤੀ ਜਾਂਦੀ ਸੀ।

## ਅਭਿਆਸ ਲਈ ਪ੍ਰਸ਼ਨ

(1) ਰਿਗਵੈਦਿਕ ਕਾਲ ਵਿੱਚ ਆਰੀਆ ਲੋਕਾਂ ਦੇ ਵੱਖ-ਵੱਖ ਧੰਦਿਆਂ ਬਾਰੇ ਦੱਸੋ।

(2) ਸਹੀ ਉਤਰ ਤੇ ✓ ਅਤੇ ਗਲਤ ਤੇ × ਦੀ ਨਿਸ਼ਾਨੀ ਲਗਾਉ :-

(ੳ) ਰਿਗਵੈਦਿਕ ਸਮਾਜ ਵਿੱਚ ਰਾਜੇ ਨੂੰ ਗੋਮਤ/ਗੋਪਤ ਕਹਿੰਦੇ ਸਨ।

(ਅ) ਵੈਦਿਕ ਕਾਲ ਵਿੱਚ 'ਨਿਸ਼ਕ' ਸ਼ਬਦ ਦੀ ਵਰਤੋਂ ਸਿੱਕੇ/ਗਹਿਣੇ ਲਈ ਗਈ ਹੈ।

(ੲ) ਮੁੱਢਲੀ ਵੈਦਿਕ ਸਭਿਅਤਾ ਵਿੱਚ ਵਪਾਰ ਸਿੱਕਾ ਪ੍ਰਣਾਲੀ/ਅਦਲਾ-ਬਦਲੀ ਪ੍ਰਣਾਲੀ ਦੁਆਰਾ ਕੀਤਾ ਜਾਂਦਾ ਸੀ।

(ਸ) ਆਰੀਆ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ/ਧਾਂਤ ਉਦਯੋਗ ਸੀ।

**3. ਸਮਾਜ :**

**(i) ਰਹਿਣ-ਸਹਿਣ :-** ਵੈਦਿਕ ਸਭਿਅਤਾ ਵਿੱਚ ਲੋਕ ਲੱਕੜੀ ਦੇ ਘਰਾਂ ਵਿੱਚ ਰਹਿੰਦੇ ਸਨ। ਘਰ ਲੱਕੜੀ ਦੇ ਢਾਂਚੇ ਦੇ ਇਰਦ-ਗਿਰਦ ਬਣਾਏ ਜਾਂਦੇ ਸਨ। ਹਰ ਕਮਰੇ ਦੇ ਵਿੱਚ ਚਾਰ ਕੋਨਿਆਂ ਵਿੱਚ ਥਮ ਹੁੰਦੇ ਸਨ ਤੇ ਦੀਵਾਰਾਂ ਨੂੰ ਬੈਂਤ, ਕੱਖ ਤੇ ਤਾਲਿਆਂ ਨਾਲ ਬਣਾਇਆ ਜਾਂਦਾ ਸੀ ਅਤੇ ਛੱਤ ਬਾਂਸ ਦੀ ਡਾਟ ਨਾਲ। ਸਮਾਂ ਬੀਤਣ ਨਾਲ ਮਿੱਟੀ ਦੀਆਂ ਦੀਵਾਰਾਂ ਦੀ ਉਸਾਰੀ ਕੀਤੀ ਜਾਣ ਲੱਗੀ।

**(ii) ਪਰਿਵਾਰਿਕ ਪ੍ਰਣਾਲੀ :-** ਰਿਗਵੈਦਿਕ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਸੀ। ਹਰ ਪਰਿਵਾਰ ਵਿੱਚ ਪਤੀ, ਪਤਨੀ ਤੋਂ ਇਲਾਵਾ ਮਾਤਾ-ਪਿਤਾ, ਭੈਣ-ਭਰਾ, ਲੜਕੇ (ਪੁੱਤਰ), ਪੁੱਤਰੀਆਂ, ਬਜ਼ੁਰਗ ਆਦਿ ਰਹਿੰਦੇ ਸਨ। ਪਿਤਾ-ਪੁਰਖੀ ਪ੍ਰਣਾਲੀ ਪ੍ਰਚਲਤ ਸੀ। ਪਰਿਵਾਰ ਨੂੰ 'ਕੁਲ' ਤੇ ਉਸਦੇ ਮੁਖੀ ਨੂੰ 'ਕੁਲਾਪਾ' ਜਾਂ 'ਕੁਲਪਤੀ' ਕਿਹਾ ਜਾਂਦਾ ਸੀ। ਪੁੱਤਰ ਦੇ ਜਨਮ ਦਾ ਸੁਆਗਤ ਕੀਤਾ ਜਾਂਦਾ ਸੀ। ਰਿਗਵੇਦ ਵਿੱਚ ਅਜਿਹੇ ਮੰਤਰ ਹਨ, ਜੋ ਕੇਵਲ ਪੁੱਤਰ ਜਨਮ ਦੇ ਨਾਲ ਹੀ ਸਬੰਧਤ ਹਨ। ਪਿਤਾ ਦੀ ਜਾਇਦਾਦ ਦਾ ਵਾਰਿਸ ਪੁੱਤਰ ਹੁੰਦਾ ਸੀ। ਪੁੱਤਰ ਦੀ ਅਣਹੋਂਦ ਵਿੱਚ ਇਹ ਧੀ ਦੇ ਪੁੱਤਰ ਨੂੰ ਮਿਲਦੀ ਸੀ।

**(iii) ਵਿਆਹ ਪ੍ਰਣਾਲੀ** :- ਆਮ ਤੌਰ ਤੇ ਇੱਕ ਵਿਆਹ ਦੀ ਪ੍ਰਥਾ ਪ੍ਰਚਲਤ ਸੀ ਪਰੰਤੂ ਬਹੁ-ਵਿਆਹ ਤੋਂ ਲੋਕ ਅਣਜਾਣ ਨਹੀਂ ਸਨ। ਲੜਕੇ ਤੇ ਲੜਕੀਆਂ ਨੂੰ ਜੀਵਨ ਸਾਥੀ ਦੀ ਚੋਣ ਕਰਨ ਦਾ ਅਧਿਕਾਰ ਸੀ। ਦਹੇ ਜ ਦੀ ਪ੍ਰਥਾ ਪ੍ਰਚਲਤ ਸੀ ਪਰੰਤੂ ਪਿਤਾ ਆਪਣੀ ਆਰਥਿਕ ਸਥਿਤੀ ਅਨੁਸਾਰ ਹੀ ਦਹੇਜ ਦਿੰਦਾ ਸੀ। ਸਮਾਜ ਵਿੱਚ ਇਸਤਰੀ ਨੂੰ ਸਤਿਕਾਰਯੋਗ ਸਥਾਨ ਪ੍ਰਾਪਤ ਸੀ। ਉਹ ਧਾਰਮਿਕ ਤੇ ਦੂਜੇ ਮੌਕਿਆਂ ਤੇ ਵਧ-ਚੜ੍ਹਕੇ ਹਿੱਸਾ ਲੈਂਦੀ ਸੀ। ਬਹੁ-ਪਤੀਤਵ ਤੇ ਬਾਲ-ਵਿਆਹ ਦੀ ਅਣਹੋਂਦ ਸੀ। ਵਿਧਵਾ ਦੇ ਪੁਨਰ-ਵਿਆਹ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ।

**(iv) ਖਾਣਾ** :- ਆਰੀਆ ਲੋਕ ਕਣਕ, ਦੁੱਧ, ਘੀ, ਦਹੀ, ਅੰਨ, ਜੌਂ (ਯਾਵਾ), ਸਬਜ਼ੀਆਂ, ਫਲ ਆਦਿ ਖਾਂਦੇ ਸਨ। ਖ਼ਾਸ ਰਸਮੀ ਮੌਕਿਆਂ ਤੇ ਮਾਸਾਹਾਰੀ ਪਦਾਰਥ ਵੀ ਪਕਾਏ ਜਾਂਦੇ ਸਨ ਜਿਵੇਂ ਬਲਦ, ਬੱਕਰੀ, ਭੇ ਡ ਦੇ ਮਾਸ ਨੂੰ ਸੁਰਾ ਜਾਂ ਮਦੂ ਨਾਲ ਵਰਤਾਇਆ ਜਾਂਦਾ ਸੀ। ਸੁਰਾ ਤੇ ਮਦੂ ਨਸ਼ੀਲੇ ਪਦਾਰਥ ਸਨ। ਧਾਰਮਿਕ ਮੌਕਿਆਂ ਤੇ ਸੋਮ ਵਰਤਾਇਆ ਜਾਂਦਾ ਸੀ ਜੋ ਹਿਮਾਲਿਆ ਪਰਬਤ ਦੀ ਮੁੰਜਾਵਤ ਪਹਾੜੀ ਦੇ ਪੌਦਿਆਂ ਤੋਂ ਤਿਆਰ ਕੀਤਾ ਜਾਂਦਾ ਸੀ।

**(v) ਪੁਸ਼ਾਕ** :- ਵੈਦਿਕ ਕਾਲ ਵਿੱਚ ਲੋਕਾਂ ਦਾ ਪਹਿਰਾਵਾ ਸਾਦਾ ਸੀ। ਉਹ ਸੂਤੀ ਤੇ ਊਨੀ ਕੱਪੜੇ ਪਹਿਨਦੇ ਸਨ। ਪਹਿਰਾਵੇ ਨੂੰ ਤਿੰਨ ਮੁੱਖ ਭਾਗਾਂ ਵਿੱਚ ਵੰਡਿਆ ਹੋਇਆ ਸੀ - ਨੀਵੀ - ਹੇਠਲਾ ਵਸਤਰ, ਵਾਸ - ਵਿਚਕਾਰਲਾ ਵਸਤਰ ਅਤੇ ਅਧਿਵਾਸ - ਉਪਰਲਾ ਵਸਤਰ। ਅਮੀਰ ਲੋਕਾਂ ਦੇ ਕੱਪੜੇ ਕਈ ਰੰਗਾਂ ਦੇ ਹੁੰਦੇ ਸਨ ਤੇ ਸੋਨੇ ਦੀ ਕਢਾਈ ਵੀ ਕੀਤੀ ਹੁੰਦੀ ਸੀ।

**(vi) ਸ਼ਿੰਗਾਰ** :- ਮਰਦ ਤੇ ਔਰਤਾਂ ਦੋਵੇਂ ਹੀ ਸ਼ਿੰਗਾਰ ਕਰਦੇ ਸਨ। ਗਹਿਣੇ ਸੋਨੇ ਦੀ ਧਾਂਤ ਦੇ ਬਣੇ ਹੁੰਦੇ ਸਨ। ਜਿਵੇਂ - ਕੰਨਾਂ ਦੀਆਂ ਬਾਲੀਆਂ, ਮੁੰਦਰ, ਹਾਰ, ਗਾਨੀ, ਕੰਠਾ, ਕੰਗਣ, ਚੂੜੀਆਂ, ਮਾਲਾ ਆਦਿ। ਔਰਤਾਂ ਨੂੰ ਵਾਲ ਗੁੰਦਣ ਦਾ ਸ਼ੌਕ ਸੀ ਅਤੇ ਕਈ ਵਾਰ ਆਦਮੀ ਵੀ ਕੁੰਡਲ ਬਣਾਉਂਦੇ ਸਨ। ਮਰਦ ਦਾੜ੍ਹੀ ਤੇ ਮੁੱਛ ਰੱਖਦੇ ਸਨ ਪਰ ਕਈ ਦਾੜ੍ਹੀ ਮੁੰਡਵਾ ਵੀ ਦਿੰਦੇ ਸਨ। ਵਾਲਾਂ ਦੀ ਖ਼ੂਬਸੂਰਤੀ ਵਧਾਉਣ ਲਈ ਖ਼ੁਸ਼ਬੂਦਾਰ ਤੇਲ ਅਤੇ ਕੰਘੀਆਂ ਦੀ ਵਰਤੋਂ ਕੀਤੀ ਜਾਂਦੀ ਸੀ।

**(vii) ਮਨ-ਪਰਚਾਵੇ** :- ਆਰੀਆ ਲੋਕ ਰਥਾਂ ਦੀ ਦੌੜ, ਘੋੜਿਆਂ ਦੀ ਦੌੜ, ਸ਼ਿਕਾਰ, ਚੌਪੜ, ਜੂਆ ਆਦਿ ਨਾਲ ਆਪਣਾ ਮਨੋਰੰਜਨ ਕਰਦੇ ਸਨ। ਖ਼ੁਸ਼ੀ ਦੇ ਮੌਕਿਆਂ ਤੇ ਨ੍ਰਿਤ ਤੇ ਸੰਗੀਤ ਹੁੰਦਾ ਸੀ ਜਿਸ ਵਿੱਚ ਮਰਦ ਤੇ ਔਰਤਾਂ ਭਾਗ ਲੈਂਦੇ ਸਨ। ਸੰਗੀਤ ਦੇ ਕਈ ਸਾਜ਼ ਢੋਲ, ਵੀਣਾ, ਬੰਸਰੀ ਦੀ ਵਰਤੋਂ ਕੀਤੀ ਜਾਂਦੀ ਸੀ।

**(viii) ਜਾਤੀ ਪ੍ਰਥਾ** :- ਜਦੋਂ ਆਰੀਆ ਲੋਕ ਭਾਰਤ ਆਏ ਤਾਂ ਉਨ੍ਹਾਂ ਦਾ ਇੱਥੋ ਦੇ ਵਸਨੀਕਾਂ ਨੇ ਵਿਰੋਧ ਕੀਤਾ। ਉਸ ਸਮੇਂ ਵਰਣ (ਰੰਗ) ਦੇ ਆਧਾਰ 'ਤੇ ਦੋ ਜਾਤੀਆਂ ਕਾਇਮ ਹੋਈਆਂ - ਆਰੀਆ (ਗੋਰਾ ਰੰਗ) ਅਤੇ ਅਨਾਰੀਆ (ਕਾਲਾ ਰੰਗ), ਜਿਨ੍ਹਾਂ ਨੂੰ ਦਾਸੂ ਵੀ ਕਿਹਾ ਜਾਂਦਾ ਸੀ। ਬਾਅਦ ਵਿੱਚ ਕੰਮ ਦੇ ਆਧਾਰ 'ਤੇ ਸ਼੍ਰੇਣੀਆਂ ਹੋਂਦ ਵਿੱਚ ਆਈਆਂ। ਪਹਿਲੀ - ਰਾਜਨੀਯ (ਕਸ਼ਤਰੀ) ਜੋ ਰਾਜ ਕਰਦੇ ਸਨ, ਦੂਜੀ - ਪੂਜਾਰੀ (ਬ੍ਰਾਹਮਣ) ਜੋ ਧਾਰਮਿਕ ਤੇ ਵਿਦਿਆ ਦਾ ਕੰਮ ਕਰਦੇ ਸਨ, ਤੀਜੀ - ਸਾਧਾਰਨ ਲੋਕ (ਵੈਸ਼) ਜੋ ਖੇਤੀਬਾੜੀ ਤੇ ਹੋਰ ਧੰਦੇ ਕਰਦੇ ਸਨ ਅਤੇ ਚੌਥੀ - ਦਾਸ (ਸ਼ੂਦਰ) ਜਿਨ੍ਹਾਂ ਉਤੇ ਆਰੀਆ ਨੇ ਜਿੱਤ ਹਾਸਿਲ ਕੀਤੀ ਸੀ ਅਤੇ ਉਹ ਆਰੀਆ ਦੀ ਸੇਵਾ ਕਰਦੇ ਸਨ।

ਰਿਗਵੇਦ ਦੇ ਦਸਵੇਂ ਮੰਡਲ ਪੁਰਸ ਸੂਕਤ ਵਿੱਚ ਕਿਹਾ ਗਿਆ ਹੈ - ਬ੍ਰਹਮਾ ਦੇ ਮੂੰਹ ਤੋਂ ਬ੍ਰਾਹਮਣ, ਬਾਹਾਂ ਤੋਂ ਕਸ਼ਤਰੀ, ਪੇਟ ਤੋਂ ਵੈਸ਼ ਅਤੇ ਪੈਰ ਵਿੱਚੋਂ ਸ਼ੂਦਰ ਨਿਕਲੇ ਹਨ। ਪਰ ਇਹ ਜਾਤੀ ਪ੍ਰਥਾ ਦਾ ਸੰਕੇਤ ਨਹੀਂ ਮੰਨਿਆ ਜਾਂਦਾ ਕਿਉਂਕਿ ਇਹ ਕਈ ਸਾਲਾਂ ਬਾਅਦ ਲਿਖਿਆ ਗਿਆ ਸੀ। ਰਿਗਵੇਦ ਵਿੱਚ ਹੀ ਦਰਜ ਇੱਕ ਸਲੋਕ ਵਿੱਚ ਕਿਹਾ ਗਿਆ ਹੈ - ''ਵੇਖੋ ਮੈਂ ਸ਼ਲੋਕਾਂ ਦਾ ਰਚਣ ਵਾਲਾ ਹਾਂ, ਮੇਰਾ ਪਿਤਾ ਵੈਦ ਹੈ ਅਤੇ ਮੇਰੀ

ਮਾਤਾ ਪੱਥਰ ਤੇ ਅਨਾਜ ਪ੍ਰੀਹਦੀ ਹੈ।'' ਇਹ ਸਲੋਕ ਇਸ ਗੱਲ ਦਾ ਸੰਕੇਤ ਹੈ ਕਿ ਜਾਤੀ ਪ੍ਰਥਾ ਕਾਇਮ ਨਹੀਂ ਸੀ ਤੇ ਅੰਤਰ-ਸ਼੍ਰੇਣੀ ਵਿਆਹ ਦੀ ਪ੍ਰਥਾ ਕਾਇਮ (ਪ੍ਰਚਲਤ) ਸੀ।

**(ix) ਵਿੱਦਿਆ :-** ਸਿੱਖਿਆ ਦਾ ਮਾਧਿਅਮ ਬੜਾ ਹੀ ਸਾਦਾ ਸੀ। ਉਚਾਰਣ ਪ੍ਰਣਾਲੀ ਰਾਹੀ ਗੁਰੂ ਆਪਣੇ ਵਿਦਿਆਰਥੀਆਂ ਨੂੰ ਵੇਦਾਂ ਦਾ ਗਿਆਨ ਦਿੰਦਾ ਸੀ ਅਤੇ ਸ਼ਿਸ਼ ਪਾਠ ਨੂੰ ਜ਼ੁਬਾਨੀ ਯਾਦ ਕਰਦੇ ਸਨ। ਵਿਦਿਆਰਥੀ ਲੜਕੇ ਤੇ ਲੜਕੀਆਂ ਦੋਵੇਂ ਹੀ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਰੱਖਦੇ ਸਨ। ਰਿਗਵੇਦ ਵਿੱਚ ਕਈ ਅਜਿਹੇ ਮੰਤਰ ਹਨ ਜੋ ਇਸਤਰੀਆਂ ਦੁਆਰਾ ਰਚਿਤ ਹਨ ਜਿਵੇਂ ਕਿ ਅਪਾਲਾ, ਵਿਸ਼ਵਵਗ, ਗੋਸ਼ਾ ਆਦਿ।

## ਅਭਿਆਸ ਲਈ ਪ੍ਰਸ਼ਨ

(1) ਰਿਗਵੈਦਿਕ ਸਭਿਅਤਾ ਦੀ ਪਰਿਵਾਰਿਕ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

(2) ਰਿਗਵੈਦਿਕ ਕਾਲ ਵਿੱਚ ਇਸਤਰੀ ਦੀ ਦਸ਼ਾ ਬਾਰੇ ਲਿਖੋ।

(3) ਸਹੀ ਉਤਰ ਤੇ ✓ ਅਤੇ ਗਲਤ ਤੇ × ਦੀ ਨਿਸ਼ਾਨੀ ਲਗਾਉ :-

- (ੳ) ਸਮਾਜ ਦੀ ਸਭ ਤੋਂ ਛੋਟੀ ਇਕਾਈ ਗ੍ਰਾਮ/ਕੁਲਾ ਸੀ।
- (ਅ) ਰਿਗਵੈਦਿਕ ਸਮਾਜ ਵਿੱਚ ਬਹੁ-ਵਿਆਹ/ਇੱਕ ਪਤਨੀਤਵ ਦੀ ਪ੍ਰਥਾ ਪ੍ਰਚਲਤ ਸੀ।
- (ੲ) ਮੁੱਢਲੀ ਵੈਦਿਕ ਸਭਿਅਤਾ ਵਿੱਚ ਜਾਤੀ ਪ੍ਰਥਾ ਦਾ ਆਧਾਰ ਜਨਮ/ਪੇਸ਼ਾ ਸੀ।
- (ਸ) ਵੈਦਿਕ ਆਰੀਆ ਦੇ ਘਰ ਇੱਟਾਂ/ਲੱਕੜੀ ਤੇ ਕੱਖ ਦੇ ਬਣੇ ਹੁੰਦੇ ਸਨ।

## 4. ਸ਼ਾਸਨ ਪ੍ਰਣਾਲੀ :

**(ੳ) ਰਾਜ ਪ੍ਰਬੰਧ :-** ਪਰਿਵਾਰ ਆਰੀਆ ਸਭਿਅਤਾ ਦੇ ਸਮਾਜ ਦੀ ਸਭ ਤੋਂ ਛੋਟੀ ਇਕਾਈ ਸੀ। ਪਰਿਵਾਰ ਦੇ ਮੁਖੀ ਨੂੰ ਕੁਲਪਤੀ ਕਿਹਾ ਜਾਂਦਾ ਸੀ। ਪਰਿਵਾਰਾਂ ਦੇ ਸਮੂਹ ਨੂੰ ਗ੍ਰਾਮ, ਜਿਸਦਾ ਮੁਖੀ ਗ੍ਰਾਮਣੀ ਹੁੰਦਾ ਸੀ। ਗ੍ਰਾਮਾਂ ਦੇ ਸਮੂਹ ਨੂੰ ਵਿਸ਼, ਜਿਸਦਾ ਮੁਖੀ ਵਿਸ਼ਪਤੀ ਹੁੰਦਾ ਸੀ। ਕਈ ਵਿਸ਼ਾਂ ਦੇ ਸਮੂਹ ਨੂੰ 'ਜਨ' ਕਿਹਾ ਜਾਂਦਾ ਸੀ ਜਿਸਦਾ ਮੁਖੀ ਰਾਜਾ ਹੁੰਦਾ ਸੀ।

ਜਨ → ਵਿਸ਼ → ਗ੍ਰਾਮ → ਪਰਿਵਾਰ

**(ਅ) ਰਾਜਾ :-** ਰਿਗਵੇਦ ਵਿੱਚ ਦਰਜ ਭਰਤ, ਪੁਰੂ, ਤੁਰਵਸ਼, ਮਤਸਯ, ਕ੍ਰਿਵੀ ਆਦਿ ਨਾਂ ਤੋਂ ਪਤਾ ਲੱਗਦਾ ਹੈ ਕਿ ਆਰੀਆ ਲੋਕ ਵੱਖ-ਵੱਖ ਕਬੀਲਿਆਂ ਵਿੱਚ ਵੰਡੇ ਹੋਏ ਸਨ। ਹਰ ਇੱਕ ਕਬੀਲੇ ਦਾ ਮੁਖੀ ਰਾਜਾ ਜਾਂ ਰਾਜਨ ਹੁੰਦਾ ਸੀ। ਰਾਜਾ ਦੀ ਚੋਣ ਲੋਕਾਂ ਦੁਆਰਾ ਕੀਤੀ ਜਾਂਦੀ ਸੀ। ਉਸਦੇ ਮੁੱਖ ਕਰਤੱਵ - ਆਪਣੇ ਰਾਜ ਦੀ ਵੈਰੀਆਂ ਤੋਂ ਸੁਰੱਖਿਆ, ਸ਼ਾਂਤੀ ਸਥਾਪਿਤ ਕਰਨਾ ਅਤੇ ਨਿਰਪੱਖ ਨਿਆਂ ਕਰਨਾ ਸਨ। ਨਿੱਤ ਵਾਪਰਨ ਵਾਲੀਆਂ ਘਟਨਾਵਾਂ ਦੀ ਜਾਣਕਾਰੀ ਲਈ ਰਾਜ ਸਪਸ਼ ਦੀ ਸਹਾਇਤਾ ਲੈਂਦਾ ਸੀ।

**ਹੋਰ ਅਧਿਕਾਰੀ :-** ਸ਼ਾਸਨ ਪ੍ਰਬੰਧ ਨੂੰ ਕੁਸ਼ਲਤਾ-ਪੂਰਵਕ ਚਲਾਉਣ ਲਈ ਰਾਜੇ ਦੀ ਸਹਾਇਤਾ ਲਈ ਕੁਝ ਅਧਿਕਾਰੀ ਹੁੰਦੇ ਸਨ। ਜਿਵੇਂ :-

**(1) ਪ੍ਰੋਹਿਤ :-** ਰਾਜੇ ਨੂੰ ਮਹੱਤਵਪੂਰਨ ਮਾਮਲਿਆਂ ਤੇ ਸਲਾਹ ਦੇਣ ਤੋਂ ਇਲਾਵਾ, ਪ੍ਰੋਹਿਤ ਰਾਜੇ ਦੀ ਲੰਬੀ ਉਮਰ, ਦੁਸ਼ਮਣਾਂ ਤੇ ਜਿੱਤ ਪ੍ਰਾਪਤੀ ਲਈ ਯੱਗ ਕਰਦਾ ਸੀ। ਉਹ ਨਿਆਂ ਖੇਤਰ ਵਿੱਚ ਧਰਮ ਅਨੁਸਾਰ ਫ਼ੈਸਲੇ ਲੈਣ ਵਿੱਚ ਰਾਜੇ ਦੀ ਸਹਾਇਤਾ ਕਰਦਾ ਸੀ।

**(2) ਸੈਨਾਨੀ :-** ਪੰਡਿਤ ਤੋਂ ਬਾਅਦ ਦੂਸਰਾ ਮੁੱਖ ਅਧਿਕਰੀ ਸੈਨਾਨੀ ਹੁੰਦਾ ਸੀ ਜੋ ਸੈਨਾ ਦਾ ਸੰਚਾਲਣ

ਰਾਜੇ ਦੇ ਆਦੇਸ਼ਾਂ ਅਨੁਸਾਰ ਕਰਦਾ ਸੀ। ਸੈਨਾ ਦੇ ਦੋ ਭਾਗ ਸਨ - ਪੈਦਲ ਸੈਨਿਕ (ਪਾਤੀ) ਤੇ ਰਥ ਸੈਨਾ (ਰਥਿਨ)। ਸੈਨਾਨੀ ਸੈਨਾ ਸਬੰਧੀ ਕਾਰਜਾਂ ਦਾ ਮੁਖੀ ਹੁੰਦਾ ਸੀ।

**(3) ਹਥਿਆਰ ਅਤੇ ਯੁੱਧ ਦੇ ਢੰਗ :-** ਆਰੀਆ ਲੋਕ ਯੁੱਧ ਵਿੱਚ ਤੀਰ, ਧਨੁੱਖ, ਤਲਵਾਰ, ਨੇਜ਼ਾ, ਵਰਮਾ, ਭਾਲਾ, ਬਰਛਾ ਆਦਿ ਦੀ ਵਰਤੋਂ ਕਰਦੇ ਸਨ। ਦੁਸ਼ਮਣ ਨੂੰ ਤੁਰੰਤ ਮਾਰਨ ਲਈ ਜ਼ਹਿਰੀਲੇ ਤੀਰਾਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਆਰੀਆ ਕਬੀਲਿਆਂ ਵਿੱਚ ਦੋ ਪ੍ਰਕਾਰ ਦੇ ਯੁੱਧ ਹੁੰਦੇ ਸਨ। ਪਹਿਲਾ - ਆਰੀਆ ਤੇ ਅਨਾਰੀਆ ਵਿਚਕਾਰ ਜਿਸ ਵਿੱਚ ਜਿੱਤ ਆਰੀਆ ਕਬੀਲਿਆਂ ਦੀ ਹੁੰਦੀ ਸੀ। ਦੂਸਰਾ ਆਰੀਆ ਲੋਕਾਂ ਦੇ ਆਪਸੀ ਕਬੀਲਿਆਂ ਦੇ ਝਗੜੇ ਦਾ ਮੁੱਖ ਕਾਰਨ ਵੱਧ ਤੋਂ ਵੱਧ ਗਊ ਪ੍ਰਾਪਤੀ ਸੀ ਤਾਂ ਜੋ ਉਹ ਆਪਣੇ-ਆਪ ਨੂੰ ਤਾਕਤਵਰ ਸਾਬਿਤ ਕਰ ਸਕਣ। ਅਜਿਹੇ ਯੁੱਧਾਂ ਦਾ ਵਰਣਨ ਰਿਗਵੇਦ ਵਿੱਚ ਕੀਤਾ ਗਿਆ ਹੈ।

**(5) ਸਭਾ ਤੇ ਸਮਿਤੀ :-** ਸਭਾ ਤੇ ਸਮਿਤੀ ਕਬੀਲੇ ਦੀਆਂ ਦੋ ਸੰਸਥਾਵਾਂ ਸਨ ਜੋ ਰਾਜ ਪ੍ਰਬੰਧ ਨੂੰ ਕੁਸ਼ਲਤਾ-ਪੂਰਵਕ ਚਲਾਉਣ ਵਿੱਚ ਰਾਜੇ ਦੀ ਸਹਾਇਤਾ ਕਰਦੀਆਂ ਸਨ।

ਸਭਾ - ਇਸ ਸੰਸਥਾ ਵਿੱਚ ਕਬੀਲੇ ਦੇ ਕੁਝ ਸੂਝਵਾਨ ਵਿਅਕਤੀ ਮੈਂਬਰ ਹੁੰਦੇ ਸਨ ਜੋ ਲੋਕਾਂ ਦੁਆਰਾ ਚੁਣੇ ਜਾਂਦੇ ਸਨ। ਇਹ ਸੰਸਥਾ ਨਿਆਂ ਤੇ ਹੋਰ ਮਹੱਤਵਪੂਰਨ ਮਾਮਲਿਆਂ ਵਿੱਚ ਰਾਜੇ ਨੂੰ ਸਲਾਹ ਦਿੰਦੀ ਸੀ।

ਸਮਿਤੀ - ਇਸ ਸੰਸਥਾ ਵਿੱਚ ਕਬੀਲੇ ਦੇ ਸਾਰੇ ਲੋਕ ਮੈਂਬਰ ਹੁੰਦੇ ਸਨ।

ਇਹ ਦੋਵੇਂ ਸੰਸਥਾਵਾਂ ਰਾਜਾ ਤੇ ਰਾਜ ਪ੍ਰਬੰਧ ਦੇ ਮਾਮਲਿਆਂ ਵਿੱਚ ਵਧ-ਚੜ੍ਹਕੇ ਭਾਗ ਲੈਂਦੀਆਂ ਸਨ ਅਤੇ ਰਾਜੇ ਦੀ ਸ਼ਕਤੀ ਤੇ ਨਜ਼ਰ ਰੱਖਦੀਆਂ ਸਨ।

## ਅਭਿਆਸ ਲਈ ਪ੍ਰਸ਼ਨ

(1) ਮੁੱਢਲੀ ਵੈਦਿਕ ਸਭਿਅਤਾ ਵਿੱਚ ਰਾਜਾਂ ਦੀ ਸਥਿਤੀ ਦਾ ਵਰਣਨ ਕਰੋ।

(2) ਖਾਲੀ ਸਥਾਨ ਭਰੋ :-

(ੳ) ਰਿਗਵੈਦਿਕ ਕਾਲ ਦੀਆਂ ਦੋ ਮੁੱਖ ਸੰਸਥਾਵਾਂ .................... ਅਤੇ ....................... ਸਨ।

(ਅ) ਰਾਜੇ ਨੂੰ ਪ੍ਰਤੀ ਦਿਨ ਵਾਪਰਨ ਵਾਲੀਆਂ ਘਟਨਾਵਾਂ ਦੀ ਜਾਣਕਾਰੀ ...........................ਦੁਆਰਾ ਦਿੱਤੀ ਜਾਂਦੀ ਸੀ।

(ੲ) ਆਰੀਆ ਦੇ ਵੱਖ-ਵੱਖ ਕਬੀਲਿਆਂ ਦੇ ਆਪਸੀ ਯੁੱਧਾਂ ਦਾ ਕਾਰਨ ............. ਪ੍ਰਾਪਤ ਕਰਨਾ ਸੀ।

**6. ਧਰਮ :**

**(1) ਸਰਲ ਧਰਮ :-** ਆਰੀਆ ਲੋਕਾਂ ਦਾ ਧਰਮ ਸਾਦਾ ਸੀ। ਉਹ ਕੁਦਰਤ ਦੀ ਪੂਜਾ ਕਰਦੇ ਸਨ ਜੋ ਉਨ੍ਹਾਂ ਦੀ ਕਲਪਨਾ 'ਤੇ ਆਧਾਰਿਤ ਸੀ। ਜਿਵੇਂ - ਹਵਾ, ਪਾਣੀ, ਵਰਖਾ, ਅਗਨੀ, ਬਿਜਲੀ, ਉਸ਼ਾ ਆਦਿ। ਇਸ ਕਾਲ ਵਿੱਚ ਮੂਰਤੀ ਪੂਜਾ ਅਤੇ ਪੂਜਾ ਦੇ ਸਥਾਨਾਂ ਦੀ ਅਣਹੋਂਦ ਸੀ।

**(2) ਵੱਖ-ਵੱਖ ਦੇਵੀ-ਦੇਵਤੇ :-** ਦੇਵੀ-ਦੇਵਤਿਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :-

(1) ਭੂਮੀ ਦੇ ਦੇਵਤੇ :- ਪ੍ਰਿਥਵੀ, ਸੋਮ, ਅਗਨੀ ਆਦਿ।

(2) ਵਾਯੂ ਦੇ ਦੇਵਤੇ :- ਇੰਦਰ, ਵਾਯੂ, ਮਾਰੂਤ, ਪ੍ਰਜਨਯ।

(3) ਆਕਾਸ਼ ਦੇ ਦੇਵਤੇ :- ਵਰੁਣ, ਦਿਯੋਮ, ਅਸ਼ਵਿਨ, ਸੂਰਜ, ਪੂਸ਼ਣ, ਮਿਤ, ਊਸ਼ਾ ਆਦਿ।

ਕੁਝ ਦੇਵਤੇ ਉਪਰੋਕਤ ਦੇਵਤਿਆਂ ਵਿੱਚ ਮਹੱਤਵਪੂਰਨ ਸਨ :-

**ਇੰਦਰ** :- ਇੰਦਰ ਦੇਵਤੇ ਨੂੰ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਆਰੀਆ ਲੋਕ ਦੁਸ਼ਮਣ 'ਤੇ ਜਿੱਤ ਪ੍ਰਾਪਤੀ ਅਤੇ ਵਰਖਾ ਲਈ ਇੰਦਰ ਨੂੰ ਪੂਜਦੇ ਸਨ।

**ਅਗਨੀ** :- ਭਾਵ ਅੱਗ ਦਾ ਦੇਵਤਾ। ਇਸ ਨੂੰ ਮਨੁੱਖ ਤੇ ਦੇਵਤੇ ਦੋਵੇਂ ਹੀ ਪੂਜਦੇ ਸਨ। ਧਰਤੀ ਉਤੇ ਵਿਆਹ, ਯੱਗ ਆਦਿ ਅਤੇ ਅਸਮਾਨ ਵਿੱਚ ਬਿਜਲੀ ਦੇ ਰੂਪ ਵਿੱਚ ਇਹ ਦੇਵਤਾ ਵਿਚਰਦਾ ਸੀ। ਆਰੀਆ ਦਾ ਮੰਨਣਾ ਸੀ ਕਿ ਯੱਗ ਸਮੇਂ ਅੱਗ ਵਿੱਚ ਪਾਈ ਸਮੱਗਰੀ ਅਗਨੀ ਦੁਆਰਾ ਦੇਵਤਾ ਤੱਕ ਧੂੰਏ ਦੇ ਰੂਪ ਵਿੱਚ ਪਹੁੰਚਦੀ ਹੈ।

**ਵਰੁਣ** :- ਆਰੀਆ ਦਾ ਮੰਨਣਾ ਸੀ ਕਿ ਵਿਸ਼ਵ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਤੋਂ ਵਰੁਣ ਦੇਵਤਾ ਅਵਗਿੱਤ ਹੈ। ਇਹ ਇੱਕ ਮਹੱਤਵਪੂਰਨ ਦੇਵਤਾ ਮੰਨਿਆ ਜਾਂਦਾ ਸੀ।

**(3) ਯੱਗ** :- ਆਰੀਆ ਜਾਤੀ ਦੇ ਲੋਕ ਦੇਵਤਿਆਂ ਨੂੰ ਪ੍ਰਸੰਨ ਕਰਨ, ਵਰ ਮੰਗਣ ਤੇ ਸਦਾ ਦਇਆ ਕਾਇਮ ਰੱਖਣ ਲਈ ਯੱਗ ਕਰਦੇ ਸਨ। ਯੱਗ ਵਿੱਚ ਰਿਗਵੇਦ ਵਿੱਚ ਦਿੱਤੇ ਗਏ ਮੰਤਰਾਂ ਦਾ ਉਚਾਰਣ ਅਤੇ ਅਗਨੀ ਵਿੱਚ ਦੁੱਧ, ਘੀ, ਅੰਨ, ਸੋਮ ਰਸ ਆਦਿ ਪਾਏ ਜਾਂਦੇ ਸਨ। ਕਈ ਵਾਰ ਤਾਂ ਬਲੀ ਵੀ ਦਿੱਤੀ ਜਾਂਦੀ ਸੀ।

## ਅਭਿਆਸ ਲਈ ਪ੍ਰਸ਼ਨ

(1) ਸਹੀ ਉਤਰ ਤੇ ✓ ਅਤੇ ਗਲਤ ਤੇ × ਦੀ ਨਿਸ਼ਾਨੀ ਲਗਾਉ :-

(ੳ) ਆਰੀਆ ਲੋਕ ਦੇਵਤਿਆਂ ਤੋਂ ਅਧਿਆਤਮਕ ਉਨਤੀ/ਦਇਆ ਪ੍ਰਾਪਤੀ ਲਈ ਯੱਗ ਕਰਦੇ ਸਨ।

(ਅ) ਰਿਗਵੈਦਿਕ ਕਾਲ ਵਿੱਚ ਯੱਗ ਪਰਿਵਾਰ/ਪ੍ਰੋਹਿਤ ਦੁਆਰਾ ਕੀਤਾ ਜਾਂਦਾ ਸੀ।

(ੲ) ਮੁੱਢਲੀ ਵੈਦਿਕ ਸਭਿਅਤਾ ਦੇ ਲੋਕ ਜਾਦੂ-ਟੂਣੇ/ਕੁਦਰਤ ਦੇ ਪੁਜਾਰੀ ਸਨ।

**6. ਸ਼ਬਦਾਰਥ :**

| | | |
|---|---|---|
| ਕੁਲ | - | ਪਰਿਵਾਰ |
| ਕੁਲਾਪਾ | - | ਪਰਿਵਾਰ ਦਾ ਮੁਖੀ |
| ਗ੍ਰਾਮਣੀ | - | ਗ੍ਰਾਮ ਜਾਂ ਪਿੰਡ ਦਾ ਮੁਖੀ |
| ਜਨ | - | ਕਬੀਲਾ |
| ਗੋਪਤ | - | ਰਾਜਾ - ਗਊ ਦੀ ਰੱਖਿਆ ਕਰਨ ਵਾਲਾ |
| ਬਾਲੀ | - | ਕਰ, ਜੋ ਹਾਰੇ ਹੋਏ ਲੋਕ ਜੇਤੂ ਰਾਜੇ ਨੂੰ ਦਿੰਦੇ ਸਨ |
| ਪਿਤਰਤੰਤਰ | - | ਪਿਤਾ-ਪ੍ਰਧਾਨ ਪਰਿਵਾਰ |
| ਨਿਸ਼ਕ | - | ਸੋਨੇ ਦੀ ਧਾਂਤ ਦਾ ਗਹਿਣਾ |
| ਸਪਸ਼ | - | ਜਾਸੂਸ |

**7. ਸਾਰਾਂਸ਼ :-**

ਸਿੰਧ ਘਾਟੀ ਸਭਿਅਤਾ ਤੋਂ ਬਾਅਦ ਪ੍ਰਾਚੀਨ ਭਾਰਤੀ ਇਤਿਹਾਸ ਦੀ ਮਹੱਤਵਪੂਰਣ ਸਭਿਅਤਾ ਆਰੀਆ ਸਭਿਅਤਾ ਹੈ। ਇਸ ਨੂੰ ਰਿਗਵੈਦਿਕ ਸਭਿਅਤਾ ਵੀ ਕਹਿੰਦੇ ਹਨ, ਕਿਉਂਕਿ ਇਸ ਕਾਲ ਦੌਰਾਨ ਆਰੀਆ

ਦੁਆਰਾ ਰਿਗਵੇਦ ਦੀ ਰਚਨਾ ਕੀਤੀ ਗਈ। ਆਰੀਆ ਭਾਰਤ ਵਿੱਚ ਕਿੱਥੋਂ ਆਏ? ਇਸ ਬਾਰੇ ਇਤਿਹਾਸਕਾਰਾਂ ਦੇ ਵੱਖ-ਵੱਖ ਵਿਚਾਰ ਹਨ, ਪਰੰਤੂ ਏ.ਸੀ. ਦਾਸ ਦਾ ਸਪਤ-ਸਿੰਧੂ ਦਾ ਵਿਚਾਰ ਵਧੇਰੇ ਵਿਸ਼ਵਾਸਯੋਗ ਜਾਪਦਾ ਹੈ। ਆਰੀਆ ਸਭਿਅਤਾ ਇੱਕ ਪੇਂਡੂ ਸਭਿਅਤਾ ਸੀ ਅਤੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ। ਵਪਾਰ ਅਦਲਾ-ਬਦਲੀ ਦੀ ਪ੍ਰਣਾਲੀ ਦੁਆਰਾ ਕੀਤਾ ਜਾਂਦਾ ਸੀ, ਪਰੰਤੂ ਵੱਡੀਆਂ ਵਸਤੂਆਂ ਲਈ ਗਊ ਨੂੰ ਇਕਾਈ ਮੰਨਿਆ ਜਾਂਦਾ ਸੀ। ਸਮਾਜ ਵਿੱਚ ਪਰਿਵਾਰ ਸਭ ਤੋਂ ਛੋਟੀ ਇਕਾਈ ਸੀ ਅਤੇ ਇਸ ਵਿੱਚ ਪਿਤਰਤੰਤਰ ਪ੍ਰਣਾਲੀ ਪ੍ਰਚਲਿਤ ਸੀ। ਇਸਤਰੀ ਦੀ ਦਸ਼ਾ ਚੰਗੀ ਸੀ। ਉਸ ਨੂੰ ਸਿੱਖਿਆ ਅਤੇ ਵਰ ਦੀ ਚੋਣ ਦਾ ਅਧਿਕਾਰ ਸੀ। ਧਾਰਮਿਕ ਅਤੇ ਦੂਜੇ ਮੌਕਿਆਂ 'ਤੇ ਉਸਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਸੀ। ਬਹੁ-ਪਤੀਤਤਵ ਅਤੇ ਬਾਲ-ਵਿਆਹ ਦੀ ਅਣਹੋਂਦ ਸੀ। ਜਾਤੀ ਪ੍ਰਥਾ ਕਾਇਮ ਨਹੀਂ ਸੀ ਹੋਈ। ਆਰੀਆ ਲੋਕ ਧਾਰਮਿਕ ਵਿਚਾਰਾਂ ਵਾਲੇ ਸਨ। ਉਹ ਕੁਦਰਤ ਦੀ ਪੂਜਾ ਕਰਦੇ ਸਨ ਜੋ ਉਨ੍ਹਾਂ ਦੀ ਕਲਪਨਾ 'ਤੇ ਆਧਾਰਿਤ ਸੀ। ਮੂਰਤੀ ਪੂਜਾ ਅਤੇ ਪੂਜਾ ਦੇ ਸਥਾਨਾਂ ਦੀ ਅਣਹੋਂਦ ਸੀ। ਸਾਰੇ ਕਬੀਲੇ ਦਾ ਮੁਖੀ ਰਾਜਾ ਹੁੰਦਾ ਸੀ ਅਤੇ ਉਸਦੀ ਸਹਾਇਤਾ ਲਈ ਪੁਰੋਹਿਤ ਅਤੇ ਸੈਨਾਨੀ ਹੁੰਦੇ ਸਨ। **ਸਭਾ** ਅਤੇ **ਸਮਿਤੀ** ਨਾਮਕ ਦੋ ਸੰਸਥਾਵਾਂ ਰਾਜੇ ਦੀ ਸ਼ਕਤੀ 'ਤੇ ਰੋਕ ਦਾ ਕੰਮ ਕਰਦੀਆਂ ਸਨ।

## 8. ਅਭਿਆਸ ਲਈ ਛੋਟੇ ਪ੍ਰਸ਼ਨ :-

(1) ਸਵਾਮੀ ਦਯਾਨੰਦ ਦੇ ਅਨੁਸਾਰ ਆਰੀਆ ਦਾ ਮੂਲ ਨਿਵਾਸ ਸਥਾਨ ਕਿਹੜਾ ਹੈ?

(2) ਸਪਤ-ਸਿੰਧੂ ਦਾ ਸਿਧਾਂਤ ਕਿਸ ਦੁਆਰਾ ਦਿੱਤਾ ਗਿਆ?

(3) ਰਿਗਵੈਦਿਕ ਕਾਲ ਦੀ ਮੁੱਖ ਪੈਦਾਵਾਰ ਕੀ ਸੀ?

(4) ਰਿਗਵੈਦਿਕ ਕਾਲ ਵਿੱਚ ਲੋਕਾਂ ਦਾ ਪਹਿਰਾਵਾ ਕਿਹੋ ਜਿਹਾ ਸੀ?

(5) ਰਿਗਵੈਦਿਕ ਕਾਲ ਦੇ ਧਾਰਮਿਕ ਦੇਵੀ-ਦੇਵਤੇ ਕਿਹੜੇ ਸਨ?

(6) ਵੇਦਾਂ ਦੀ ਗਿਣਤੀ ਕਿੰਨੀ ਹੈ?

## 9. ਅਭਿਆਸ ਲਈ ਵੱਡੇ ਪ੍ਰਸ਼ਨ :-

(1) ਆਰੀਆ ਦੇ ਮੂਲ ਨਿਵਾਸ ਸਬੰਧੀ ਵੱਖ-ਵੱਖ ਵਿਚਾਰਧਾਰਾਵਾਂ ਬਾਰੇ ਦੱਸੋ। ਇਨ੍ਹਾਂ ਵਿੱਚ ਕਿਹੜੀ ਵਿਚਾਰਧਾਰਾ ਵਧੇਰੇ ਵਿਸ਼ਵਾਸਯੋਗ ਹੈ ਅਤੇ ਕਿਉਂ?

(2) ਰਿਗਵੈਦਿਕ ਕਾਲ ਵਿੱਚ ਆਰੀਆ ਦੇ ਆਰਥਿਕ ਅਤੇ ਸਮਾਜਿਕ ਜੀਵਨ ਬਾਰੇ ਕੀ ਜਾਣਦੇ ਹੋ?

(3) ਰਿਗਵੇਦ ਤੋਂ ਸਾਨੂੰ ਆਰੀਆ ਜਾਤੀ ਦੇ ਧਾਰਮਿਕ ਜੀਵਨ ਬਾਰੇ ਕੀ ਜਾਣਕਾਰੀ ਪ੍ਰਾਪਤ ਹੁੰਦੀ ਹੈ?

(4) ਮੁੱਢਲੀ ਵੈਦਿਕ ਸਭਿਅਤਾ ਵਿੱਚ ਆਰੀਆ ਦੇ ਰਾਜਨੀਤਕ ਜੀਵਨ ਬਾਰੇ ਲਿਖੋ।

(5) ਨੋਟ ਲਿਖੋ :-

(ੳ) ਰਿਗਵੇਦ

(ਅ) ਸਭਾ ਅਤੇ ਸਮਿਤੀ

(ੲ) ਪਰਿਵਾਰ ਪ੍ਰਣਾਲੀ

(ਸ) ਇਸਤਰੀਆਂ ਦੀ ਦਸ਼ਾ

(ਹ) ਰਿਗਵੈਦਿਕ ਕਾਲ ਵਿੱਚ ਵਪਾਰ

(ਕ) ਆਰੀਆ ਦੇ ਦੇਵੀ-ਦੇਵਤੇ

## Suggested Readings


| | | | |
|---|---|---|---|
| 1. | Romilla Thapar | - | History of India,passim |
| 2. | A.L. Basham | - | The Wonder that was India,passim |
| 3. | R.S. Tripathi | - | History of Ancient India |
| 4. | D.N. Jha | - | Ancient India - An Introductory Outline |
| 5. | A.C. Arora | - | Prachin Bharat da Itihas (Punjabi) |


ਇਹ ਪਾਠ ਡਿਸਟੈਂਸ ਐਜੂਕੇਸ਼ਨ ਕਾਊਂਸਿਲ (ਡੈਕ) ਵੱਲੋਂ ਦਿੱਤੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

**ਪਾਠ ਨੰਬਰ : 1.6** **ਸੈਕਸ਼ਨ-ਬੀ** **ਲੇਖਕ : ਗੁਰਕਿਰਨਜੀਤ ਕੌਰ ਗਰੇਵਾਲ**

# ਉੱਤਰ-ਵੈਦਿਕ ਕਾਲ

**ਮੁੱਖ ਰੂਪ :**

- ਉਦੇਸ਼
- ਜਾਣ-ਪਛਾਣ

1. ਸੋਮੇ
2. ਆਰਥਿਕ ਜੀਵਨ
3. ਰਾਜਨੀਤਕ ਜੀਵਨ
4. ਸਮਾਜ
5. ਧਰਮ
6. ਸਾਰਾਂਸ਼

**ਉਦੇਸ਼ :**

ਸੋਮਿਆਂ ਬਾਰੇ ਪਤਾ ਚੱਲਦਾ ਹੈ, ਜਿਨ੍ਹਾਂ ਤੋਂ ਸਾਨੂੰ ਉੱਤਰ-ਵੈਦਿਕ ਕਾਲ ਦੀ ਜਾਣਕਾਰੀ ਮਿਲਦੀ ਹੈ।

- ਉੱਤਰ-ਵੈਦਿਕ ਸਭਿਅਤਾ ਦੇ ਲੋਕਾਂ ਦੇ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਜੀਵਨ ਵਿੱਚ ਆਈਆਂ ਤਬਦੀਲੀਆਂ ਦੀ ਜਾਣਕਾਰੀ ਦੇਣਾ।

**ਜਾਣ-ਪਛਾਣ :**

ਉੱਤਰ-ਵੈਦਿਕ ਸਭਿਅਤਾ ਦਾ ਕਾਲ ਲਗਭਗ 1000 ਈ. ਪੂਰਵ ਤੋਂ 600 ਈ. ਪੂਰਵ ਤੱਕ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ ਆਰੀਆ ਜਾਤੀ ਦੇ ਲੋਕ ਸਪਤ ਸਿੰਧੂ ਛੱਡ ਪੂਰਬ ਵਿੱਚ ਗੰਗਾ ਘਾਟੀ ਤੇ ਉਸਦੇ ਆਸ-ਪਾਸ ਦੇ ਇਲਾਕਿਆਂ ਵਿੱਚ ਨਿਵਾਸ ਕਰਨ ਲੱਗੇ। ਲਗਭਗ 800 ਈ. ਪੂਰਵ ਵਿੱਚ ਆਰੀਆ ਲੋਹੇ ਦੀ ਵਰਤੋਂ ਤੋਂ ਜਾਣੂ ਹੋ ਗਏ ਸਨ। ਆਰੀਆ ਦੇ ਵੱਖ-ਵੱਖ ਕਬੀਲਿਆਂ ਨੇ ਲੋਹ ਦੀਆਂ ਕੁਹਾੜੀਆਂ ਨਾਲ ਜੰਗਲ ਸਾਫ਼ ਕਰ, ਪੂਰਬ ਵਿੱਚ ਬੰਗਾਲ ਅਤੇ ਦੱਖਣ ਵਿੱਚ ਨਰਮਦਾ ਨਦੀ ਤੱਕ ਆਪਣੇ ਪ੍ਰਦੇਸ਼ਾਂ ਦਾ ਪ੍ਰਸਾਰ ਕੀਤਾ। ਇਸ ਸਥਾਨਾਂਤਰਣ ਨਾਲ ਆਰੀਆ ਦੇ ਜੀਵਨ ਵਿੱਚ ਆਈਆਂ ਤਬਦੀਲੀਆਂ ਦੀ ਮੁੱਖ ਰੂਪ ਵਿੱਚ ਇਸ ਪਾਠ ਵਿੱਚ ਚਰਚਾ ਕੀਤੀ ਗਈ ਹੈ।

**(1) ਸੋਮੇ :**

ਇਸ ਕਾਲ ਨਾਲ ਸਬੰਧਤ ਸੋਮਿਆਂ ਵਿੱਚ ਸਭ ਤੋਂ ਪਹਿਲਾਂ ਵੇਦ ਆਉਂਦੇ ਹਨ, ਜਿਨ੍ਹਾਂ ਦੀ ਗਿਣਤੀ ਚਾਰ ਹੈ- ਰਿਗਵੇਦ, ਸਾਮਵੇਦ, ਯਜੁਰਵੇਦ ਅਤੇ ਅਥਰਵੇਦ।

(1) **ਰਿਗਵੇਦ :-** ਭਾਰਤ ਦੇਸ਼ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ। ਇਸਦੀ ਰਚਨਾ 1500 ਈ. ਪੂਰਵ ਤੋਂ 1000 ਈ. ਪੂਰਵ ਦੌਰਾਨ ਹੋਈ। ਇਸ ਵਿੱਚ 10,500 ਮੰਤਰ ਅਤੇ 1028 ਸੂਕਤ ਹਨ ਜੋ ਦਸ ਮੰਡਲਾਂ

ਵਿੱਚ ਵੰਡੇ ਹੋਏ ਹਨ। ਰਿਗਵੇਦ ਦਾ ਦਸਵਾਂ ਮੰਡਲ 1000 ਈ. ਪੂਰਵ ਤੋਂ ਬਾਅਦ ਰਚਿਆ ਗਿਆ। ਇਸ ਤੋਂ ਸਾਨੂੰ ਉਸ ਸਮੇਂ ਦੀ ਸਭਿਅਤਾ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਇਹ ਵੇਦ ਕੇਵਲ ਧਾਰਮਿਕ ਤੇ ਅਧਿਆਤਮਿਕ ਹੀ ਨਹੀਂ ਬਲਕਿ ਇਤਿਹਾਸਕ ਦ੍ਰਿਸ਼ਟੀ ਤੋਂ ਵੀ ਅਤਿ ਮਹੱਤਵਪੂਰਨ ਹੈ, ਕਿਉਂਕਿ ਇਹ ਉਸ ਸਮੇਂ ਨੂੰ ਜਾਨਣ ਲਈ ਇੱਕ-ਮਾਤਰ ਸੋਮਾ ਹੈ।

(2) **ਸਾਮਵੇਦ :-** ਇਹ ਵੇਦ ਸੰਗੀਤ ਨਾਲ ਸਬੰਧਿਤ ਹੈ ਜੋ ਵੱਖ-ਵੱਖ ਧਾਰਮਿਕ ਮੌਕਿਆਂ ਤੇ ਗਾਏ ਜਾਂਦੇ ਹਨ। ਇਨ੍ਹਾਂ ਨੂੰ ਗਾਉਣ ਵਾਲੇ 'ਉਦਗਾਤਾ' ਅਖਵਾਉਂਦੇ ਹਨ। ਇਸ ਗ੍ਰੰਥ ਦੇ ਆਪਣੇ ਕੇਵਲ 99 ਮੰਤਰ ਹਨ ਅਤੇ ਬਾਕੀ ਰਿਗਵੇਦ ਵਿੱਚੋਂ ਲਏ ਗਏ ਹਨ। ਮੰਤਰਾਂ ਦੀ ਕੁੱਲ ਗਿਣਤੀ 1549 ਹੈ।

(3) **ਯਜੁਰਵੇਦ :-** ਇਹ ਕਰਮ-ਕਾਂਡ ਗ੍ਰੰਥ ਹੈ। ਇਸ ਵਿੱਚ ਬਲੀ ਦੀ ਪ੍ਰਥਾ, ਮਹਾਨਤਾ ਅਤੇ ਤਰੀਕਿਆਂ ਦਾ ਵਰਣਨ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚ ਉਨ੍ਹਾਂ ਮੰਤਰਾਂ ਦਾ ਉਲੇਖ ਕੀਤਾ ਗਿਆ ਹੈ ਜਿਨ੍ਹਾਂ ਦਾ ਧਾਰਮਿਕ ਰੀਤਾਂ ਵੇਲੇ ਉਚਾਰਣ ਕੀਤਾ ਜਾਂਦਾ ਹੈ। ਇਸ ਗ੍ਰੰਥ ਦੇ 40 ਅਧਿਆਇ ਹਨ। ਇਨ੍ਹਾਂ ਮੰਤਰਾਂ ਦਾ ਉਚਾਰਣ ਕਰਨ ਵਾਲੇ 'ਅਧਿਰਵਯੁ' ਅਖਵਾਉਂਦੇ ਹਨ।

(4) **ਅਥਰਵੇਦ :-** 'ਅਥਰਵ' ਤੋਂ ਭਾਵ ਹੈ ਉਹ ਜਾਦੂ ਜਿਸ ਤੋਂ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਇਸ ਵੇਦ ਵਿੱਚ ਰੋਗਾਂ ਤੋਂ ਬਚਣ ਲਈ ਦਵਾਈਆਂ ਅਤੇ ਜਾਦੂ ਦਾ ਵਰਣਨ ਕੀਤਾ ਗਿਆ ਹੈ। ਪੱਛਮੀ ਵਿਦਵਾਨਾਂ ਨੇ ਇਸ ਗ੍ਰੰਥ ਨੂੰ ਜਾਦੂ-ਟੂਣੇ ਦਾ ਭੰਡਾਰ ਦੱਸਿਆ ਹੈ, ਪਰ ਇਸ ਵਿੱਚ ਸਮਾਜ-ਸ਼ਾਸਤਰਾਂ ਦੇ ਸਿਧਾਂਤ ਦਾ ਵੀ ਵਰਣਨ ਹੈ।

(1) **ਬ੍ਰਾਹਮਣ ਗ੍ਰੰਥ :-** ਇਨ੍ਹਾਂ ਦੀ ਰਚਨਾ ਵੇਦਾਂ ਤੋਂ ਬਾਅਦ ਵਿੱਚ ਹੋਈ। ਇਹ ਵੇਦਾਂ ਦੇ ਪੂਰਕ ਭਾਗ ਹਨ। ਇਨ੍ਹਾਂ ਵਿੱਚ ਵੇਦ-ਮੰਤਰਾਂ ਦੀ ਵਿਆਖਿਆ ਕੀਤੀ ਗਈ ਹੈ। ਹਰ ਵੇਦ ਦੇ ਬ੍ਰਾਹਮਣ ਗ੍ਰੰਥ ਹਨ - ਰਿਗਵੇਦ - ਐਤਰੇਯ ਅਤੇ ਕੋਸੀਤਕੀ; ਸਾਮਵੇਦ - ਟਾਡਯਮਾ ਅਤੇ ਤੈਮੀਨਯ; ਯਜੁਰਵੇਦ - ਸਤਪਥ ਅਤੇ ਤੈਤਰੀਯ; ਅਥਰਵੇਦ - ਗੋਪਥ ਬ੍ਰਾਹਮਣ। ਇਨ੍ਹਾਂ ਗ੍ਰੰਥਾਂ ਵਿੱਚ ਸਾਨੂੰ ਉਸ ਸਮੇਂ ਦੀ ਆਰੀਆ ਸੰਸਕ੍ਰਿਤੀ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

(2) **ਆਰਣਯਕ :-** ਇਹ ਵੇਦਾਂ ਦਾ ਤੀਜਾ ਭਾਗ ਹੈ। ਇਸ ਗ੍ਰੰਥ ਨੂੰ ਬ੍ਰਾਹਮਣ ਗ੍ਰੰਥ ਦਾ ਪੂਰਕ ਭਾਗ ਮੰਨਿਆ ਜਾਂਦ ਹੈ। ਆਰਣਯਕ ਤੋਂ ਭਾਵ ਹੈ 'ਵਣ'। ਇਸ ਗ੍ਰੰਥ ਨੂੰ ਮਨੁੱਖ ਜੀਵਨ ਦੇ ਤੀਜੇ ਪੜਾਅ ਭਾਵ ਵਾਣਪ੍ਰਸਥ ਅਵਸਥਾ ਵਿੱਚ ਪੜ੍ਹਦਾ ਹੈ ਅਤੇ ਤਪ ਬਾਰੇ ਗਿਆਨ ਹਾਸਿਲ ਕਰਦਾ ਹੈ।

(3) **ਉਪਨਿਸ਼ਦ :-** ਇਹ ਵੇਦਾਂ ਦਾ ਚੌਥਾ ਭਾਗ ਹੈ ਜਿਸ ਵਿੱਚ ਅਧਿਆਤਮਕ ਵਿੱਦਿਆ ਸਬੰਧੀ ਪੁਸਤਕਾਂ ਲਿਖੀਆਂ ਗਈਆਂ ਹਨ। ਇਨ੍ਹਾਂ ਦੀ ਗਿਣਤੀ 108 ਹੈ ਪਰੰਤੂ 11 ਵਧੇਰੇ ਮਹੱਤਵਪੂਰਨ ਹਨ। ਜਿਵੇਂ - ਐਤਰੇਯ, ਤੈਤਰੇਯ, ਛੰਦੋਗਯ, ਕੇਨ ਆਦਿ। ਉਪਨਿਸ਼ਦਾਂ ਵਿੱਚ ਦਾਰਸ਼ਨਿਕ ਤੱਤ ਵੀ ਦਰਜ ਹੈ।

(4) **ਪੁਰਾਣ :-** ਇਹ ਹਿੰਦੂਆਂ ਦੇ ਪ੍ਰਾਚੀਨ ਗ੍ਰੰਥ ਹਨ। ਇਨ੍ਹਾਂ ਦੀ ਗਿਣਤੀ 18 ਹੈ। ਇਨ੍ਹਾਂ ਵਿੱਚ ਸੰਸਾਰਿਕ ਉਤਪਤੀ, ਪ੍ਰਾਚੀਨ ਵੰਸ਼ਾਂ ਦੇ ਇਤਿਹਾਸਕ ਬਿਰਤਾਂਤ ਆਦਿ ਹਨ। ਕਈ ਕਹਾਣੀਆਂ ਇਨ੍ਹਾਂ ਵਿੱਚ ਨਿਰਾਧਾਰ ਹਨ ਪਰੰਤੂ ਇਨ੍ਹਾਂ ਦਾ ਧਿਆਨ-ਪੂਰਵਕ ਅਧਿਐਨ ਕਰਨ ਨਾਲ ਸਾਨੂੰ ਪ੍ਰਾਚੀਨ ਇਤਿਹਾਸ ਸਬੰਧੀ ਕਾਫੀ ਸਮੱਗਰੀ ਮਿਲਦੀ ਹੈ।

(5) **ਮਹਾਂਕਾਵਿ :-** ਸੰਸਕ੍ਰਿਤ ਸਾਹਿਤ ਦੇ ਦੋ ਮਹਾਂਕਾਵਿ - ਰਮਾਇਣ ਅਤੇ ਮਹਾਂਭਾਰਤ ਵੀ ਆਰੀਆ ਸਭਿਅਤਾ ਤੇ ਰੋਸ਼ਨੀ ਪਾਉਂਦੇ ਹਨ। ਰਮਾਇਣ - ਇਸਦੀ ਰਚਨਾ 500 ਈ. ਪੂਰਵ ਤੋਂ ਪਹਿਲਾਂ ਹੋਈ। ਇਸ ਨੂੰ ਰਿਸ਼ੀ ਵਾਲਮੀਕ ਨੇ ਲਿਖਿਆ ਸੀ। ਇਸ ਵਿੱਚ ਕੁੱਲ 48,000 ਪੰਕਤੀਆਂ ਅਤੇ 24,000 ਸ਼ਲੋਕ ਹਨ। ਮਹਾਂਭਾਰਤ - ਇਸਦੀ ਰਚਨਾ 500 ਈ. ਪੂਰਵ ਅਤੇ 400 ਈ. ਪੂਰਵ ਦੇ ਦਰਮਿਆਨ ਹੋਈ। ਇਸ ਗ੍ਰੰਥ ਨੂੰ

ਰਿਸ਼ੀ ਵੇਦ ਵਿਆਸ ਨੇ ਲਿਖਿਆ ਸੀ। ਇਸ ਵਿੱਚ 1,00,000 ਤੋਂ ਵੱਧ ਸ਼ਲੋਕ ਹਨ ਅਤੇ ਇਸ ਨੂੰ 18 ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਇਹ ਸੰਸਾਰ ਦੀ ਸਭ ਤੋਂ ਵੱਡੀ ਕਵਿਤਾ ਮੰਨੀ ਜਾਂਦੀ ਹੈ। ਇਨ੍ਹਾਂ ਮਹਾਂਕਾਵਿ ਵਿੱਚ ਜਿਨ੍ਹਾਂ ਰਾਜਾਂ, ਨਗਰਾਂ ਅਤੇ ਪਾਤਰਾਂ ਦਾ ਵਰਣਨ ਹੈ, ਉਹ ਸਭ ਇਤਿਹਾਸਕ ਹਨ। ਇਨ੍ਹਾਂ ਦਾ ਧਿਆਨ-ਪੂਰਵਕ ਅਧਿਐਨ ਕਰਨ 'ਤੇ ਸਾਨੂੰ ਉਸ ਸਮੇਂ ਦੇ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਜੀਵਨ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਹੁੰਦੀ ਹੈ।

## 2. ਆਰਥਿਕ ਜੀਵਨ :

**ਖੇਤੀਬਾੜੀ :-** ਉੱਤਰ-ਵੈਦਿਕ ਕਾਲ ਵਿੱਚ ਖੇਤੀ ਆਰੀਆ ਜਾਤੀ ਦਾ ਮੁੱਖ ਧੰਦਾ ਸੀ। ਉਪਜਾਊ ਭੂਮੀ ਹੋਣ ਕਾਰਨ ਖੇਤੀ ਵੱਡੇ ਪੈਮਾਨੇ 'ਤੇ ਕੀਤੀ ਜਾਂਦੀ ਸੀ। ਖੇਤੀ ਲਈ ਵੱਡੇ ਹੱਲ ਦਾ ਪ੍ਰਯੋਗ ਕੀਤਾ ਜਾਂਦਾ ਸੀ, ਜਿਸ ਵਿੱਚ ਅੱਠ, ਬਾਰਾਂ, ਚੌਵੀ ਬਲਦ ਜੋਤੇ ਜਾਂਦੇ ਸਨ। ਭੂਮੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਖਾਦ ਦੀ ਵਰਤੋਂ ਕੀਤੀ ਜਾਂਦੀ ਸੀ। ਸਰਕਾਰ ਵੱਲੋਂ ਉਪਜ ਦਾ 1/6 ਤੋਂ 1/10 ਹਿੱਸਾ ਕਰ ਵਜੋਂ ਵਸੂਲ ਕੀਤਾ ਜਾਂਦਾ ਸੀ। ਉਸ ਸਮੇਂ ਦੀ ਮੁੱਖ ਪੈਦਾਵਾਰ - ਜੌਂ (ਯਾਵਾ), ਚਾਵਲ (ਵੀਹੀ), ਕਣਕ, ਸੇਮ, ਤਿਲ ਆਦਿ ਹੁੰਦੀ ਸੀ।

**ਹੋਰ ਧੰਦੇ :-** ਉੱਤਰ-ਵੈਦਿਕ ਸਭਿਅਤਾ ਦੇ ਵਿਕਾਸ ਤੇ ਵਿਸਥਾਰ ਨਾਲ ਲੋਕਾਂ ਦੀਆਂ ਲੋੜਾਂ ਵਿੱਚ ਵੀ ਵਾਧਾ ਹੋਇਆ, ਜਿਸ ਨਾਲ ਹੋਰ ਨਵੇਂ ਧੰਦੇ ਹੋਂਦ ਵਿੱਚ ਆਏ ਜਿਵੇਂ ਰਥਵਾਨ, ਸ਼ਿਕਾਰੀ, ਗਡਰੀਆ, ਮਾਛੀ, ਰਥਕਾਰ, ਧਾਤੂਕਾਰ, ਰਸੋਈਏ, ਸੰਗੀਤਕਾਰ, ਨਾਈ, ਜੋਤਸ਼ੀ, ਘੁਮਿਆਰ, ਰੰਗਸਾਜ਼, ਕਸਾਈ, ਤਰਖਾਣ, ਵੈਦ ਆਦਿ।

**ਧਾਤੂ :-** ਉੱਤਰ-ਵੈਦਿਕ ਕਾਲ ਵਿੱਚ ਕਈ ਪ੍ਰਕਾਰ ਦੀਆਂ ਨਵੀਆਂ ਧਾਤਾਂ ਬਾਰੇ ਆਰੀਆ ਜਾਤੀ ਨੂੰ ਗਿਆਨ ਪ੍ਰਾਪਤੀ ਹੋਈ। ਇਨ੍ਹਾਂ ਧਾਤਾਂ ਵਿੱਚ - ਸੋਨਾ (ਹਿਰਣਏ), ਚਾਂਦੀ (ਰਜਤ), ਤਾਂਬਾ, ਲੋਹਾ, ਕਾਲਾ ਅਯਾਸ, ਸ਼ੀਸ਼ਾ ਆਦਿ। ਸੋਨਾ ਅਤੇ ਚਾਂਦੀ ਦਾ ਗਹਿਣੇ ਤੇ ਬਰਤਨ ਬਣਾਉਣ ਵਿੱਚ ਪ੍ਰਯੋਗ ਹੁੰਦਾ ਸੀ। ਲੋਹੇ ਤੋਂ ਹਥਿਆਰ ਅਤੇ ਖੇਤੀ ਲਈ ਔਜ਼ਾਰ ਬਣਦੇ ਸਨ।

**ਕਰ :-** ਭੂਮੀ ਕਰ ਤੋਂ ਇਲਾਵਾ ਸਰਕਾਰ ਦੇ ਆਮਦਨ ਦੇ ਕਈ ਸਾਧਨ ਸਨ। ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਸਰਕਾਰ ਨੂੰ ਕਰ ਦੇਣੇ ਪੈਂਦੇ ਸਨ। ਸ਼ਿਲਪਕਾਰ ਮਹੀਨੇ ਵਿੱਚ ਇੱਕ ਦਿਨ ਰਾਜੇ ਲਈ ਕੰਮ ਕਰਦਾ ਸੀ। ਵਪਾਰਿਕ ਮਾਲ 'ਤੇ 1/20 ਵਿਕਰੀ ਕਰ, ਪਸ਼ੂ ਅਤੇ ਸੋਨੇ 'ਤੇ 1/5, ਫਲ, ਸਬਜ਼ੀਆਂ, ਸ਼ਹਿਦ, ਮੀਟ, ਲੱਕੜੀ ਤੇ 1/60 ਕਰ ਲਿਆ ਜਾਂਦਾ ਸੀ।

**ਵਪਾਰ :-** ਉਪਜ ਵਿੱਚ ਵਾਧਾ ਹੋਣ ਨਾਲ ਵਪਾਰ ਵਿੱਚ ਵੀ ਵਾਧਾ ਹੋਇਆ। ਵਪਾਰ ਦੇ ਵਿਕਾਸ ਨਾਲ ਵਪਾਰਿਕ ਸੰਘ ਕਾਇਮ ਕੀਤੇ ਗਏ, ਜਿਨ੍ਹਾਂ ਨੂੰ ਗਿਲਡ ਕਿਹਾ ਜਾਂਦਾ ਸੀ। 'ਗਿਲਡ' ਪ੍ਰਣਾਲੀ ਅਧੀਨ ਵਪਾਰੀਆਂ ਦੇ ਵਪਾਰਿਕ ਹਿੱਤਾਂ ਦੀ ਸੁਰੱਖਿਆ ਕੀਤੀ ਜਾਂਦੀ ਸੀ ਜਿਵੇਂ ਵਸਤੂ ਬਣਾਉਣ, ਕੰਮ ਕਰਨ ਦੇ ਘੰਟੇ, ਵਸਤੂ ਦੀ ਕੀਮਤ ਆਦਿ। ਉੱਤਰ-ਵੈਦਿਕ ਕਾਲ ਵਿੱਚ ਸਿੱਕਾ ਪ੍ਰਣਾਲੀ ਦਾ ਵਪਾਰ ਵਿੱਚ ਪ੍ਰਯੋਗ ਕੀਤਾ ਜਾਂਦਾ ਸੀ। ਸਤਮਾਨ, ਕ੍ਰਿਸ਼ਨਲ, ਰੁਪੀਆ, ਸਵਰਣ ਆਦਿ ਦੀ ਵਰਤੋਂ ਹੁੰਦੀ ਸੀ। ਸਤਮਾਨ = 100 ਕ੍ਰਿਸ਼ਨਲ। ਵਪਾਰ ਨੂੰ ਉਤਸ਼ਾਹਿਤ ਕਰਨ ਲਈ ਨਵੇਂ ਵਪਾਰਿਕ ਕੇਂਦਰ ਹੋਂਦ ਵਿੱਚ ਆਏ, ਜਿਵੇਂ - ਕੋਸਾਂਬੀ, ਕਾਸ਼ੀ, ਹਸਤਨਾਪੁਰ, ਮਥੁਰਾ, ਵਿਦੇਹ ਆਦਿ। ਮਾਲ ਦੀ ਢੋਆ-ਢੁਆਈ ਲਈ ਗੱਡੇ, ਬੈਲ-ਗੱਡੀ ਤੋਂ ਇਲਾਵਾ ਜਲ ਮਾਰਗ ਵਪਾਰ ਲਈ ਕਿਸ਼ਤੀਆਂ ਦੀ ਵਰਤੋਂ ਕੀਤੀ ਜਾਂਦੀ ਸੀ।

## ਅਭਿਆਸ ਲਈ ਪ੍ਰਸ਼ਨ

1. ਉੱਤਰ-ਵੈਦਿਕ ਕਾਲ ਵਿੱਚ ਆਰੀਆ ਜਾਤੀ ਦੇ ਆਰਥਿਕ ਜੀਵਨ ਬਾਰੇ ਕੀ ਜਾਣਦੇ ਹੋ?

2. ਭੂਮੀ ਕਰ ਤੋਂ ਇਲਾਵਾ ਸਰਕਾਰ ਦੇ ਆਮਦਨ ਦੇ ਸਾਧਨ ਕੀ ਸਨ?
3. ਗਿਲਡ ਪ੍ਰਣਾਲੀ ਤੋਂ ਕੀ ਭਾਵ ਹੈ?
4. ਉੱਤਰ-ਵੈਦਿਕ ਕਾਲ ਵਿੱਚ ਲੋਕਾਂ ਦੇ ਵੱਖ-ਵੱਖ ਧੰਦੇ ਦੱਸੋ?
5. ਉੱਤਰ-ਵੈਦਿਕ ਕਾਲ ਵਿੱਚ ਆਰੀਆ ਲੋਕਾਂ ਦੀ ਮੁੱਖ ਪੈਦਾਵਾਰ ਕੀ ਸੀ?

**(3) ਰਾਜਨੀਤਕ ਜੀਵਨ :**

**ਨਵੇਂ ਰਾਜਾਂ ਦਾ ਉਥਾਨ :-** ਉੱਤਰ-ਵੈਦਿਕ ਕਾਲ ਵਿੱਚ ਕਈ ਕਬੀਲੇ ਇੱਕ ਦੂਜੇ ਵਿੱਚ ਸ਼ਾਮਿਲ ਹੋ ਗਏ ਅਤੇ ਨਵੇਂ ਕਬੀਲੇ ਹੋਂਦ ਵਿੱਚ ਆਏ, ਜਿਵੇਂ - ਰਿਗਵੈਦਿਕ ਕਾਲ ਦੇ ਦੋ ਪ੍ਰਮੁੱਖ ਕਬੀਲੇ ਭਰਤ ਅਤੇ ਪੁਰੂ ਦੇ ਇੱਕ ਹੋ ਜਾਣ ਨਾਲ ਕੁਰੂ ਰਾਜ ਹੋਂਦ ਵਿੱਚ ਆਇਆ। ਇਸ ਕਾਲ ਵਿੱਚ ਕਬੀਲਿਆਂ ਦੀ ਥਾਂ ਸ਼ਕਤੀਸ਼ਾਲੀ ਰਾਜ ਸਥਾਪਿਤ ਹੋ ਗਏ ਜੋ ਕਿ ਗੰਗਾ-ਯਮੁਨਾ ਦੁਆਬ ਅਤੇ ਉਸਦੇ ਆਸ-ਪਾਸ ਦੇ ਖੇਤਰਾਂ ਵਿੱਚ ਸਥਿਤ ਸਨ ਜਿਨ੍ਹਾਂ ਵਿੱਚ ਪੰਚਾਲ, ਵਿਦੇਹ, ਕੋਸ਼ਲ, ਕੁਰੂ, ਗੰਧਾਰ, ਕਾਸ਼ੀ ਆਦਿ ਪ੍ਰਸਿੱਧ ਸਨ।

**ਰਾਜਾ :-** ਵਿਸ਼ਾਲ ਰਾਜਾਂ ਦੀ ਸਥਾਪਨਾ ਉਪਰੰਤ ਰਾਜਾ (ਜੋ ਕਸ਼ਤਰੀ ਹੁੰਦਾ ਸੀ) ਦੀ ਸ਼ਕਤੀ ਵਿੱਚ ਵੀ ਵਾਧਾ ਹੋ ਗਿਆ। ਰਾਜੇ ਨਵੇਂ ਖਿਤਾਬ ਧਾਰਨ ਕਰਨ ਲੱਗੇ ਜਿਵੇਂ - ਅਧਿਰਾਜ, ਰਾਜਧਿਰਾਜ, ਸਮਰਾਟ, ਵਿਰਾਟ, ਏਕਰਾਟ ਆਦਿ। ਉੱਤਰ-ਵੈਦਿਕ ਕਾਲ ਵਿੱਚ ਰਾਜਗੱਦੀ ਜੱਦੀ ਹੋ ਗਈ ਸੀ। ਰਾਜੇ ਦੇ ਮੁੱਖ ਕੰਮ - ਰਾਜ ਦੀ ਸੁਰੱਖਿਆ, ਰਾਜ ਵਿੱਚ ਸ਼ਾਂਤੀ ਸਥਾਪਿਤ ਰੱਖਣਾ, ਨਿਰਪੱਖ ਨਿਆਂ ਕਰਨਾ, ਕਾਨੂੰਨ ਬਣਾਉਣਾ ਆਦਿ ਸਨ।

**ਹੋਰ ਅਧਿਕਾਰੀ :-** ਸਾਮਰਾਜ ਦੀ ਵਿਸ਼ਾਲਤਾ ਕਾਰਨ, ਰਾਜ ਪ੍ਰਬੰਧ ਨੂੰ ਕੁਸ਼ਲਤਾਪੂਰਵਕ ਚਲਾਉਣ ਲਈ ਰਾਜੇ ਦੀ ਸਹਾਇਤਾ ਲਈ ਨਵੇਂ ਅਧਿਕਾਰੀ ਹੋਂਦ ਵਿੱਚ ਆਏ। ਪੁਰੋਹਿਤ, ਮਹੀਸੀ (ਪਟਰਾਣੀ), ਸੂਤਾ (ਰਥਵਾਨ), ਸੈਨਾਨੀ (ਸੈਨਾਪਤੀ), ਗ੍ਰਾਮੀਣੀ (ਗ੍ਰਾਮ ਦਾ ਮੁਖੀ), ਭਾਗਦੁਹ (ਕਰ ਇਕੱਠਾ ਕਰਨ ਵਾਲਾ), ਕਸ਼ਤਰੀ (ਘਰੇਲੂ ਕੰਮਾਂ ਦਾ ਅਧਿਐਨ ਕਰਨ ਵਾਲਾ), ਸਮਗ੍ਰਿਹਤਰੀ (ਖਜ਼ਾਨਚੀ), ਅਕਸ਼ਵਾਪ (ਜੂਆ ਆਦਿ ’ਤੇ ਨਿਗਰਾਨੀ ਰੱਖਣ ਵਾਲਾ) ਆਦਿ।

**ਸਭਾ ਅਤੇ ਸਮਿਤੀ :-** ਉੱਤਰ-ਵੈਦਿਕ ਕਾਲ ਵਿੱਚ ਸਭਾ ਤੇ ਸਮਿਤੀ ਨਾਮਕ ਦੋ ਸੰਸਥਾਵਾਂ ਦਾ ਮਹੱਤਵ ਘਟ ਗਿਆ ਸੀ। ਵਿਸ਼ਾਲ ਰਾਜ ਸਥਾਪਿਤ ਹੋ ਜਾਣ ਕਾਰਨ ਸਮਿਤੀ ਦੇ ਸਾਰੇ ਮੈਂਬਰਾਂ ਦਾ ਇਕੱਠੇ ਹੋਕੇ ਬੈਠਕ ਕਰਨਾ ਕਠਿਨ ਹੋ ਗਿਆ ਸੀ, ਪਰੰਤੂ ਸਭਾ ਅਜੇ ਵੀ ਸਮਿਤੀ ਨਾਲੋਂ ਵਧੇਰੇ ਮਹੱਤਵ ਰੱਖਦੀ ਸੀ ਅਤੇ ਸਮੇਂ-ਸਮੇਂ ’ਤੇ ਮਹੱਤਵਪੂਰਨ ਮਾਮਲਿਆਂ ’ਤੇ ਰਾਜੇ ਨੂੰ ਸਲਾਹ ਦਿੰਦੀ ਸੀ।

**ਨਿਆਂ ਪ੍ਰਬੰਧ :-** ਇਸ ਸਮੇਂ ਤੱਕ ਨਿਸ਼ਚਿਤ ਨਿਆਂ-ਵਿਵਸਥਾ ਸਥਾਪਿਤ ਹੋ ਗਈ ਸੀ। ਨਿਆਂ ਦਾ ਆਧਾਰ ਵੇਦ, ਵੇਦਾਂਗ, ਪੁਰਾਣ, ਧਰਮਸ਼ਾਸਤਰ ਆਦਿ ਨੂੰ ਮੰਨਿਆ ਜਾਂਦਾ ਸੀ। ਰਾਜਾ ਸਾਰੇ ਰਾਜ ਦਾ ਮੁੱਖ ਨਿਆਂਧੀਸ਼ ਹੁੰਦਾ ਸੀ। ਕਈ ਮਾਮਲਿਆਂ ’ਤੇ ਪੁਰੋਹਿਤ ਦੀ ਵੀ ਸਲਾਹ ਲਈ ਜਾਂਦੀ ਸੀ। ਛੋਟੇ ਅਪਰਾਧਾਂ ਲਈ ਅਪਰਾਧੀ ਨੂੰ ਮਾਲ ਵਾਪਿਸ ਕਰਨ ਤੇ ਖੰਭੇ ਨਾਲ ਬੰਨ੍ਹਿਆ ਜਾਂਦਾ ਸੀ। ਆਰਡੀਲ ਪ੍ਰਥਾ ਰਾਹੀਂ ਅਪਰਾਧੀ ਦੀ ਪ੍ਰੀਖਿਆ ਲਈ ਜਾਂਦੀ ਸੀ। ਇਸ ਪ੍ਰਥਾ ਵਿੱਚ ਅੱਗ ਅਤੇ ਪਾਣੀ ਦਾ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਜੇ ਅਪਰਾਧੀ ਪ੍ਰੀਖਿਆ ਨੂੰ ਸਫ਼ਲਤਾ-ਪੂਰਵਕ ਪਾਸ ਕਰ ਜਾਂਦਾ ਸੀ ਤਾਂ ਉਸ ਨੂੰ ਰਿਹਾਅ ਕਰ ਦਿੱਤਾ ਜਾਂਦਾ ਸੀ ਪਰੰਤੂ ਵੱਡੇ ਅਪਰਾਧਾਂ ਲਈ ਮੌਤ ਤੱਕ ਦੀ ਸਜ਼ਾ ਦਿੱਤੀ ਜਾਂਦੀ ਸੀ।

**ਸਥਾਨਿਕ ਪ੍ਰਬੰਧ :-** ਉੱਤਰ-ਵੈਦਿਕ ਕਾਲ ਵਿੱਚ ਨਵੇਂ ਹੋਂਦ ਵਿੱਚ ਆਏ ਰਾਜਾਂ ਵਿੱਚੋਂ ਕੁਝ ਗਣਰਾਜ ਸਨ ਅਤੇ ਕੁਝ ਵਿੱਚ ਰਾਜਤੰਤਰ ਦੀ ਸਥਾਪਨਾ ਕੀਤੀ ਗਈ। ਗਣਰਾਜ ਰਾਜਾਂ ਵਿੱਚ ਸਭ ਤੋਂ ਪ੍ਰਸਿੱਧ ‘ਵੰਗ’ ਸੀ

ਜੋ ਕਈ ਕਬੀਲਿਆਂ ਦਾ ਸਮੂਹ ਸੀ ਅਤੇ 'ਗਣ' ਦੇ ਸ਼ਾਸਨ ਪ੍ਰਬੰਧ ਲਈ ਕਈ ਮੈਂਬਰਾਂ ਦੀ ਕੌਂਸਿਲ ਹੁੰਦੀ ਸੀ ਜੋ ਉਸ ਰਾਜ ਨੂੰ ਕੁਸ਼ਲਤਾਪੂਰਵਕ ਚਲਾਉਂਦੀ ਸੀ। ਰਾਜਤੰਤਰ ਰਾਜਾਂ ਵਿੱਚ ਰਾਜਾ ਮੁਖੀ ਹੁੰਦਾ ਸੀ। ਕਿਸੇ ਵੀ ਰਾਜ ਦੀ ਸਭ ਤੋਂ ਛੋਟੀ ਇਕਾਈ ਗ੍ਰਾਮ ਹੁੰਦੀ ਸੀ। ਗ੍ਰਾਮ ਦਾ ਨਿਆਂ ਪ੍ਰਬੰਧ ਗ੍ਰਾਮਣੀ ਦੇ ਹੱਥਾਂ ਵਿੱਚ ਹੁੰਦਾ ਸੀ ਅਤੇ ਰਾਜਾ ਕੋਈ ਵੀ ਦਖ਼ਲ-ਅੰਦਾਜ਼ੀ ਨਹੀਂ ਸੀ ਕਰਦਾ। ਦਸ ਪਿੰਡਾਂ ਦੇ ਸਮੂਹ ਦੇ ਮੁਖੀ ਨੂੰ ਦਸਗ੍ਰਾਮੀ, 20 ਪਿੰਡਾਂ ਦੇ ਸਮੂਹ ਦਾ ਮੁਖੀ - ਵਿਸਸਤੀਪਾ, ਸੌ ਪਿੰਡਾਂ ਦੇ ਸਮੂਹ ਦਾ ਮੁਖੀ - ਸ਼ਤਗ੍ਰਾਮੀ ਅਤੇ ਹਜ਼ਾਰ ਪਿੰਡਾਂ ਦੇ ਸਮੂਹ ਦਾ ਮੁਖੀ - ਅਦਪਿੱਤੀ ਹੁੰਦਾ ਸੀ। ਇਨ੍ਹਾਂ ਦਾ ਮੁੱਖ ਕੰਮ - ਕਰ ਇਕੱਠਾ ਕਰਨਾ, ਸ਼ਾਂਤੀ ਸਥਾਪਿਤ ਕਰਨ ਅਤੇ ਰਾਜੇ ਦੇ ਹੁਕਮਾਂ ਨੂੰ ਲਾਗੂ ਕਰਨਾ ਹੁੰਦਾ ਸੀ। ਗ੍ਰਾਮ ਤੋਂ ਬਾਅਦ ਰਾਜ ਪ੍ਰਬੰਧ ਦੀ ਅਗਲੀ ਇਕਾਈ ਵਿਸ਼ਯ ਸੀ ਜੋ ਕਿ ਕਈ ਗ੍ਰਾਮਾਂ ਦੇ ਸਮੂਹ ਨੂੰ ਆਖਦੇ ਸਨ। ਕਈ ਵਿਸ਼ਯ ਦੇ ਸਮੂਹ ਤੋਂ ਜਣਪਦ ਬਣਦਾ ਸੀ ਜੋ ਕਿ ਰਾਸ਼ਟਰ ਦੇ ਅਧੀਨ ਹੁੰਦਾ ਸੀ।

ਰਾਸ਼ਟਰ → ਦੇਸ਼ਾ ਜਾਂ ਜਨਪਦ → ਵਿਸ਼ਯ → ਨਗਰ → ਗ੍ਰਾਮ

## ਅਭਿਆਸ ਲਈ ਪ੍ਰਸ਼ਨ :-

1. ਉੱਤਰ-ਵੈਦਿਕ ਕਾਲ ਦੇ ਕੋਈ ਚਾਰ ਪ੍ਰਸਿੱਧ ਰਾਜਾਂ ਦੇ ਨਾਂ ਲਿਖੋ।
2. ਸਭਾ ਅਤੇ ਸਮਿਤੀ ਦੀ ਮਹੱਤਤਾ ਬਾਰੇ ਦੱਸੋ।
3. ਰਾਜੇ ਦੇ ਮੁੱਖ ਕਰਤੱਵ ਕੀ ਸਨ?
4. ਉੱਤਰ-ਵੈਦਿਕ ਕਾਲ ਦੇ ਸਥਾਨਿਕ ਪ੍ਰਬੰਧ ਬਾਰੇ ਕੀ ਜਾਣਦੇ ਹੋ?
5. ਆਰਡੀਲ ਪ੍ਰਥਾ ਤੋਂ ਕੀ ਭਾਵ ਹੈ?
6. ਸਹੀ (✓) ਜਾਂ (✗) ਗਲਤ ਦੀ ਨਿਸ਼ਾਨੀ ਲਗਾਓ :-
   (ੳ) ਉੱਤਰ-ਵੈਦਿਕ ਕਾਲ ਵਿੱਚ ਬ੍ਰਾਹਮਣਾਂ ਦਾ ਮਹੱਤਵ ਵੱਧ ਗਿਆ ਸੀ।
   (ਅ) ਸਭਾ ਸਮਿਤੀ ਨਾਲੋਂ ਵਧੇਰੇ ਮਹੱਤਵਪੂਰਨ ਸੀ।
   (ੲ) ਰਮਾਇਣ ਅਤੇ ਮਹਾਂਭਾਰਤ ਦੀ ਰਿਗਵੈਦਿਕ ਕਾਲ ਵਿੱਚ ਰਚਨਾ ਹੋਈ।
   (ਸ) ਰਾਜਾ ਮੁੱਖ ਨਿਆਂਧੀਸ਼ ਹੁੰਦਾ ਸੀ।

## 3. ਸਮਾਜ :

**ਰਹਿਣ-ਸਹਿਣ :-** ਰਿਗਵੈਦਿਕ ਆਰੀਆ ਦੇ ਕਬੀਲੇ ਹੌਲੀ-ਹੌਲੀ ਪੂਰਬ ਵੱਲ ਵਧੇ ਅਤੇ ਲਗਭਗ 800 ਈ. ਪੂਰਵ ਵਿੱਚ ਲੋਹੇ ਦੇ ਆਵਿਸ਼ਕਾਰ ਨਾਲ ਉਨ੍ਹਾਂ ਗੰਗਾ-ਯਮੁਨਾ ਦੁਆਬ ਦੇ ਜੰਗਲਾਂ ਨੂੰ ਸਾਫ਼ ਕਰ ਸ਼ਹਿਰਾਂ ਦੀ ਉਸਾਰੀ ਕੀਤੀ, ਜਿਨ੍ਹਾਂ ਵਿੱਚੋਂ ਪ੍ਰਮੁੱਖ - ਕਾਸ਼ੀ, ਕੋਸਾਬੀ, ਮਗਧ, ਵਿਦੇਹ ਆਦਿ ਸਨ। ਇਸ ਤਰ੍ਹਾਂ ਉੱਤਰ-ਵੈਦਿਕ ਕਾਲ ਵਿੱਚ ਲੋਕ ਸ਼ਹਿਰਾਂ ਵਿੱਚ ਵਸਣ ਲੱਗੇ।

**ਖਾਣਾ ਅਤੇ ਪੋਸ਼ਾਕ :-** ਉੱਤਰ-ਵੈਦਿਕ ਕਾਲ ਵਿੱਚ ਆਰੀਆ ਲੋਕਾਂ ਦਾ ਆਹਾਰ ਅਤੇ ਪਹਿਰਾਵਾ ਰਿਗਵੈਦਿਕ ਕਾਲ ਨਾਲ ਹੀ ਮਿਲਦਾ ਸੀ। ਉਹ ਕਣਕ ਦੀ ਰੋਟੀ, ਦੁੱਧ, ਦਹੀਂ, ਸਬਜ਼ੀਆਂ, ਫਲ ਦਾ ਸੇਵਨ ਕਰਦੇ ਸਨ ਪਰੰਤੂ ਸੋਮਰਸ ਦੀ ਥਾਂ ਉਹ ਮਾਸਰ, ਪੂਰਤੀਕਾ, ਅਰਜ਼ਨਾਨੀ ਆਦਿ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰਨ ਲੱਗ ਪਏ। ਇਸੇ ਤਰ੍ਹਾਂ ਪੋਸ਼ਾਕ ਵੀ ਵੈਦਿਕ ਕਾਲ ਵਰਗੀ ਹੀ ਸੀ। ਆਰੀਆ ਜਾਤੀ ਦੇ ਲੋਕ ਸੂਤੀ, ਰੇਸ਼ਮੀ ਅਤੇ ਊਨੀ ਕੱਪੜੇ ਪਾਉਂਦੇ ਸਨ।

**ਇਸਤਰੀ ਦੀ ਦਸ਼ਾ :-** ਧਰਮ ਸ਼ਾਸਤਰਾਂ ਤੋਂ ਸਾਨੂੰ ਇਸ ਬਾਰੇ ਜਾਣਕਾਰੀ ਮਿਲਦੀ ਹੈ ਕਿ ਉੱਤਰ-ਵੈਦਿਕ

ਕਾਲ ਵਿੱਚ ਇਸਤਰੀ ਦੀ ਦਸ਼ਾ (ਸਥਿਤੀ) ਵਿੱਚ ਗਿਰਾਵਟ ਆ ਗਈ ਸੀ। ਲੜਕੀ ਦੇ ਜਨਮ ਨੂੰ ਮਾੜਾ ਸਮਝਿਆ ਜਾਂਦਾ ਸੀ। ਉਸ ਨੂੰ ਪਿਤਰੀ ਜਾਇਦਾਦ ਦੇ ਹੱਕ ਤੋਂ ਵੀ ਵੰਚਿਤ ਕੀਤਾ ਗਿਆ। ਬਾਲ-ਵਿਆਹ ਅਤੇ ਬਹੁ-ਵਿਆਹ ਦੀ ਪ੍ਰਥਾ ਪ੍ਰਚੱਲਤ ਸੀ। ਰਾਜੇ ਅਤੇ ਅਮੀਰ ਲੋਕ ਹੀ ਇੱਕ ਤੋਂ ਵੱਧ ਵਿਆਹ ਕਰਦੇ ਸਨ। ਮੰਨੂ ਲਿਖਦਾ ਹੈ ਕਿ ਲੜਕੀ ਨੂੰ ਵਿਆਹ ਤੋਂ ਪਹਿਲਾਂ ਆਪਣੇ ਮਾਤਾ-ਪਿਤਾ ਦੀ, ਵਿਆਹ ਤੋਂ ਬਾਅਦ ਪਤੀ ਅਤੇ ਬੁਢਾਪੇ ਵਿੱਚ ਪੁੱਤਰਾਂ ਦੀ ਆਗਿਆ ਮੰਨਣੀ ਚਾਹੀਦੀ ਹੈ। ਉਹ ਪਤਨੀ ਜੋ ਬੱਚੇ ਪੈਦਾ ਨਹੀਂ ਕਰ ਸਕਦੀ, ਜੋ ਕੇਵਲ ਲੜਕੀਆਂ ਪੈਦਾ ਕਰੇ ਜਾਂ ਬੇਵਫ਼ਾ (ਕਿਰਤਘਣਤਾ) ਹੋਵੇ, ਉਸ ਨੂੰ ਛੱਡ ਦੇਣਾ ਚਾਹੀਦਾ ਹੈ। ਵੇਦਾਂ ਵਿੱਚ ਪ੍ਰਾਪਤ ਸਲੋਕਾਂ ਤੋਂ ਪਤਾ ਚਲਦਾ ਹੈ ਕਿ ਉੱਚ ਜਾਤੀ ਦੀਆਂ ਇਸਤਰੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ। ਉੱਤਰ-ਵੈਦਿਕ ਕਾਲ ਵਿੱਚ ਗਾਰਗੀ, ਵਕਾਕਨਵੀ ਅਤੇ ਮੈਤਰਾਈ ਦੇ ਸਲੋਕ ਵੇਦਾਂ ਵਿੱਚ ਦਰਜ ਹਨ।

**ਜਾਤੀ ਪ੍ਰਥਾ :-** ਰਿਗਵੈਦਿਕ ਕਾਲ ਵਿੱਚ ਕੇਵਲ ਵਰਣ (ਰੰਗ) ਦੇ ਆਧਾਰ ’ਤੇ ਵੰਡ ਸੀ ਪਰੰਤੂ ਉੱਤਰ-ਵੈਦਿਕ ਕਾਲ ਵਿੱਚ ਪ੍ਰਤੱਖ ਰੂਪ ਵਿੱਚ ਜਾਤੀ ਪ੍ਰਥਾ ਹੋਂਦ ਵਿੱਚ ਆ ਗਈ। ਸਮਾਜ ਚਾਰ ਮੁੱਖ ਜਾਤਾਂ ਵਿੱਚ ਵੰਡਿਆ ਗਿਆ ਸੀ।

**ਬ੍ਰਾਹਮਣ :-** ਜੋ ਸਿੱਖਿਆ ਅਤੇ ਧਰਮ ਸਬੰਧੀ ਕਾਰਜ ਕਰਦੇ ਸਨ। ਕਸ਼ਤਰੀ ਜੋ ਯੁੱਧ ਕਲਾ ਵਿੱਚ ਮਾਹਿਰ ਅਤੇ ਲੋਕਾਂ ਦੀ ਰੱਖਿਆ ਕਰਦੇ ਸਨ। ਜ਼ਿਆਦਾਤਰ ਰਾਜੇ ਕਸ਼ਤਰੀ ਵੰਸ਼ ਨਾਲ ਹੀ ਸੰਬੰਧਿਤ ਹੁੰਦੇ ਸਨ।

**ਵੈਸ਼ :-** ਉਹ ਲੋਕ ਜੋ ਖੇਤੀਬਾੜੀ ਅਤੇ ਵਪਾਰ ਕਰਦੇ ਸਨ ਅਤੇ ਸ਼ੂਦਰ ਜੋ ਦਾਸ ਹੁੰਦੇ ਸਨ।

**ਜੀਵਨ ਦੇ ਪੜਾਅ :-** ਧਰਮ ਸ਼ਾਸਤਰਾਂ ਵਿੱਚ ਮਨੁੱਖੀ ਜੀਵਨ ਨੂੰ ਚਾਰ ਮੁੱਖ ਪੜਾਵਾਂ ਵਿੱਚ ਵੰਡਿਆ ਗਿਆ, ਜੋ ਹੇਠ ਲਿਖੇ ਹਨ :-

**(ੳ) ਬ੍ਰਹਮਚਾਰੀਆ ਆਸ਼ਰਮ :-** ਜਿਸ ਵਿੱਚ ਬਾਲਕ ਆਪਣੇ ਗੁਰੂ ਜਾਂ ਆਚਾਰੀਆ ਕੋਲ ਕਰੜੇ ਅਨੁਸ਼ਾਸਨ ਵਿੱਚ ਰਹਿਕੇ ਗਿਆਨ ਪ੍ਰਾਪਤੀ ਅਤੇ ਸੇਵਾ ਕਰਦਾ ਸੀ।

**(ਅ) ਗ੍ਰਹਿਸਤ ਆਸ਼ਰਮ :-** ਸਿੱਖਿਆ ਪ੍ਰਾਪਤੀ ਉਪਰੰਤ ਬ੍ਰਹਮਚਾਰੀ ਗ੍ਰਹਿਸਤ ਆਸ਼ਰਮ ਵਿੱਚ ਪ੍ਰਵੇ ਸ਼ ਕਰਦਾ ਸੀ, ਜਿਸ ਵਿੱਚ ਉਹ ਵਿਆਹ, ਸੰਤਾਨ ਪੈਦਾ ਕਰਨਾ, ਧੰਨ ਕਮਾਉਣਾ, ਧਾਰਮਿਕ ਸਾਹਿਤ ਦਾ ਪਾਠ ਅਤੇ ਹੋਰ ਜ਼ਿੰਮੇਵਾਰੀਆਂ ਪੂਰੀਆਂ ਕਰਦਾ ਸੀ।

**(ੲ) ਬਾਣਪ੍ਰਸਥ ਆਸ਼ਰਮ :-** ਇਸ ਆਸ਼ਰਮ ਵਿੱਚ ਮਨੁੱਖ ਘਰ ਦੇ ਸੁੱਖ ਆਰਾਮ ਛੱਡ ਦੂਰ ਜੰਗਲਾਂ ਵਿੱਚ ਮਨ ਨਾਲ ਧਿਆਨ ਲਾਉਣ ਅਤੇ ਅਧਿਆਤਮ ਸਿੱਖਿਆ ਪ੍ਰਾਪਤ ਕਰਦਾ ਸੀ। ਉਹ ਸਾਦਾ ਭੋਜਨ ਅਤੇ ਦਾਨ ਉਤੇ ਨਿਰਭਰ ਕਰਦਾ ਸੀ।

**(ਸ) ਸੰਨਿਆਸ ਆਸ਼ਰਮ :-** ਮੁਕਤੀ ਦੇ ਉਦੇਸ਼ ਨਾਲ ਮਨੁੱਖ ਸਭ ਕੁਝ ਤਿਆਗ ਕੇ ਵਣਾਂ ਵਿੱਚ ਤਪ ਕਰਦਾ ਸੀ। ਭੋਜਨ ਦੀ ਪ੍ਰਾਪਤੀ ਉਹ ਮੰਗ ਕੇ ਕਰਦਾ ਸੀ ਜਾਂ ਫਿਰ ਫਲ ਤੇ ਪਾਣੀ ਨਾਲ ਹੀ ਗੁਜ਼ਾਰਾ ਕਰਦਾ ਸੀ।

**ਰੀਤੀ-ਰਿਵਾਜ਼ਾਂ ਵਿੱਚ ਵਾਧਾ :-** ਉੱਤਰ-ਵੈਦਿਕ ਕਾਲ ਵਿੱਚ ਨਵੇਂ ਰੀਤੀ-ਰਿਵਾਜ਼ਾਂ ਦਾ ਜਨਮ ਹੋਇਆ ਜਿਨ੍ਹਾਂ ਨੇਲੋਕਾਂ ਦੇ ਜੀਵਨ ਨੂੰ ਹੋਰ ਪੇਚੀਦਾ ਬਣਾ ਦਿੱਤਾ। ਗ੍ਰਹਿ ਸੂਤਰ ਵਿੱਚ ਜਨਮ ਤੋਂ ਲੈਕੇ ਮੌਤ ਤੱਕ ਸਾਰੀਆਂ ਰਸਮਾਂ ਦਾ ਵਿਸਥਾਰ-ਪੂਰਵਕ ਵਰਣਨ ਹੈ। ਇਨ੍ਹਾਂ ਰਸਮਾਂ ਨੂੰ ਬ੍ਰਾਹਮਣਾਂ ਦੁਆਰਾ ਹੀ ਕੀਤਾ ਜਾਂਦਾ ਸੀ।

**ਮਨ-ਪਰਚਾਵੇ :-** ਰਿਗਵੈਦਿਕ ਕਾਲ ਵਾਂਗ ਹੀ ਉੱਤਰ-ਵੈਦਿਕ ਕਾਲ ਵਿੱਚ ਆਰੀਆ ਲੋਕ ਰਥਾਂ ਦੀਆਂ ਦੌੜਾਂ, ਨਾਚ ਤੇ ਸੰਗੀਤ, ਜੂਆ, ਚੌਪੜ ਆਦਿ ਨਾਲ ਆਪਣਾ ਮਨੋਰੰਜਨ ਕਰਦੇ ਸਨ।

## ਅਭਿਆਸ ਲਈ ਪ੍ਰਸ਼ਨ

1. ਉੱਤਰ-ਵੈਦਿਕ ਕਾਲ ਵਿੱਚ ਇਸਤਰੀ ਦੀ ਸਥਿਤੀ ਵਿੱਚ ਆਏ ਪਰਿਵਰਤਨ ਬਾਰੇ ਨੋਟ ਲਿਖੋ।
2. ਸਹੀ (✓) ਜਾਂ (✗) ਗਲਤ ਦੀ ਨਿਸ਼ਾਨੀ ਲਗਾਓ :-

(ੳ) ਉੱਤਰ-ਵੈਦਿਕ ਕਾਲ ਵਿੱਚ ਇਸਤਰੀਆਂ ਦੀ ਦਸ਼ਾ ਬਹੁਤ ਚੰਗੀ ਸੀ।

(ਅ) ਉੱਤਰ-ਵੈਦਿਕ ਕਾਲ ਵਿੱਚ ਸਮਾਜ ਦੀ ਸਪੱਸ਼ਟ ਰੂਪ ਵਿੱਚ ਚਾਰ ਜਾਤਾਂ ਵਿੱਚ ਵੰਡ ਹੋ ਚੁੱਕੀ ਸੀ।

(ੲ) ਉੱਤਰ-ਵੈਦਿਕ ਕਾਲ ਵਿੱਚ ਮਨੁੱਖ ਦੇ ਜੀਵਨ ਨੂੰ ਪੰਜ ਮੁੱਖ ਆਸ਼ਰਮਾਂ ਵਿੱਚ ਵੰਡਿਆ ਗਿਆ ਸੀ।

(ਸ) ਉੱਤਰ-ਵੈਦਿਕ ਕਲ ਵਿੱਚ ਆਰੀਆ ਲੋਕ ਅੰਧ-ਵਿਸ਼ਵਾਸੀ ਸਨ।

## ਅਭਿਆਸ ਲਈ ਪ੍ਰਸ਼ਨ

ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :-

1. ਉੱਤਰ-ਵੈਦਿਕ ਕਾਲ ਵਿੱਚ ਵਪਾਰਿਕ ਮਾਧਿਅਮ ਕੀ ਸੀ?
2. ਖੇਤੀ ਤੋਂ ਇਲਾਵਾ ਕੋਈ ਚਾਰ ਧੰਦਿਆਂ ਦੇ ਨਾਂ ਲਿਖੋ।
3. ਉੱਤਰ-ਵੈਦਿਕ ਕਾਲ ਵਿੱਚ ਆਰੀਆ ਲੋਕ ਕਿਹੜੀਆਂ ਧਾਤੂਆਂ ਤੋਂ ਜਾਣੂ ਸਨ?
4. ਉੱਤਰ-ਵੈਦਿਕ ਕਾਲ ਦੇ ਪ੍ਰਸਿੱਧ ਨਗਰਾਂ ਦੇ ਨਾਂ ਦੱਸੋ।

### (5) ਧਾਰਮਿਕ ਜੀਵਨ :

**ਨਵੇਂ ਦੇਵਤੇ** :- ਰਿਗਵੈਦਿਕ ਕਾਲ ਵਾਂਗ ਆਰੀਆ ਜਾਤੀ ਕੁਦਰਤ ਦੀ ਪੂਜਾ ਨਹੀਂ ਕਰਦੇ ਸਨ। ਉੱਤਰ-ਵੈਦਿਕ ਕਾਲ ਵਿੱਚ ਤਿੰਨ ਦੇਵਤੇ ਪ੍ਰਸਿੱਧ ਹੋਏ। ਬ੍ਰਹਮਾ - ਰਿਗਵੈਦਿਕ ਕਾਲ ਦਾ ਅਪ੍ਰਸਿੱਧ ਦੇਵਤਾ ਸੀ ਜੋ ਹੁਣ ਬ੍ਰਹਮਾ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸ਼ਿਵ - ਰੁਦਰ ਵੈਦਿਕ ਕਾਲ ਵਿੱਚ ਪ੍ਰਸਿੱਧ ਦੇਵਤਾ ਨਹੀਂ ਸੀ, ਉੱਤਰ-ਵੈਦਿਕ ਕਾਲ ਵਿੱਚ ਸ਼ਿਵ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਤੀਸਰਾ ਸੂਰਜ ਦੇਵਤਾ ਦਾ ਰੂਪ ਵਿਸ਼ਨੂੰ ਸਭ ਤੋਂ ਮਹੱਤਵਪੂਰਨ ਦੇਵਤਾ ਬਣ ਗਿਆ।

**ਯੱਗ** :- ਉੱਤਰ-ਵੈਦਿਕ ਕਾਲ ਵਿੱਚ ਯੱਗਾਂ ਦੀ ਸੰਖਿਆ ਅਤੇ ਮਹੱਤਵ ਵਿੱਚ ਵਾਧਾ ਹੋਇਆ। ਰਾਜਿਆਂ ਦੁਆਰਾ ਵੱਖ-ਵੱਖ ਉਪਾਧੀਆਂ ਧਾਰਨ ਕਰਨ ਲਈ ਰਾਜਸੂਯ, ਵਾਜਮੇਯ, ਅਸ਼ਵਮੇਧ ਆਦਿ ਪ੍ਰਕਾਰ ਦੇ ਯੱਗ ਕਰਵਾਏ ਜਾਂਦੇ ਸਨ। ਯੱਗਾਂ ਵਿੱਚ ਅੰਨ, ਚੌਲ, ਦੁੱਧ, ਘਿਉ, ਸੋਮਰਸ ਤੋਂ ਇਲਾਵਾ ਪਸ਼ੂਆਂ ਦੀ ਬਲੀ ਵੀ ਦਿੱਤੀ ਜਾਂਦੀ ਸੀ। ਇਹ ਯੱਗ ਕੇਵਲ ਬ੍ਰਾਹਮਣਾਂ ਰਾਹੀਂ ਗ੍ਰੰਥਾਂ ਵਿੱਚ ਦਿੱਤੀ ਵਿਧੀ ਅਨੁਸਾਰ ਕੀਤੇ ਜਾਂਦੇ ਸਨ। ਇਸ ਤਰ੍ਹਾਂ ਸਮਾਜ ਵਿੱਚ ਬ੍ਰਾਹਮਣਾਂ ਦੀ ਮਹੱਤਤਾ ਵੱਧ ਗਈ।

**ਅੰਧ-ਵਿਸ਼ਵਾਸ** :- ਆਰੀਆ ਜਾਤੀ ਦੇ ਲੋਕ ਇਸ ਕਾਲ ਵਿੱਚ ਵਧੇਰੇ ਅੰਧ-ਵਿਸ਼ਵਾਸੀ ਹੋ ਗਏ। ਉਹ ਭੂਤ-ਪ੍ਰੇਤ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਜਾਦੂ-ਟੂਣੇ ਤੇ ਮੰਤਰਾਂ ਨਾਲ ਉਨ੍ਹਾਂ 'ਤੇ ਕਾਬੂ ਪਾਉਂਦੇ ਸਨ। ਅਥਰਵਵੇਦ ਵਿੱਚ ਅਜਿਹੇ ਮੰਤਰ ਸਨ, ਜਿਨ੍ਹਾਂ ਰਾਹੀਂ ਰੋਗੀਆਂ ਦੇ ਰੋਗ 'ਤੇ ਕਾਬੂ ਪਾਇਆ ਜਾ ਸਕਦਾ ਸੀ।

**ਦਾਰਸ਼ਨਿਕ ਸਿਧਾਂਤ** :- ਇਸ ਕਾਲ ਵਿੱਚ ਦਾਰਸ਼ਨਿਕ ਸਿਧਾਂਤਾਂ ਦਾ ਜਨਮ ਹੋਇਆ। ਇਨ੍ਹਾਂ ਸਿਧਾਂਤਾਂ ਵਿੱਚ ਆਤਮਾ ਆਵਾਗਵਨ, ਕਰਮ ਸਿਧਾਂਤ, ਮੋਕਸ਼ ਪ੍ਰਾਪਤੀ ਬਾਰੇ ਦੱਸਿਆ ਗਿਆ। ਇਹ ਦਾਰਸ਼ਨਿਕ ਤੱਤ ਉਪਨਿਸ਼ਦ - ਇਨ੍ਹਾਂ ਦੀ ਗਿਣਤੀ 108 ਹੈ, ਵਿੱਚ ਪਾਏ ਜਾਂਦੇ ਹਨ। ਬਾਅਦ ਵਿੱਚ ਅਧਿਆਤਮਿਕ ਗਿਆਨ ਦੇ ਛੇ ਸ਼ਾਸਤਰ ਹੋਂਦ ਵਿੱਚ ਆਏ - ਸਾਂਖ, ਯੋਗ, ਨਿਆਂ, ਵੈਸ਼ਸ਼ਿਕ, ਪੂਰਵ ਮੀਮਾਂਸਾ ਅਤੇ ਉੱਤਰ

ਮੀਮਾਂਸਾ, ਜਿਨ੍ਹਾਂ ਵਿੱਚ ਈਸ਼ਵਰ, ਜੀਵ ਅਤੇ ਸ੍ਰਿਸ਼ਟੀ ਬਾਰੇ ਸਿਧਾਂਤ ਪੇਸ਼ ਕੀਤੇ ਗਏ ਹਨ।

## ਅਭਿਆਸ ਲਈ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :-

1. ਉੱਤਰ-ਵੈਦਿਕ ਕਾਲ ਵਿੱਚ ਆਰੀਆ ਦੇ ਤਿੰਨ ਮੁੱਖ ਦੇਵਤੇ ਦੱਸੋ।
2. ਰਮਾਇਣ ਦੀ ਰਚਨਾ ਕਿਸਨੇ ਕੀਤੀ?
3. ਮਹਾਂਭਾਰਤ ਵਿੱਚ ਕੁੱਲ ਕਿੰਨੇ ਸ਼ਲੋਕ ਹਨ?
4. ਪ੍ਰਾਚੀਨ ਹਿੰਦੂ ਧਰਮ ਦੇ ਦਾਰਸ਼ਨਿਕ ਤੱਤਾਂ ਨਾਲ ਸਬੰਧਿਤ ਛੇ ਸ਼ਾਸਤਰਾਂ ਦੇ ਨਾਂ ਦੱਸੋ।

**(6) ਸਾਰਾਂਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਉੱਤਰ-ਵੈਦਿਕ ਕਾਲ ਵਿੱਚ ਆਰੀਆ ਲੋਕਾਂ ਨੇ ਗੰਗਾ-ਯਮੁਨਾ ਦੁਆਬ ਵੱਲ ਵਿਸਥਾਰ ਕੀਤਾ ਅਤੇ ਉਥੇ ਵੱਡੇ-ਵੱਡੇ ਰਾਜਾਂ ਦੀ ਸਥਾਪਨਾ ਕੀਤੀ। ਰਾਜ ਪ੍ਰਬੰਧ ਨੂੰ ਕੁਸ਼ਲਤਾ-ਪੂਰਵਕ ਚਲਾਉਣ ਲਈ ਨਵੇਂ ਮੰਤਰੀ ਨਿਯੁਕਤ ਕੀਤੇ ਗਏ ਅਤੇ ਕਾਨੂੰਨਾਂ ਦਾ ਨਿਰਮਾਣ ਕੀਤਾ ਗਿਆ। ਲੋਹੇ ਦੀ ਵਰਤੋਂ ਨਾਲ ਜੰਗਲ ਸਾਫ਼ ਕਰਕੇ ਵੱਧ ਤੋਂ ਵੱਧ ਭੂਮੀ ਨੂੰ ਖੇਤੀ ਅਧੀਨ ਲਿਆਂਦਾ ਗਿਆ, ਜਿਸ ਨਾਲ ਪੈਦਾਵਾਰ ਵਿੱਚ ਵਾਧਾ ਹੋਇਆ। ਧਾਰਮਿਕ ਜੀਵਨ ਵਿੱਚ ਵੀ ਪਰਿਵਰਤਨ ਆਇਆ। ਧਰਮ ਬਹੁਤ ਹੀ ਜਟਿਲ ਅਤੇ ਅਡੰਬਰਮਈ ਬਣ ਗਿਆ। ਬ੍ਰਾਹਮਣਾਂ ਦਾ ਸਮਾਜ ਵਿੱਚ ਮਹੱਤਵ ਵੱਧ ਗਿਆ, ਕਿਉਂਕਿ ਸਾਰੇ ਧਾਰਮਿਕ ਰੀਤੀ-ਰਿਵਾਜ਼ ਕੇਵਲ ਬ੍ਰਾਹਮਣਾਂ ਰਾਹੀਂ ਹੀ ਕੀਤੇ ਜਾਂਦੇ ਸਨ। ਰਿਗਵੈਦਿਕ ਕਾਲ ਦਾ ਘੱਟ ਮਹੱਤਵਪੂਰਨ ਦੇਵਤਾ ਰੁਦਰ, ਉੱਤਰ-ਵੈਦਿਕ ਕਾਲ ਦਾ ਮਹੱਤਵਪੂਰਨ ਦੇਵਤਾ 'ਸ਼ਿਵ' ਕਹਿਲਾਉਣ ਲੱਗਾ। ਸਮਾਜ ਵਿੱਚ ਜਾਤੀ ਪ੍ਰਥਾ ਦੀ ਸਥਾਪਨਾ ਹੋ ਗਈ। ਇਸ ਕਾਲ ਵਿੱਚ ਵੱਧ ਤੋਂ ਵੱਧ ਸਾਹਿਤ ਦੀ ਰਚਨਾ ਕੀਤੀ ਗਈ, ਜਿਸ ਤੋਂ ਸਾਨੂੰ ਉਸ ਸਮੇਂ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜੋ ਇਤਿਹਾਸਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਹੈ।

## ਅਭਿਆਸ ਲਈ ਪ੍ਰਸ਼ਨ :

1. ਉੱਤਰ-ਵੈਦਿਕ ਕਾਲ ਦੇ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?
2. ਉੱਤਰ-ਵੈਦਿਕ ਕਾਲ ਦੇ ਲੋਕਾਂ ਦੇ ਰਾਜਨੀਤਕ ਅਤੇ ਧਾਰਮਿਕ ਜੀਵਨ ਬਾਰੇ ਦੱਸੋ।
3. ਉੱਤਰ-ਵੈਦਿਕ ਕਾਲ ਦਾ ਧਾਰਮਿਕ ਜੀਵਨ ਰਿਗਵੈਦਿਕ ਕਾਲ ਨਾਲੋਂ ਕਿਵੇਂ ਵੱਖਰਾ ਸੀ?
4. ਉੱਤਰ-ਵੈਦਿਕ ਕਾਲ ਵਿੱਚ ਜਾਤੀ ਪ੍ਰਥਾ ਦੀ ਸਥਾਪਨਾ ਨਾਲ ਆਏ ਸਮਾਜਿਕ ਪਰਿਵਰਤਨ ਬਾਰੇ ਲਿਖੋ।

## Suggested Readings


D.D. Kosambi - The Culture & Civilization of Ancient India in Historical Outline

D.N. Jha - Ancient India - An Introductory Outline

A.L. Basham - The Wonder that was India-passim

Romila Thapar - History of India-passim

A.C. Arora - Prachin Bharat da Itihas.


ਇਹ ਪਾਠ ਡਿਸਟੈਂਸ ਐਜੂਕੇਸ਼ਨ ਕਾਉਂਸਿਲ (ਡੈਕ) ਵੱਲੋਂ ਦਿੱਤੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

**ਪਾਠ ਨੰਬਰ : 1.7** **ਸੈਕਸ਼ਨ-ਏ** **ਲੇਖਕ : ਗੁਰਕਿਰਨਜੀਤ ਕੌਰ ਗਰੇਵਾਲ**

# ਜੈਨ ਧਰਮ-ਮਹਾਂਵੀਰ : ਜੀਵਨ ਤੇ ਸਿਖਿਆਵਾਂ

**ਮੁੱਖ ਰੂਪ :**

- ਉਦੇਸ਼
- ਜਾਣ-ਪਛਾਣ

1. ਨਵੇਂ ਧਾਰਮਿਕ ਵਿਚਾਰਾਂ ਦਾ ਜਨਮ
2. ਮਹਾਂਵੀਰ
3. ਜੈਨ ਧਰਮ ਦੀਆਂ ਸਿੱਖਿਆਵਾਂ
   3.1 ਜੈਨ ਸੰਘ
4. ਜੈਨ ਧਰਮ ਦਾ ਵਿਕਾਸ
5. ਜੈਨ ਧਰਮ ਦੀਆਂ ਸਭਾਵਾਂ
6. ਜੈਨ ਧਰਮ ਦੇ ਸੰਪਰਦਾਇ
7. ਜੈਨ ਧਰਮ ਦਾ ਪ੍ਰਭਾਵ
8. ਸਾਰਾਂਸ਼
9. ਸ਼ਬਦਾਰਥ
10. ਅਭਿਆਸ ਲਈ ਛੋਟੇ ਪ੍ਰਸ਼ਨ
11. ਅਭਿਆਸ ਲਈ ਵੱਡੇ ਪ੍ਰਸ਼ਨ

**ਉਦੇਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਸਾਨੂੰ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :-

(i) ਨਵੇਂ ਧਾਰਮਿਕ ਵਿਚਾਰਾਂ ਦੇ ਜਨਮ ਦੇ ਕੀ ਕਾਰਨ ਸਨ?

(ii) ਜੈਨ ਧਰਮ ਅਤੇ ਬੁੱਧ ਧਰਮ ਦੇ ਉਭਾਰ ਅਤੇ ਵਿਕਾਸ ਰਿਆਨ।

(iii) ਸਮੇਂ ਦੇ ਬੀਤਣ ਨਾਲ ਇਨ੍ਹਾਂ ਧਰਮਾਂ ਵਿੱਚ ਆਏ ਪਰਿਵਰਤਨ।

**ਜਾਣ-ਪਛਾਣ :**

600 ਈ. ਪੂਰਵ ਭਾਰਤੀ ਪ੍ਰਾਚੀਨ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਸਮਾਂ ਮੰਨਿਆ ਜਾਂਦਾ ਹੈ, ਜਦੋਂ ਭਾਰਤ ਵਿੱਚ ਕਈ ਨਵੇਂ ਧਰਮਾਂ ਦਾ ਉਭਾਰ ਤੇ ਵਿਕਾਸ ਹੋਇਆ। ਇਸ ਸਮੇਂ ਲੋਕ ਹਿੰਦੂ ਧਰਮ ਦੀ ਜਟਿਲਤਾ ਅਤੇ ਖੋਖਲੇ ਰੀਤੀ-ਰਿਵਾਜ਼ਾਂ ਤੋਂ ਤੰਗ ਆ ਚੁੱਕੇ ਸਨ, ਜਿਸ ਕਾਰਨ ਨਵੇਂ ਧਾਰਮਿਕ ਅੰਦੋਲਨ ਦਾ ਉਭਾਰ ਹੋਇਆ। ਇਨ੍ਹਾਂ ਅੰਦੋਲਨਾਂ ਵਿੱਚੋਂ ਜੈਨ ਧਰਮ ਅਤੇ ਬੁੱਧ ਧਰਮ ਸਭ ਤੋਂ ਵੱਧ ਪ੍ਰਸਿੱਧ ਹੋਏ, ਜਿਨ੍ਹਾਂ ਨੇ ਲੋਕ ਪੀੜਾ

ਨੂੰ ਦੂਰ ਕਰਨ ਦੇ ਉਪਾਅ ਕੀਤੇ। ਇਨ੍ਹਾਂ ਦੋਵੇਂ ਧਰਮਾਂ ਦੇ ਉਭਾਰ ਲਈ ਕਾਰਨ ਇੱਕੋ ਹੀ ਹਨ, ਪਰੰਤੂ ਇਨ੍ਹਾਂ ਦੀਆਂ ਮੂਲ ਸਿੱਖਿਆਵਾਂ ਵਿੱਚ ਅੰਤਰ ਪਾਇਆ ਜਾਂਦਾ ਹੈ।

## 1. ਨਵੇਂ ਧਾਰਮਿਕ ਵਿਚਾਰਾਂ ਦਾ ਜਨਮ :-

ਨਵੇਂ ਧਾਰਮਿਕ ਵਿਚਾਰਾਂ ਦਾ ਜਨਮ ਉਸ ਸਮੇਂ ਦੀ ਸਮਾਜਿਕ, ਧਾਰਮਿਕ ਅਤੇ ਆਰਥਿਕ ਪ੍ਰਸਥਿਤੀਆਂ ਤੋਂ ਹੋਇਆ, ਜੋ ਹੇਠ ਲਿਖੀਆਂ ਹਨ :-

**(1) ਜਾਤੀ ਪ੍ਰਥਾ :-** ਸਮਾਜ ਵਿੱਚ ਜਾਤੀ ਪ੍ਰਥਾ ਕਾਇਮ ਹੋ ਚੁੱਕੀ ਸੀ, ਜਿਸ ਅਧੀਨ ਸਮਾਜ ਚਾਰ ਮੁੱਖ ਭਾਗਾਂ ਵਿੱਚ ਵੰਡਿਆ ਗਿਆ ਸੀ। ਇਸ ਪ੍ਰਥਾ ਅਨੁਸਾਰ ਬ੍ਰਾਹਮਣਾਂ ਦਾ ਦਰਜਾ ਸਭ ਤੋਂ ਉੱਚਾ ਸੀ। ਸਿੱਖਿਆ ਅਤੇ ਧਰਮ ਸਬੰਧੀ ਸਾਰੇ ਕਾਰਜ ਬ੍ਰਾਹਮਣਾਂ ਦੁਆਰਾ ਕੀਤੇ ਜਾਂਦੇ ਸਨ। ਸਮੇਂ ਦੇ ਨਾਲ ਬ੍ਰਾਹਮਣਾਂ ਨੇ ਧਰਮ ਵਿੱਚ ਕਰਮ-ਕਾਂਡਾਂ ਤੇ ਯੱਗਾਂ ’ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਉਹ ਲਾਲਚੀ ਅਤੇ ਭ੍ਰਿਸ਼ਟਾਚਾਰੀ ਹੋ ਗਏ ਸਨ। ਕਸ਼ਤਰੀ ਜਾਤੀ ਦੇ ਲੋਕ ਯੁੱਧ ਵਿੱਚ ਭਾਗ ਲੈਂਦੇ ਸਨ ਅਤੇ ਲੋਕਾਂ ਦੀ ਰੱਖਿਆ ਕਰਦੇ ਸਨ। ਤੀਜੇ ਦਰਜੇ ’ਤੇ ਵੈਸ਼ ਜਾਤੀ ਆਉਂਦੀ ਸੀ ਜਿਸਦਾ ਮੁੱਖ ਕੰਮ ਵਪਾਰ ਅਤੇ ਖੇਤੀਬਾੜੀ ਸੀ। ਸਭ ਤੋਂ ਨੀਵੀਂ ਸ਼੍ਰੇਣੀ ਸ਼ੂਦਰਾਂ ਦੀ ਸੀ, ਜੋ ਦਾਸ ਹੁੰਦੇ ਸਨ ਜਾਂ ਛੋਟੇ-ਮੋਟੇ ਕੰਮ ਕਰਦੇ ਸਨ। ਉਪਰਲੀਆਂ ਦੋਵੇਂ ਜਾਤਾਂ ਦੇ ਲੋਕ ਨੀਵੀਆਂ ਜਾਤਾਂ ਨਾਲ ਕੋਈ ਸੰਬੰਧ ਨਹੀਂ ਰੱਖਦੇ ਸਨ ਅਤੇ ਉਨ੍ਹਾਂ ਨਾਲ ਬੁਰਾ ਵਿਵਹਾਰ ਕਰਦੇ ਸਨ।

**(2) ਖ਼ਰਚੀਲੇ ਰੀਤੀ-ਰਿਵਾਜ਼ :-** ਉੱਤਰ ਵੈਦਿਕ ਕਾਲ ਵਿੱਚ ਰੀਤੀ-ਰਿਵਾਜ਼ਾਂ ’ਤੇ ਵਧੇਰੇ ਜ਼ੋਰ ਦਿੱਤਾ ਜਾਣ ਲੱਗਾ। ਜਨਮ ਤੋਂ ਲੈਕੇ ਮਰਨ ਤੱਕ ਕਈ ਨਵੇਂ ਰੀਤੀ-ਰਿਵਾਜ਼ ਹੋਂਦ ਵਿੱਚ ਆ ਗਏ। ਇਨ੍ਹਾਂ ਰਿਵਾਜ਼ਾਂ ਦੀ ਪੂਰਤੀ ਲਈ ਆਮ ਲੋਕਾਂ ਲਈ ਜ਼ਿਆਦਾ ਖ਼ਰਚ ਕਰਨਾ ਸੰਭਵ ਨਹੀਂ ਸੀ ਕਿਉਂਕਿ ਇਹ ਬੜੇ ਖ਼ਰਚੀਲੇ ਹੁੰਦੇ ਸਨ। ਕਈ ਯੱਗਾਂ ਵਿੱਚ 16 ਜਾਂ 17 ਬ੍ਰਾਹਮਣਾਂ ਦਾ ਭਾਗ ਲੈਣਾ ਜ਼ਰੂਰੀ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਬ੍ਰਾਹਮਣਾਂ ਦੀ ਵੀ ਸਮਾਜ ਵਿੱਚ ਮਹੱਤਤਾ ਵੱਧ ਗਈ ਅਤੇ ਧਰਮ ਜਟਿਲ ਹੁੰਦਾ ਗਿਆ। ਲੋਕ ਤੰਗ ਆ ਗਏ ਸਨ ਅਤੇ ਉਨ੍ਹਾਂ ਨੂੰ ਸਰਲ ਧਰਮ ਦੀ ਭਾਲ ਸੀ।

**(3) ਵਪਾਰ ਵਿੱਚ ਵਿਕਾਸ :-** ਇਸ ਧੰਦੇ ਵਿੱਚ ਕੇਵਲ ਵੈਸ਼ ਜਾਤੀ ਦੇ ਲੋਕ ਸਨ। ਇਸ ਕਾਲ ਦੌਰਾਨ ਉਦਯੋਗ ਅਤੇ ਵਪਾਰ ਵਿੱਚ ਵਿਕਾਸ ਹੋਇਆ। ਵਪਾਰ ਵਿੱਚ ਵਾਧੇ ਨਾਲ ਵਪਾਰੀ ਲੋਕ ਅਮੀਰ ਹੋ ਗਏ ਅਤੇ ਧਨੀ ਵਪਾਰੀਆਂ ਦੀ ਸ਼੍ਰੇਣੀ ਹੋਂਦ ਵਿੱਚ ਆਈ, ਪਰੰਤੂ ਜਾਤੀ ਪ੍ਰਥਾ ਦੇ ਨਿਯਮਾਂ ਅਨੁਸਾਰ ਉਨ੍ਹਾਂ (ਵੈਸ਼) ਨੂੰ ਉੱਚਾ ਸਥਾਨ ਨਾ ਪ੍ਰਾਪਤ ਹੋ ਸਕਿਆ, ਜਿਸ ਕਾਰਨ ਉਹ ਅਸੰਤੁਸ਼ਟ ਹੋ ਗਏ ਅਤੇ ਧਰਮ ਵਿਰੁੱਧ ਪ੍ਰਚਾਰ ਕਰਨ ਲੱਗੇ।

**(4) ਦੇਸੀ ਭਾਸ਼ਾ ਦੀ ਲੋਕਪ੍ਰਿਯਤਾ :-** ਉਸ ਸਮੇਂ ਦੀ ਲੋਕ ਭਾਸ਼ਾ - ਪ੍ਰਾਕ੍ਰਿਤ ਤੇ ਪਾਲੀ ਸਨ, ਪਰੰਤੂ ਧਾਰਮਿਕ ਗ੍ਰੰਥ ਸੰਸਕ੍ਰਿਤ ਵਿੱਚ ਰਚੇ ਗਏ ਸਨ, ਜੋ ਕੇਵਲ ਬ੍ਰਾਹਮਣਾਂ ਅਤੇ ਉੱਚ ਵਰਗ ਤੱਕ ਹੀ ਸੀਮਿਤ ਸਨ। ਇਸ ਕਾਰਨ ਜਨਤਾ ਧਾਰਮਿਕ ਗ੍ਰੰਥ ਦੇ ਵਿੱਚ ਦਿੱਤੇ ਗਿਆਨ ਨੂੰ ਸਮਝਣ ਵਿੱਚ ਅਸਮਰਥ ਸੀ। ਇਸ ਲਈ ਇਹ ਲੋੜ ਮਹਿਸੂਸ ਕੀਤੀ ਗਈ ਕਿ ਧਾਰਮਿਕ ਸਿਧਾਂਤ ਲੋਕ-ਬੋਲੀ ਵਿੱਚ ਹੋਣੇ ਚਾਹੀਦੇ ਹਨ।

**(5) ਨਵੀਆਂ ਧਾਰਮਿਕ ਵਿਚਾਰਧਾਰਾਵਾਂ :-** ਕੇਵਲ ਮਹਾਂਵੀਰ ਅਤੇ ਗੌਤਮ ਬੁੱਧ ਨੇ ਹੀ ਨਹੀਂ, ਸਗੋਂ ਨਵੇਂ ਵਿਚਾਰਾਂ ਨੇ ਹਿੰਦੂ ਧਰਮ ਨੂੰ ਨਿੰਦਿਆ, ਜਿਵੇਂ -

**(i) ਗੋਸ਼ਾਲ :-** ਜਿਸਨੇ ਆਜੀਵਿਕਾ ਸਕੂਲ ਦੀ ਸਥਾਪਨਾ ਕੀਤੀ, ਆਵਾਗਨ ਦੇ ਸਿਧਾਂਤ ਨੂੰ ਮੰਨਦੇ ਸਨ, ਪਰੰਤੂ ਦੇਵੀ-ਦੇਵਤਿਆਂ ਦੀ ਪੂਜਾ ਵਿੱਚ ਵਿਸ਼ਵਾਸ ਨਹੀਂ ਸਨ ਰੱਖਦੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਨਮ-ਮਰਨ ਦਾ ਹਰੇਕ ਚੱਕਰ ਪਹਿਲਾਂ ਹੀ ਨਿਰਧਾਰਿਤ ਹੈ।

**(ii) ਲੋਕਾਇਤ ਸਕੂਲ :-** ਇਸ ਦਾ ਨੇਤਾ ਅਜਿਤ ਕੇਸ਼ ਕੰਬਲੀ ਸੀ। ਇਹ ਪਦਾਰਥਵਾਦੀਆਂ ਦਾ ਸਕੂਲ ਸੀ। ਇਨ੍ਹਾਂ ਅਨੁਸਾਰ ਮਨੁੱਖ ਮਿੱਟੀ ਤੋਂ ਬਣਦਾ ਹੈ ਅਤੇ ਮਿੱਟੀ ਵਿੱਚ ਮਿਲ ਜਾਂਦਾ ਹੈ। ਇਸ ਲਈ ਉਨ੍ਹਾਂ ਪੂਰਨ ਪਦਾਰਥਵਾਦ ਦਾ ਪ੍ਰਚਾਰ ਕੀਤਾ।

**(iii) ਜੈਨ ਧਰਮ :-** ਇਸ ਦੇ ਮੋਢੀ ਮਹਾਂਵੀਰ ਸਨ, ਜੋ ਅਹਿੰਸਾ, ਕਠੋਰ ਤਪ, ਕਰਮ, ਸਿਧਾਂਤ ਅਤੇ ਮੋਕਸ਼ ਪ੍ਰਾਪਤੀ ਵਿੱਚ ਵਿਸ਼ਵਾਸ ਰੱਖਦੇ ਸਨ। ਇਹ ਮਨੁੱਖੀ ਸ਼ਕਤੀ ਵਿੱਚ ਵਿਸ਼ਵਾਸ ਰੱਖਦੇ ਸਨ।

**(iv) ਬੁੱਧ ਧਰਮ :-** ਇਸ ਧਰਮ ਦੇ ਸੰਸਥਾਪਕ ਮਹਾਤਮਾ ਬੁੱਧ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਤਜਰਬੇ ਦੇ ਆਧਾਰ 'ਤੇ ਲੋਕਾਂ ਨੂੰ ਸਰਲ ਸਿਧਾਂਤ ਦਿੱਤੇ ਅਤੇ ਛੇਤੀ ਹੀ ਇਹ ਧਰਮ ਹਰਮਨ-ਪਿਆਰਾ ਹੋ ਗਿਆ।

## 2. ਜੈਨ ਮਤ ਦਾ ਉਭਾਰ :

ਜੈਨੀ ਸੋਮਿਆਂ ਅਨੁਸਾਰ 24 ਤੀਰਥੰਕਰ ਜੈਨ ਧਰਮ ਦੀ ਉਤਪਤੀ ਅਤੇ ਵਿਕਾਸ ਲਈ ਜ਼ਿੰਮੇਵਾਰ ਸਨ। ਪਹਿਲੇ 22 ਤੀਰਥੰਕਰਾਂ ਬਾਰੇ ਸਾਨੂੰ ਬਹੁਤਾ ਗਿਆਨ ਹਾਸਿਲ ਨਹੀਂ ਹੁੰਦਾ ਪਰੰਤੂ ਆਖ਼ਰੀ ਦੋ ਭਾਵ - 23ਵੇਂ ਪਾਰਸ਼ਵ ਨਾਥ ਅਤੇ 24ਵੇਂ ਮਹਾਂਵੀਰ ਬਾਰੇ ਇਤਿਹਾਸਕ ਜਾਣਕਾਰੀ ਪ੍ਰਾਪਤ ਹੁੰਦੀ ਹੈ।

**ਪਾਰਸ਼ਵ ਨਾਥ :-** ਜੋ ਕਿ ਜੈਨ ਮਤ ਦੇ 23ਵੇਂ ਤੀਰਥੰਕਰ ਸਨ, ਬਨਾਰਸ ਦੇ ਰਾਜਾ ਅਸ਼ਵਸ਼ੇਨ ਅਤੇ ਰਾਣੀ ਵਾਮਾ ਦੇ ਸਪੁੱਤਰ ਸਨ। ਉਸਨੇ 30 ਸਾਲ ਦੀ ਉਮਰ ਵਿੱਚ ਘਰ ਤਿਆਗ ਦਿੱਤਾ ਅਤੇ ਘੋਰ ਤਪ ਕੀਤਾ। 84 ਦਿਨਾਂ ਦੇ ਘੋਰ ਤਪ ਉਪਰੰਤ ਉਸਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਉਸਦਾ ਦੇਹਾਂਤ 100 ਸਾਲ ਦੀ ਉਮਰ ਵਿੱਚ ਹੋਇਆ ਅਤੇ ਮਹਾਂਵੀਰ ਉਸ ਤੋਂ 250 ਸਾਲ ਪਿੱਛੋਂ ਹੋਏ। ਉਸਨੇ ਆਪਣੇ ਅਨੁਯਾਈਆਂ ਨੂੰ ਸਫ਼ੈਦ ਕੱਪੜੇ ਪਹਿਨਣ ਨੂੰ ਕਿਹਾ। ਪਾਰਸ਼ਵ ਨਾਥ ਨੇ ਹੇਠ ਲਿਖੀਆਂ ਸਿੱਖਿਆਵਾਂ ਦਿੱਤੀਆਂ :-

(1) ਕਿਸੇ ਜੀਵ ਦੀ ਹੱਤਿਆ ਨਾ ਕਰੋ।

(2) ਕਦੀ ਝੂਠ ਨਾ ਬੋਲੋ।

(3) ਕਦੀ ਚੋਰੀ ਨਾ ਕਰੋ।

(4) ਆਪਣੇ ਕੋਲ ਸੰਪੱਤੀ ਨਾ ਰੱਖੋ।

**ਮਹਾਂਵੀਰ :-** ਜੈਨ ਧਰਮ ਦੇ 24 ਤੀਰਥੰਕਰ ਸਨ। ਉਨ੍ਹਾਂ ਦਾ ਅਸਲੀ ਨਾਂ ਵਰਧਮਾਨ ਸੀ। ਉਨ੍ਹਾਂ ਦਾ ਜਨਮ 540 ਈ. ਪੂਰਵ ਵਿੱਚ ਵੈਸ਼ਾਲੀ ਦੇ ਕੁੰਡ ਗ੍ਰਾਮ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸਿਧਾਰਥ ਸੀ ਜੋ ਕਸ਼ਤਰੀ ਵੰਸ਼ ਦੇ ਸਨ ਅਤੇ ਮਾਤਾ ਤ੍ਰਿਸ਼ਲਾ ਜੋ ਲਿੱਛਵੀ ਵੰਸ਼ ਨਾਲ ਸੰਬੰਧ ਰੱਖਦੀ ਸੀ। ਉਨ੍ਹਾਂ ਦਾ ਵਿਆਹ ਯਸ਼ੋਧਾ ਨਾਮਕ ਲੜਕੀ ਨਾਲ ਹੋਇਆ। ਉਨ੍ਹਾਂ ਦੇ ਘਰ ਇੱਕ ਲੜਕੀ ਨੇ ਜਨਮ ਲਿਆ, ਜਿਸਦਾ ਨਾਂ ਪ੍ਰਿਯਦਰਸ਼ਨਾ ਰੱਖਿਆ ਗਿਆ। 30 ਸਾਲ ਦੀ ਉਮਰ ਵਿੱਚ ਆਪਣਾ ਘਰ ਤਿਆਗ ਦਿੱਤਾ ਅਤੇ ਵਣਾਂ ਵਿੱਚ ਤਪੱਸਿਆ ਲਈ ਚਲੇ ਗਏ। ਵਰਧਮਾਨ ਬਿਨਾ ਕੱਪੜਿਆਂ ਤੋਂ ਹੀ ਘੁੰਮਦੇ ਰਹਿੰਦੇ ਸਨ। ਬਾਰਾਂ ਸਾਲਾਂ ਤੱਕ ਉਹ ਤਪੱਸਵੀ ਦੀ ਤਰ੍ਹਾਂ ਰਹੇ ਅਤੇ 13ਵੇਂ ਸਾਲ, ਜਦੋਂ ਉਨ੍ਹਾਂ ਦੀ ਉਮਰ 42 ਸਾਲਾਂ ਦੀ ਸੀ, ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਹੁਣ ਉਹ 'ਜਿਨ' (ਜੇਤੂ) ਅਤੇ ਮਹਾਂਵੀਰ ਅਖਵਾਉਣ ਲੱਗੇ। ਗਿਆਨ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੇ ਅਗਲੇ ਤੀਹ ਸਾਲ ਕੋਸ਼ਾਲ, ਮਗਧ, ਚੰਪਾ, ਵਿਦੇਹ, ਵੈਸ਼ਾਲੀ ਆਦਿ ਵਿਖੇ ਧਰਮ-ਪ੍ਰਚਾਰ ਕੀਤਾ। ਸਾਲ ਦੇ ਅੱਠ ਮਹੀਨੇ ਵੱਖ-ਵੱਖ ਥਾਵਾਂ 'ਤੇ ਅਤੇ ਬਰਸਾਤ ਦੇ ਚਾਰ ਮਹੀਨੇ ਪੂਰਬੀ ਭਾਰਤ ਵਿੱਚ ਰਹਿਕੇ ਪ੍ਰਚਾਰ ਕਰਦੇ ਸਨ। ਉਨ੍ਹਾਂ ਦਾ ਦੇਹਾਂਤ 72 ਸਾਲ ਦੀ ਉਮਰ ਵਿੱਚ ਪਟਨਾ ਨੇੜੇ ਰਾਜਗ੍ਰਿਹਿ ਦੇ ਪਾਵਾ ਨਾਮਕ ਸਥਾਨ 'ਤੇ ਹੋਇਆ।

## 3. ਜੈਨ ਮਤ ਦੀਆਂ ਸਿੱਖਿਆਵਾਂ :

ਮਹਾਂਵੀਰ ਨੇ ਪਾਰਸ਼ਵ ਨਾਥ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਹੀ ਅਪਣਾਇਆ ਅਤੇ ਬ੍ਰਹਮਚਾਰੀਆ ਜੀਵਨ ਬਤੀਤ ਕਰਨ ਦੀ ਸਿੱਖਿਆ ਨੂੰ ਉਨ੍ਹਾਂ ਵਿੱਚ ਸ਼ਾਮਿਲ ਕੀਤਾ।

**(1) ਤਿੰਨ ਰਤਨ :-** ਮਹਾਂਵੀਰ ਨੇ ਆਤਮਾ ਦੀ ਮੁਕਤੀ ਲਈ ਤਿੰਨ ਸਿਧਾਂਤ ਅਪਨਾਉਣ ਲਈ ਕਿਹਾ:-

(ੳ) ਸੱਚਾ ਵਿਸ਼ਵਾਸ :- ਮਨੁੱਖ ਨੂੰ ਜੈਨ ਮਤ ਅਤੇ 24 ਤੀਰਥੰਕਰਾਂ ਉਤੇ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ।

(ਅ) ਸੱਚਾ ਗਿਆਨ :- ਮਨੁੱਖ ਨੂੰ ਆਡੰਬਰਾਂ ਅਤੇ ਝੂਠੇ ਰੀਤੀ-ਰਿਵਾਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

(ੲ) ਸੱਚਾ ਕਰਮ :- ਮਨੁੱਖ ਨੂੰ ਅਹਿੰਸਾ, ਸੱਚਾਈ ਅਤੇ ਬ੍ਰਹਮਾਚਾਰੀਆ ਵਰਗੇ ਸ਼ੁੱਧ ਕਰਮ ਅਪਨਾਉਣੇ ਚਾਹੀਦੇ ਹਨ।

**(2) ਕਠੋਰ ਤਪ :-** ਸੱਚੇ ਗਿਆਨ ਦੀ ਪ੍ਰਾਪਤੀ ਕੇਵਲ ਕਠੋਰ ਤਪ ਨਾਲ ਹੀ ਹੋ ਸਕਦੀ ਹੈ। ਉਨ੍ਹਾਂ ਨੇ ਆਪ ਵੀ 12½ ਸਾਲ ਕਠੋਰ ਤਪ ਕਰਕੇ ਹੀ ਸੱਚਾ ਗਿਆਨ ਪ੍ਰਾਪਤ ਕੀਤਾ ਸੀ।

**(3) ਅਹਿੰਸਾ :-** ਮਹਾਂਵੀਰ ਨੇ ਅਹਿੰਸਾ ਭਾਵ ਜੀਵ ਹੱਤਿਆ ਨਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕੇਵਲ ਮਨੁੱਖ, ਪਸ਼ੂਆਂ ਦੀ ਹੱਤਿਆ ਦੀ ਮਨਾਹੀ ਨਹੀਂ ਕੀਤੀ, ਸਗੋਂ ਉਹ ਦਰੱਖ਼ਤਾਂ, ਪੌਦਿਆਂ ਅਤੇ ਜੜ੍ਹ ਆਦਿ ਨੂੰ ਕਸ਼ਟ ਦੇਣਾ ਵੀ ਪਾਪ ਸਮਝਦੇ ਸਨ। ਇਸ ਲਈ ਅੱਜ ਤੱਕ ਜੈਨੀ ਸ਼ਰਧਾਲੂ ਨੰਗੇ ਪੈਰੀਂ ਚਲਦੇ ਹਨ, ਪਾਣੀ ਛਾਣ ਕੇ ਪੀਂਦੇ ਹਨ ਅਤੇ ਮੂੰਹ 'ਤੇ ਪੱਟੀ ਬੰਨ੍ਹਕੇ ਰੱਖਦੇ ਹਨ ਤਾਂ ਜੋ ਉਨ੍ਹਾਂ ਦੇ ਪੈਰਾਂ ਹੇਠ ਜਾਂ ਮੂੰਹ ਅੰਦਰ ਕੋਈ ਜੀਵ-ਜੰਤੂ ਆਕੇ ਮਰ ਨਾ ਜਾਏ।

**(4) ਆਵਾਗਵਨ, ਕਰਮ-ਸਿਧਾਂਤ ਅਤੇ ਮੋਕਸ਼ :-** ਹਿੰਦੂ ਅਤੇ ਬੁੱਧ ਧਰਮ ਦੀ ਤਰ੍ਹਾਂ ਮਹਾਂਵੀਰ ਵੀ ਆਵਾਗਵਨ ਤੇ ਕਰਮ ਸਿਧਾਂਤ ਨੂੰ ਮੰਨਦੇ ਹਨ। ਇਨ੍ਹਾਂ ਸਿਧਾਂਤਾਂ ਅਨੁਸਾਰ ਮਨੁੱਖ ਨੂੰ ਉਸਦੇ ਕਰਮਾਂ ਦੇ ਆਧਾਰ 'ਤੇ ਹੀ ਅਗਲਾ ਜੀਵਨ ਪ੍ਰਾਪਤ ਹੁੰਦਾ ਹੈ। ਆਤਮਾ ਅਮਰ ਹੈ ਅਤੇ ਮਨੁੱਖ ਕਰਮਾਂ ਅਨੁਸਾਰ ਵੱਖ-ਵੱਖ ਜਨਮਾਂ ਦਾ ਚੋਲਾ ਬਦਲਦੀ ਹੈ, ਪਰੰਤੂ ਇਸ ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰਾਉਣਾ ਹੀ ਜੈਨ ਧਰਮ ਦਾ ਉਦੇਸ਼ ਹੈ ਭਾਵ ਮੋਕਸ਼ ਦੀ ਪ੍ਰਾਪਤੀ।

**(5) ਰੱਬ ਵਿੱਚ ਅਵਿਸ਼ਵਾਸ :-** ਮਹਾਂਵੀਰ ਰੱਬ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ। ਉਨ੍ਹਾਂ ਅਨੁਸਾਰ ਮਨੁੱਖ ਆਪਣੇ ਭਾਗਾਂ ਦਾ ਖ਼ੁਦ ਨਿਰਮਾਤਾ ਹੈ।

**(6) ਯੱਗ ਅਤੇ ਖੋਖਲੇ ਰੀਤੀ-ਰਿਵਾਜ਼ਾਂ ਵਿੱਚ ਅਵਿਸ਼ਵਾਸ :-** ਹਿੰਦੂ ਧਰਮ ਵਿੱਚ ਯੱਗ ਅਤੇ ਬਲੀ ਉਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ, ਪਰੰਤੂ ਜੈਨ ਧਰਮ ਵਿੱਚ ਇਨ੍ਹਾਂ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਸੀ, ਕਿਉਂਕਿ ਉਹ ਹਿੰਸਾ ਦੇ ਵਿਰੋਧੀ ਸਨ।

**(7) ਵੇਦ ਅਤੇ ਸੰਸਕ੍ਰਿਤ ਦੀ ਪਵਿੱਤਰਤਾ ਵਿੱਚ ਅਵਿਸ਼ਵਾਸ :-** ਮਹਾਂਵੀਰ ਆਖਦੇ ਸਨ ਕਿ ਕੇਵਲ ਮੰਤਰ ਪੜ੍ਹਨ ਨਾਲ ਧਾਰਮਿਕ ਕਰਤੱਵ ਪੂਰੇ ਨਹੀਂ ਹੁੰਦੇ ਅਤੇ ਉਹ ਭਾਸ਼ਾ ਪਵਿੱਤਰ ਕਿਵੇਂ ਹੋ ਸਕਦੀ ਹੈ, ਜੋ ਆਮ ਲੋਕਾਂ ਦੀ ਸਮਝ ਤੋਂ ਪਰੇ ਹੈ। ਇਸ ਲਈ ਮਹਾਂਵੀਰ ਨੇ ਸਿੱਖਿਆ ਉਸ ਸਮੇਂ ਦੀ ਲੋਕ ਭਾਸ਼ਾ - ਪ੍ਰਾਕ੍ਰਿਤ ਵਿੱਚ ਦਿੱਤੀ।

ਜੈਨ ਮਤ ਦੇ ਸਿਧਾਂਤਾਂ ਨੂੰ ਨਿਯਮਬੱਧ ਕੀਤਾ ਗਿਆ। ਪ੍ਰਚੱਲਤ ਪਰੰਪਰਾ ਅਨੁਸਾਰ ਮੂਲ ਸਿਧਾਂਤਾਂ ਨੂੰ 14

ਸੂਤਰਾਂ ਵਿੱਚ ਨਿਯਮਬੱਧ ਕੀਤਾ ਗਿਆ, ਜਿਨ੍ਹਾਂ ਨੂੰ 'ਪੂਰਵ' ਕਿਹਾ ਜਾਂਦਾ ਸੀ ਪਰੰਤੂ 300 ਈ. ਪੂਰਵ ਵਿੱਚ ਪਾਟਲੀਪੁਤਰ ਵਿਖੇ ਜੈਨ ਸਾਹਿਤ ਨੂੰ 12 ਭਾਗਾਂ ਵਿੱਚ ਵੰਡਿਆ ਗਿਆ ਜਿਨ੍ਹਾਂ ਨੂੰ 'ਅੰਗ' ਕਿਹਾ ਜਾਂਦਾ ਸੀ, ਜਿਨ੍ਹਾਂ ਵਿੱਚੋਂ ਅਚਾਰੰਗ ਸੂਤ ਅਤੇ ਭਗਵਤੀ ਸੂਤ ਮਹੱਤਵਪੂਰਨ ਸਨ।

## 3.1 ਜੈਨ ਸੰਘ :

ਜੈਨ ਸੰਘ ਦੇ ਮੈਂਬਰਾਂ ਨੂੰ ਭਿਖਸ਼ੂ ਕਿਹਾ ਜਾਂਦਾ ਸੀ ਅਤੇ ਇਸਤਰੀਆਂ ਨੂੰ ਭਿਖਸ਼ੁਣੀਆਂ। ਜਿਵੇਂ-ਜਿਵੇਂ ਧਰਮ ਦਾ ਪ੍ਰਚਾਰ ਹੁੰਦਾ ਗਿਆ, ਇਨ੍ਹਾਂ ਮੈਂਬਰਾਂ ਦੀ ਵੀ ਗਿਣਤੀ ਵਧਣ ਲੱਗੀ। ਕਿਸੇ ਵੀ ਜਾਤੀ ਦਾ ਵਿਅਕਤੀ ਮੈਂਬਰ ਬਣ ਸਕਦਾ ਸੀ ਭਾਵ ਜੈਨ ਧਰਮ ਵਿੱਚ ਜਾਤੀ ਪ੍ਰਥਾ ਲਈ ਕੋਈ ਥਾਂ ਨਹੀਂ ਸੀ। ਸਾਰੇ ਭਿਖਸ਼ੂ ਅਤੇ ਭਿਖਸ਼ੁਣੀਆਂ ਨੂੰ ਜੈਨ ਧਰਮ ਦੇ ਨਿਯਮਾਂ ਅਨੁਸਾਰ ਸੰਜਮੀ ਤੇ ਸ਼ੁੱਧ ਜੀਵਨ ਬਤੀਤ ਕਰਨਾ ਹੁੰਦਾ ਸੀ। ਉਹ ਭਿੱਖਿਆ ਰਾਹੀਂ ਪ੍ਰਾਪਤ ਅੰਨ ਦਾ ਹੀ ਸੇਵਨ ਕਰਦੇ ਸਨ। ਉਹ ਇੱਕ ਥਾਂ ਤੋਂ ਦੂਜੀ ਥਾਂ ਧਰਮ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਕੇਵਲ ਬਰਸਾਤ ਦੇ ਚਾਰ ਮਹੀਨੇ ਉਹ ਇੱਕ ਥਾਂ ਰਹਿਕੇ ਗੁਜ਼ਾਰਦੇ ਸਨ।

## 4. ਜੈਨ ਮਤ ਦਾ ਵਿਕਾਸ :

ਮਹਾਂਵੀਰ ਦੇ ਜੀਵਨ ਕਾਲ ਵਿੱਚ ਜੈਨ ਧਰਮ ਦਾ ਉੱਤਰੀ ਅਤੇ ਦੱਖਣੀ ਬਿਹਾਰ ਵਿੱਚ ਪ੍ਰਸਾਰ ਹੋਇਆ ਅਤੇ ਬਾਅਦ ਵਿੱਚ ਮੈਸੂਰ, ਕਲਿੰਗ, ਮਥੁਰਾ, ਗੁਜਰਾਤ, ਪੱਛਮੀ ਰਾਜਸਥਾਨ, ਉੜੀਸਾ ਆਦਿ ਸਥਾਨਾਂ 'ਤੇ ਪ੍ਰਸਾਰ ਹੋਇਆ। ਇਸਦੇ ਵਿਕਾਸ ਦੇ ਕਈ ਕਾਰਨ ਸਨ :-

**(1) ਸਰਲ ਅਤੇ ਸਪੱਸ਼ਟ ਸਿਧਾਂਤ** :- ਮਹਾਂਵੀਰ ਦੇ ਸਿਧਾਂਤ ਬੜੇ ਹੀ ਸਰਲ ਅਤੇ ਸਪੱਸ਼ਟ ਸਨ। ਹਿੰਦੂ ਧਰਮ ਦੀ ਜਟਿਲਤਾ ਤੋਂ ਤੰਗ ਆਏ ਲੋਕਾਂ ਨੂੰ ਇਸ ਧਰਮ ਨੇ ਖਿੱਚ ਪਾਈ ਅਤੇ ਉਹ ਜੈਨ ਧਰਮ ਦੇ ਅਨੁਯਾਈ ਬਣ ਗਏ।

**(2) ਲੋਕ ਭਾਸ਼ਾ ਵਿੱਚ ਸਿਖਿਆਵਾਂ** :- ਮਹਾਂਵੀਰ ਨੇ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਲੋਕ-ਬੋਲੀ ਵਿੱਚ ਕੀਤਾ ਭਾਵ ਪ੍ਰਾਕ੍ਰਿਤ ਭਾਸ਼ਾ ਵਿੱਚ ਕੀਤਾ, ਜਿਸ ਨਾਲ ਲੋਕ ਪ੍ਰਭਾਵਿਤ ਹੋਏ ਅਤੇ ਜੈਨ ਮਤ ਨੂੰ ਅਪਣਾਇਆ।

**(3) ਰਾਜਿਆਂ ਵੱਲੋਂ ਸਰਪ੍ਰਸਤੀ** :- ਉੱਤਰ ਅਤੇ ਦੱਖਣ ਭਾਰਤ ਦੇ ਕਈ ਰਾਜਿਆਂ ਨੇ ਜੈਨ ਧਰਮ ਦੀ ਸਰਪ੍ਰਸਤੀ ਕੀਤੀ ਅਤੇ ਕਈ ਰਾਜੇ ਆਪ ਵੀ ਇਸ ਧਰਮ ਦੇ ਸ਼ਰਧਾਲੂ ਬਣੇ। ਜਿਵੇਂ - ਮਗਧ ਦੇ ਬਿੰਬੀਸਾਰ, ਅਜਾਤਸ਼ਤਰੂ, ਉਦੈਲ, ਚੰਦਰਗੁਪਤ ਮੌਰੀਆ, ਕਲਿੰਗ ਦਾ ਰਾਜਾ ਖਾਰੇਵਾਲ, ਗੰਗ, ਚਾਲੂਕਯ ਆਦਿ ਨੇ ਇਸਦੀ ਸਰਪ੍ਰਸਤੀ ਕੀਤੀ।

**(4) ਹਾਲਾਤ** :- ਉਸ ਸਮੇਂ ਦੇ ਹਾਲਾਤ ਜੈਨ ਧਰਮ ਦੀ ਉੱਨਤੀ ਲਈ ਅਨੁਕੂਲ ਸਨ। ਬ੍ਰਾਹਮਣ ਧਰਮ ਆਪਣੇ ਯੱਗਾਂ, ਕਰਮ-ਕਾਂਡ ਅਤੇ ਖਰਚੀਲੇਪਨ ਦੇ ਕਾਰਨ ਬਦਨਾਮ ਹੋ ਚੁੱਕਾ ਸੀ ਅਤੇ ਲੋਕ ਸਰਲ ਧਰਮ ਚਾਹੁੰਦੇ ਸਨ ਅਤੇ ਜੈਨ ਧਰਮ ਨੇ ਉਹ ਲੋੜ ਪੂਰੀ ਕਰ ਦਿੱਤੀ।

ਇਸ ਤਰ੍ਹਾਂ ਉਪਰੋਕਤ ਕਾਰਨਾਂ ਦੇ ਕਾਰਨ ਜੈਨ ਧਰਮ ਨਾਲ ਸਬੰਧਿਤ ਕਈ ਮਹੱਤਵਪੂਰਨ ਕੇਂਦਰ ਹੋਂਦ ਵਿੱਚ ਆਏ, ਜਿਵੇਂ ਰਾਜਗ੍ਰਹਿ, ਮਥੁਰਾ (ਸਿਰਕਪ), ਤਕਸ਼ਿਲਾ, ਬੜੌਚ, ਸੋਪਰਾ, ਉੜੀਸਾ, ਉਦਗੀਰ, ਖੰਡਾਗਿਰੀ, ਤਾਮਿਲ ਦੇਸ਼ ਆਦਿ।

## 5. ਜੈਨ ਧਰਮ ਨਾਲ ਸਬੰਧਿਤ ਸਭਾਵਾਂ :

**ਪਹਿਲੀ ਸਭਾ** :- ਇਹ ਜੈਨ ਧਰਮ ਦੀ ਸਭਾ ਪਾਟਲੀਪੁਤਰ ਵਿੱਚ 300 ਬੀ.ਸੀ. ਵਿੱਚ ਹੋਈ। ਇਸ ਸਭਾ

ਵਿੱਚ ਜੈਨੀ ਸਾਹਿਤ (ਮਹਾਂਵੀਰ ਦੇ ਸਿਧਾਂਤ) ਦੇ 14 'ਪੂਰਵ' ਨੂੰ 12 ਭਾਗਾਂ ਵਿੱਚ ਵੰਡਿਆ ਗਿਆ ਅਤੇ ਇਨ੍ਹਾਂ ਨੂੰ 'ਅੰਗ' ਕਿਹਾ ਜਾਣ ਲੱਗਾ। ਇਸ ਸਮੇਂ ਜੈਨ ਅਨੁਯਾਈਆਂ ਦਾ ਮੁਖੀ ਸਥੂਲਭਦਰ ਸੀ। ਇਸ ਸਭਾ ਵਿੱਚ ਭਦਰਬਾਹੂ ਜੋ ਆਪਣੇ ਚੇਲਿਆਂ ਨਾਲ 12 ਸਾਲ ਪਹਿਲਾਂ ਸ੍ਵਣਬੇਲਗੋਲਾ (ਕਰਨਾਟਕਾ) ਚਲਾ ਗਿਆ ਸੀ ਪਰਤ ਆਇਆ, ਨੇ ਇਸ ਸਭਾ ਨੂੰ ਮਾਨਤਾ ਦੇਣ ਤੋਂ ਇਨਕਾਰ ਕੀਤਾ ਕਿਉਂਕਿ ਮੂਲ ਸਿਧਾਂਤ ਜਿਨ੍ਹਾਂ ਗ੍ਰੰਥਾਂ ਵਿੱਚ ਦਰਜ ਸਨ, ਉਹ ਗੁੰਮ ਹੋ ਗਏ ਸਨ। ਇਸ ਤਰ੍ਹਾਂ ਦੋ ਮਤ ਕਾਇਮ ਹੋ ਗਏ - ਦਿਗੰਬਰ ਅਤੇ ਸਵੇਂਤਾਂਬਰ।

**ਦੂਜੀ ਸਭਾ :-** ਇਹ ਸਭਾ ਵਲਭੀ (ਗੁਜਰਾਤ) ਵਿਖੇ 512 ਏ.ਡੀ. ਵਿੱਚ ਦੇਵਾਰਥੀ ਕਸ਼ੀਮਸਰਮਨ ਦੀ ਪ੍ਰਧਾਨਗੀ ਹੇਠ ਹੋਈ। ਇਸ ਸਭਾ ਵਿੱਚ ਅੰਗ ਨੂੰ ਅਰਧਮਗਧੀ ਵਿੱਚ ਰਚਿਆ ਗਿਆ।

## 6. ਜੈਨ ਧਰਮ ਵਿੱਚ ਫੁਟ :

ਮਹਾਂਵੀਰ ਦੇ ਦੇਹਾਂਤ ਤੋਂ ਬਾਅਦ ਜੈਨ ਧਰਮ ਵਿੱਚ ਫੁੱਟ ਪੈ ਗਈ। ਚੰਦਰਗੁਪਤ ਮੌਰੀਆ ਦੇ ਰਾਜਕਾਲ ਵਿੱਚ ਮਗਧ ਵਿੱਚ ਭਿਆਨਕ ਕਾਲ ਪੈ ਗਿਆ ਜੋ 12 ਸਾਲਾਂ ਤੱਕ ਰਿਹਾ। ਇਸ ਕਾਰਨ ਜੈਨ ਭਿਖਸ਼ੂ ਭਦਰਬਾਹੂ ਤੇ ਬਹੁਤ ਸਾਰੇ ਸ਼ਰਧਾਲੂ ਦੱਖਣ ਵੱਲ ਚਲੇ ਗਏ। ਉੱਤਰ ਵਿੱਚ ਰਹਿ ਰਹੇ ਸ਼ਰਧਾਲੂਆਂ ਨੂੰ ਸਥੂਲਾਭਦਰ ਨੂੰ ਆਪਣਾ ਮੁਖੀਆ ਚੁਣ ਲਿਆ। ਉਸਦੀ ਅਗਵਾਈ ਹੇਠ ਉਨ੍ਹਾਂ ਨੇ ਜੈਨੀਆਂ ਦੀਆਂ ਪੁਰਾਤਨ ਪੁਸਤਕਾਂ ਨੂੰ 'ਅੰਗ' ਦਾ ਨਵਾਂ ਨਾਮ ਦੇ ਦਿੱਤਾ ਅਤੇ ਨੰਗੇ ਘੁੰਮਣ ਦੀ ਪ੍ਰਥਾ ਛੱਡ ਚਿੱਟੇ ਕੱਪੜੇ ਪਹਿਨਣ ਲੱਗੇ। ਜਦੋਂ ਬਾਰ੍ਹਾਂ ਸਾਲਾਂ ਬਾਅਦ ਭਦਰਬਾਹੂ ਆਪਣੇ ਸ਼ਰਧਾਲੂਆਂ ਨਾਲ ਮਗਧ ਵਾਪਿਸ ਆਇਆ ਤਾਂ ਉਸਨੇ ਇਨ੍ਹਾਂ ਤਬਦੀਲੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਜੈਨ ਧਰਮ ਦੋ ਸ਼ਾਖ਼ਾਂ ਵਿੱਚ ਵੰਡਿਆ ਗਿਆ-

**(ੳ) ਦਿੰਗਬਰ** - ਜੋ ਕੱਟੜਪੰਥੀ ਸਨ ਅਤੇ ਆਪਣਾ ਜੀਵਨ ਮਹਾਂਵੀਰ ਦੇ ਦਿੱਤੇ ਸਿਧਾਂਤਾਂ 'ਤੇ ਗੁਜ਼ਾਰਦੇ ਸਨ। ਉਹ ਦਿਸ਼ਾਵਾਂ ਨੂੰ ਆਪਣਾ ਬਸਤਰ ਮੰਨਦੇ ਸਨ ਅਤੇ ਨੰਗੇ ਰਹਿੰਦੇ ਸਨ। ਉਹ ਸੰਪਤੀ ਤਿਆਗਣ ਵਿੱਚ ਅਟੁੱਟ ਵਿਸ਼ਵਾਸ ਰੱਖਦੇ ਸਨ।

**(ਅ) ਸ਼ਵੇਤਾਂਬਰ** - ਜੋ ਸੁਧਾਰਵਾਦੀ ਵਿਚਾਰਧਾਰਾ ਦੇ ਸਨ। ਉਨ੍ਹਾਂ ਨੇ ਚਿੱਟੇ ਵਸਤਰ ਪਹਿਨਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਮੂਰਤੀ ਪੂਜਾ ਵੀ ਸ਼ੁਰੂ ਕਰ ਦਿੱਤੀ ਅਤੇ ਮੂਰਤੀ ਨੂੰ ਵੀ ਉਹ ਸਫੈਦ ਵਸਤਰ ਪਹਿਨਾਉਂਦੇ ਸਨ।

## 7. ਜੈਨ ਧਰਮ ਦਾ ਪ੍ਰਭਾਵ :

**(1) ਏਕਤਾ ਦਾ ਪ੍ਰਸਾਰ :-** ਜਾਤੀ-ਪ੍ਰਥਾ ਦੇ ਕਾਰਨ ਸਮਾਜ ਵਿੱਚ ਭੇਦ-ਭਾਵ ਵਧ ਗਿਆ ਸੀ ਅਤੇ ਅਜਿਹੀਆਂ ਵਿਚਰਦੀਆਂ ਸਮਾਜਿਕ ਬੁਰਾਈਆਂ ਨੂੰ ਜੈਨ ਧਰਮ ਨੇ ਦੂਰ ਕੀਤਾ। ਜੈਨ ਧਰਮ ਵਿੱਚ ਜਾਤੀ-ਪ੍ਰਥਾ ਦਾ ਸਥਾਨ ਨਹੀਂ ਸੀ। ਸਭ ਜਾਤੀਆਂ ਨੂੰ ਇੱਕ ਸਮਾਨ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਲੋਕਾਂ ਵਿੱਚ ਏਕਤਾ ਦਾ ਪ੍ਰਸਾਰ ਕੀਤਾ ਗਿਆ।

**(2) ਲੋਕ ਭਲਾਈ ਦੇ ਕਾਰਜ :-** ਅਹਿੰਸਾ ਦੇ ਸਿਧਾਂਤ ਕਾਰਨ ਕਈ ਰਾਜਿਆਂ ਨੇ ਆਪਣੀ ਨੀਤੀ ਵਿੱਚ ਬਦਲਾਅ ਲਿਆਂਦਾ ਅਤੇ ਹੁਣ ਉਹ ਲੋਕ ਭਲਾਈ ਦੇ ਕਾਰਜਾਂ ਵੱਲ ਵਧੇਰੇ ਧਿਆਨ ਦੇਣ ਲੱਗੇ, ਜਿਵੇਂ ਕਿ ਅਜਾਤਸ਼ਤਰੂ, ਚੰਦਰਗੁਪਤ ਮੌਰੀਆ।

**(3) ਹਿੰਦੂ ਧਰਮ ਦੀ ਸ਼ੁੱਧੀ ਲਈ ਯਤਨ :-** ਜੈਨ ਧਰਮ ਅਤੇ ਬੁੱਧ ਧਰਮ ਨੇ ਆਪਣੇ ਸਰਲ ਅਤੇ ਸਪੱਸ਼ਟ ਸਿਧਾਂਤਾਂ ਕਾਰਨ ਲੋਕਾਂ ਨੂੰ ਖਿੱਚ ਪਾਈ। ਨਤੀਜੇ ਵਜੋਂ ਲੋਕ ਹਿੰਦੂ ਧਰਮ ਛੱਡ ਇਨ੍ਹਾਂ ਧਰਮਾਂ ਵਿੱਚ ਪ੍ਰਵੇਸ਼ ਕਰ ਗਏ। ਅਜਿਹੇ ਹਾਲਾਤ ਨੇ ਬ੍ਰਾਹਮਣਾਂ ਨੂੰ ਹਿੰਦੂ ਧਰਮ ਦੀ ਸ਼ੁੱਧੀ ਲਈ ਮਜ਼ਬੂਰ ਕਰ ਦਿੱਤਾ।

**(4) ਕਲਾ ਦਾ ਵਿਕਾਸ :-** ਜੈਨੀਆਂ ਨੇ ਆਪਣੇ ਤੀਰਥੰਕਰਾਂ ਦੀ ਯਾਦ ਵਿੱਚ ਸਤੂਪ, ਮੱਠ ਅਤੇ ਵਿਸ਼ਾਲ ਮੰਦਿਰਾਂ ਦੀ ਸਥਾਪਨਾ ਕੀਤੀ। ਮਥੁਰਾ, ਬੁੰਦੇਲਖੰਡ, ਕਾਨਪੁਰ, ਕਾਂਚੀ, ਆਬੂ ਪਰਬਤ ਆਦਿ ਵਿਖੇ ਅੱਜ ਵੀ ਮੰਦਿਰ ਵੇਖੇ ਜਾ ਸਕਦੇ ਹਨ। ਇਨ੍ਹਾਂ ਵਿੱਚ ਅਬੂ ਪਰਬਤ ਉਤੇ ਸਥਿਤ ਦਿਲਵਾੜਾ ਮੰਦਿਰ (ਸ਼ਵੇਤਾਬਰ ਮਤ) ਜਿੱਥੇ ਸੰਗਮਰਮਰ ਉਤੇ ਜੈਨ ਗਾਥਾਵਾਂ ਉੱਕਰੀਆਂ ਹਨ, ਵਰਣਨਯੋਗ ਹਨ। ਸਾਹਿਤ ਦੇ ਖੇਤਰ ਵਿੱਚ ਵੀ ਜੈਨ ਧਰਮ ਨੇ ਯੋਗਦਾਨ ਪਾਇਆ ਹੈ, ਜਿਵੇਂ - ਪ੍ਰਾਕ੍ਰਿਤ ਭਾਸ਼ਾ ਵਿੱਚ ਵਿਆਕਰਣ, ਕੋਸ਼ ਦਰਸ਼ਨ ਆਦਿ ਵਿਸ਼ਿਆਂ ਉੱਤੇ ਮਹੱਤਵਪੂਰਨ ਗ੍ਰੰਥ ਲਿਖੇ ਗਏ ਹਨ।

**(5) ਸਾਮਰਾਜਾਂ ਦਾ ਪਤਨ :-** ਜਿੱਥੇ ਜੈਨ ਧਰਮ ਨੇ ਸਮਾਜਿਕ, ਆਰਥਿਕ ਅਤੇ ਧਾਰਮਿਕ ਖੇਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ, ਉਥੇ ਰਾਜਨੀਤਕ ਪੱਧਰ 'ਤੇ ਬੁਰਾ ਪ੍ਰਭਾਵ ਵੀ ਪਾਇਆ। ਜੈਨ ਧਰਮ ਦਾ ਮੂਲ ਸਿਧਾਂਤ ਅਹਿੰਸਾ ਸੀ, ਜਿਸ ਅਧੀਨ ਜੜ੍ਹ ਅਤੇ ਜੀਵ-ਹੱਤਿਆ ਦੀ ਮਨਾਹੀ ਸੀ। ਜਿਹੜੇ ਸ਼ਾਸਕਾਂ ਨੇ ਇਸ ਧਰਮ ਨੂੰ ਅਪਣਾਇਆ, ਉਨ੍ਹਾਂ ਨੇ ਯੁੱਧ ਨੀਤੀ ਤਿਆਗ ਦਿੱਤੀ ਅਤੇ ਖ਼ੂਨ-ਖਰਾਬੇ ਤੋਂ ਨਫ਼ਰਤ ਕਰਨ ਲੱਗੇ। ਨਤੀਜੇ ਵਜੋਂ ਸੈਨਾ ਨੇ ਵੀ ਕੋਈ ਯੁੱਧ ਨਾ ਕੀਤਾ ਅਤੇ ਸੈਨਿਕਾਂ ਦੀ ਬਹਾਦਰੀ ਅਤੇ ਦਲੇਰੀ ਵਰਗੇ ਗੁਣਾਂ ਦੀ ਥਾਂ ਕਮਜ਼ੋਰੀ ਨੇ ਲੈ ਲਈ। ਜਦੋਂ ਵਿਦੇਸ਼ੀ ਹਮਲਾਵਰਾਂ ਨੇ ਹਮਲੇ ਕੀਤੇ ਤਾਂ ਸੈਨਿਕ ਉਨ੍ਹਾਂ ਦਾ ਸਫ਼ਲਤਾਪੂਰਵਕ ਮੁਕਾਬਲਾ ਨਾ ਕਰ ਸਕੇ ਅਤੇ ਹਾਰ ਗਏ, ਜਿਸ ਨਾਲ ਹੌਲੀ-ਹੌਲੀ ਸਾਮਰਾਜਾਂ ਦਾ ਪਤਨ ਹੋ ਗਿਆ।

## 8. ਸਾਰਾਂਸ਼ :

ਜੈਨ ਧਰਮ ਦਾ ਜਨਮ 600 ਈ. ਪੂਰਬ ਵਿੱਚ ਹਿੰਦੂ ਧਰਮ ਵਿੱਚ ਆਈਆਂ ਕੁਰੀਤੀਆਂ ਦਾ ਨਤੀਜਾ ਸੀ। ਹਿੰਦੂ ਧਰਮ ਦੀ ਜਟਿਲਤਾ, ਅੰਧ-ਵਿਸ਼ਵਾਸ ਅਤੇ ਅਡੰਬਰਾਂ ਤੋਂ ਲੋਕ ਤੰਗ ਆ ਚੁੱਕੇ ਸਨ ਅਤੇ ਉਹ ਸਰਲ ਧਰਮ ਚਾਹੁੰਦੇ ਸਨ। ਅਜਿਹੀਆਂ ਪ੍ਰਸਥਿਤੀਆਂ ਵਿੱਚ ਮਹਾਂਵੀਰ ਨੇ ਜੈਨ ਧਰਮ ਦੀ ਸਥਾਪਨਾ ਕੀਤੀ। ਸੱਚ ਗਿਆਨ ਦੀ ਪ੍ਰਾਪਤੀ ਉਪਰੰਤ ਉਨ੍ਹਾਂ ਨੇ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਬਹੁਤ ਹੀ ਸਰਲ ਸਨ। ਉਨ੍ਹਾਂ ਨੇ ਉਸ ਸਮੇਂ ਵਿੱਚ ਪ੍ਰਚੱਲਤ ਸਮਾਜਿਕ ਬੁਰਾਈਆਂ ਨੂੰ ਵੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਲੋਕਾਂ ਵਿੱਚ ਆਪਸੀ ਭਾਈਚਾਰੇ ਅਤੇ ਪਿਆਰ ਦੀ ਭਾਵਨਾ ਨੂੰ ਜਾਗ੍ਰਿਤ ਕੀਤਾ। ਮਹਾਂਵੀਰ ਨੇ ਆਪਣੀਆਂ ਸਿੱਖਿਆਵਾਂ ਲੋਕ ਬੋਲੀ (ਪ੍ਰਾਕ੍ਰਿਤ) ਵਿੱਚ ਦਿੱਤੀਆਂ ਤਾਂ ਜੋ ਆਮ ਲੋਕ ਵੀ ਉਨ੍ਹਾਂ ਨੂੰ ਸਮਝ ਸਕਣ। ਇਸ ਤਰ੍ਹਾਂ ਜੈਨ ਧਰਮ ਵਿੱਚ ਕਿਸੇ ਵੀ ਜਾਤੀ ਨੂੰ ਵਿਸ਼ੇਸ਼ਤਾ ਨਾ ਦਿੱਤੀ ਗਈ ਅਤੇ ਸਭ ਇੱਕ ਸਮਾਨ ਸਨ। ਸਾਰੇ ਮੈਂਬਰ ਸੰਘ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਨੂੰ ਭਿਖਸ਼ੂ ਕਿਹਾ ਜਾਂਦਾ ਸੀ। ਜੋ ਵੱਖ-ਵੱਖ ਥਾਵਾਂ 'ਤੇ ਜਾਕੇ ਜੈਨ ਧਰਮ ਦਾ ਪ੍ਰਚਾਰ ਕਰਦੇ ਸਨ ਅਤੇ ਪ੍ਰਾਪਤ ਦਾਨ ਉੱਤੇ ਹੀ ਜੀਵਨ ਨਿਰਬਾਹ ਕਰਦੇ ਸਨ। ਭਾਰਤ ਵਿੱਚ ਜੈਨ ਧਰਮ ਦਾ ਪ੍ਰਸਾਰ ਰਾਜਗ੍ਰਹਿ, ਤਾਮਿਲ ਦੇਸ਼, ਮਥੁਰਾ, ਤਕਸ਼ਿਲਾ, ਗੁਜਰਾਤ, ਰਾਜਸਥਾਨ, ਉੜੀਸਾ ਆਦਿ ਵਿਖੇ ਹੋਇਆ। ਬੇਸ਼ਕ ਸਮਾਂ ਬੀਤਣ ਨਾਲ ਜੈਨ ਧਰਮ ਉਨਾ ਪ੍ਰਚੱਲਤ ਨਹੀਂ ਰਿਹਾ, ਪਰੰਤੂ ਅੱਜ ਵੀ ਭਾਰਤ ਦੇ ਕਈ ਭਾਗਾਂ ਵਿੱਚ ਜੈਨੀ ਭਿਖਸ਼ੂ ਪਾਏ ਜਾਂਦੇ ਹਨ।

## 9. ਸ਼ਬਦਾਰਥ :

1. ਤੀਰਥੰਕਰ - ਉਹ ਜੈਨੀ ਪ੍ਰਚਾਰਕ ਜਿਨ੍ਹਾਂ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਸੀ।
2. ਵਿਹਾਰ - ਉਹ ਸਥਾਨ ਜਿੱਥੇ ਜੈਨੀ ਪ੍ਰਚਾਰਕ ਰਹਿੰਦੇ ਸਨ।
3. ਪੂਰਵ - ਧਾਰਮਿਕ ਜੈਨੀ ਗ੍ਰੰਥ
4. ਅਹਿੰਸਾ - ਕਿਸੇ ਦੀ ਹੱਤਿਆ ਨਾ ਕਰਨਾ

5. ਅੰਗ - ਪਹਿਲੀ ਜੈਨ ਸਭਾ ਜੋ 300 ਈ. ਪੂਰਵ ਵਿੱਚ ਪਾਟਲੀਪੁਤਰ ਵਿਖੇ ਹੋਈ, ਵਿੱਚ ਜੈਨੀ ਧਾਰਮਿਕ ਗ੍ਰੰਥਾਂ ਨੂੰ 12 ਭਾਗਾਂ ਵਿੱਚ ਵੰਡਿਆ ਗਿਆ ਅਤੇ ਹਰ ਇੱਕ ਨੂੰ ਅੰਗ' ਕਿਹਾ ਜਾਣ ਲੱਗਾ।

## 10. ਅਭਿਆਸ ਲਈ ਛੋਟੇ ਪ੍ਰਸ਼ਨ :-

1) ਜੈਨ ਧਰਮ ਦੇ ਕੁੱਲ ਕਿੰਨੇ ਤੀਰਥੰਕਰ ਸਨ ਅਤੇ ਅਖ਼ੀਰਲੇ ਤੀਰਥੰਕਰ ਦਾ ਨਾਂ ਦੱਸੋ?

2) ਅਜੀਵਿਕਾ ਦਾ ਮੁਖੀ ਕੌਣ ਸੀ?

3) ਤ੍ਰਿ-ਰਤਨ ਤੋਂ ਕੀ ਭਾਵ ਹੈ?

4) ਮਹਾਂਵੀਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

5) ਜੈਨੀਆਂ ਦੇ ਸਭ ਤੋਂ ਪ੍ਰਭਾਵਸ਼ਾਲੀ ਮੰਦਿਰ ਕਿੱਥੇ ਹਨ?

## 11. ਅਭਿਆਸ ਲਈ ਵੱਡੇ ਪ੍ਰਸ਼ਨ :-

1) ਮਹਾਂਵੀਰ ਦੀਆਂ ਸਿੱਖਿਆਵਾਂ ਦਾ ਵੇਰਵਾ ਦਿਉ।

2) ਜੈਨ ਧਰਮ ਦੇ ਪ੍ਰਸਾਰ ਲਈ ਜ਼ਿੰਮੇਵਾਰ ਕਾਰਨਾਂ ਬਾਰੇ ਲਿਖੋ।

3) ਨਵੇਂ ਧਾਰਮਿਕ ਵਿਚਾਰਾਂ ਨੂੰ ਜਨਮ ਦੇਣ ਵਾਲੇ ਕਾਰਨਾਂ ਦੀ ਵਿਆਖਿਆ ਕਰੋ।

4) ਸਵਾਮੀ ਮਹਾਂਵੀਰ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?

5) ਨੋਟ ਲਿਖੋ :-

(ੳ) ਜੈਨ ਸਭਾਵਾਂ

(ਅ) ਦਿਗੰਬਰ

(ੲ) ਸ਼ਵੇਤਾਂਬਰ

(ਸ) ਅੰਗ

(ਹ) ਤ੍ਰਿ-ਰਤਨ

### Suggested Readings

D.D. Kosambi - The Culture and Civilization of Ancient India

A. Gosh - The City in Early Historical India

R.S. Sharma- Material Cultures and Social Formations in Ancient India

A.C. Arora - Prachin Bharat da Itihas

---

ਇਹ ਪਾਠ ਡਿਸਟੈਂਸ ਐਜ਼ੂਕੇਸ਼ਨ ਕਾਊਂਸਿਲ (ਡੈਕ) ਵੱਲੋਂ ਦਿੱਤੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰਬਰ : 1.8 ਸੈਕਸ਼ਨ :- ਏ ਲੇਖਕ : ਗੁਰਕਿਰਨਜੀਤ ਕੌਰ ਗਰੇਵਾਲ

# ਬੁੱਧ ਧਰਮ : ਬੁੱਧ ਦਾ ਜੀਵਨ ਤੇ ਸਿਖਿਆਵਾਂ

## ਮੁੱਖ ਰੂਪ:-

- ਉਦੇਸ਼
- ਜਾਣ ਪਛਾਣ

1. ਮਹਾਤਮਾ ਬੁੱਧ
2. ਬੁੱਧ ਦੀਆਂ ਸਿੱਖਿਆ
3. ਬੋਧੀ ਸਭਾਵਾਂ
4. ਬੋਧੀ ਸੰਪਰਦਾਇ ਦਾ ਵਿਕਾਸ
5. ਬੁੱਧ ਧਰਮ ਦਾ ਵਿਕਾਸ
6. ਬੁੱਧ ਧਰਮ ਦੇ ਪਤਨ ਦੇ ਕਾਰਣ
7. ਬੁੱਧ ਧਰਮ ਦਾ ਪ੍ਰਭਾਵ
8. ਸਾਰਾਂਸ਼
9. ਸ਼ਬਦਾਵਲੀ
10. ਅਭਿਆਸ ਲਈ ਛੋਟੇ ਪ੍ਰਸ਼ਨ
11. ਅਭਿਆਸ ਲਈ ਵੱਡੇ ਪ੍ਰਸ਼ਨ

## ਉਦੇਸ਼:

ਪਾਠ ਨੂੰ ਪੜ੍ਹਨ ਉਪਰੰਤ ਸਾਨੂੰ ਬੁੱਧ ਧਰਮ ਦੀਆਂ ਸਿੱਖਿਆ, ਧਰਮ ਦੇ ਵਿਕਾਸ ਅਤੇ ਇਸ ਧਰਮ ਦੀ ਸੰਪਰਦਾਇ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਬੁੱਧ ਧਰਮ ਦੀਆਂ ਬੋਧੀ ਸਭਾਵਾਂ ਜਿਨ੍ਹਾਂ ਵਿੱਚ ਧਰਮ ਨਾਲ ਸੰਬੰਧਿਤ 'ਪਿਟਕ' ਰਚੇ ਗਏ ਅਤੇ ਨਾਲ ਹੀ ਇਸ ਧਰਮ ਨੇ ਕਿਵੇਂ ਕਲਾ ਦਾ ਵਿਕਾਸ ਕੀਤਾ ਅਤੇ ਜੀਵਨ ਦੇ ਵੱਖ-ਵੱਖ ਖੇਤਰਾਂ ਨੂੰ ਪ੍ਰਭਾਵਿਤ ਕੀਤਾ। ਉਹਨਾਂ ਕਾਰਨਾ ਦਾ ਵੀ ਗਿਆਨ ਹਾਸਲ ਹੁੰਦਾ ਹੈ ਜਿਹੜੇ ਭਾਰਤ ਵਿੱਚ ਬੁੱਧ ਧਰਮ ਦੇ ਪਤਨ ਲਈ ਜਿੰਮੇਵਾਰ ਸਨ।

## ਜਾਣ ਪਛਾਣ:

ਸਮੇਂ ਨਾਲ ਹਿੰਦੂ ਧਰਮ ਵਿੱਚ ਜਾਤੀ ਪ੍ਰਥਾ, ਅੰਧ ਵਿਸ਼ਵਾਸ, ਅੰਡਬਰਾਂ ਆਦਿ ਨੈ ਘਰ ਕਰ ਲਿਆ ਸੀ। ਅਜਿਹੇ ਹਾਲਤ ਵਿੱਚ ਲੋਕ ਇਕ ਅਜਿਹੇ ਧਰਮ ਦੀ ਆਸ ਕਰ ਰਹੇ ਸਨ ਜੋ ਸਾਦਾ ਅਤੇ ਸਰਲ ਹੋਵੇ, ਵਿਸ਼ੇਸ਼ ਕਰ ਉਪਰ ਦੱਸੀਆਂ ਕੁਰੀਤੀਆਂ ਤੋਂ ਰਹਿਤ। ਇਹਨਾਂ ਪਰਿਸਥਿਤੀਆਂ ਵਿੱਚ ਮਹਾਤਮਾ ਬੁੱਧ ਦੁਆਰਾ ਨਵਾਂ ਧਰਮ ਸ਼ੁਰੂ ਕੀਤਾ ਗਿਆ ਜਿਸਨੂੰ ਬੁੱਧ ਧਰਮ ਕਿਹਾ ਜਾਣ ਲੱਗਾ। ਇਹ ਧਰਮ ਆਪਣੀ ਸਾਦਗੀ ਅਤੇ ਸਮਾਨਤਾ ਕਾਰਨ ਇਨ੍ਹਾਂ ਪ੍ਰਸਿੱਧ ਹੋਇਆ ਕਿ ਨਾ ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਪ੍ਰਚੱਲਿਤ ਹੋਇਆ।

## 1. ਮਹਾਤਮਾ ਬੁੱਧ:

ਬੁੱਧ ਧਰਮ ਦੀ ਨੀਂਹ ਗੋਤਮ ਬੁੱਧ ਨੇ ਰੱਖੀ। ਉਹਨਾਂ ਦਾ ਮੁੱਢਲਾ ਨਾਂ ਸਿਧਾਰਥ, ਪਿਤਾ ਦਾ ਨਾਂ ਸ਼ਧੋਦਨ ਜੋ ਸੂਰਜ ਵੰਸ਼ੀ ਕਸ਼ੱਤਰੀਆ ਦੇ ਸ਼ਾਕਯ ਨਾਮੀ ਕਬੀਲੇ ਦੇ ਰਾਜਾ ਸਨ। ਜਿਸਦੀ ਰਾਜਧਾਨੀ ਕਪਲਵਸਤੂ ਸੀ। ਮਾਤਾ ਦਾ ਨਾਂ ਮਹਾਂਮਾਇਆ ਸੀ। ਬੁੱਧ ਦੇ ਜਨਮ ਸਬੰਧੀ ਇਤਿਹਾਸਕਾਰਾਂ ਵਿੱਚ ਮਤਭੇਦ ਰਿਹਾ ਪਰੰਤੂ 566 ਈ. ਪੂਰਵ ਦੀ ਮਿਤੀ ਨੂੰ ਵੱਧ ਮਾਨਤਾ ਦਿੱਤੀ ਗਈ ਹੈ। ਬੁੱਧ ਦਾ ਵਿਆਹ ਰਾਜਕੁਮਾਰੀ ਯਸ਼ੋਧਰਾ ਨਾਲ ਹੋਇਆ ਅਤੇ ਉਹਨਾਂ ਦੇ ਘਰ ਇੱਕ ਪੁਤਰ ਨੇ ਜਨਮ ਲਿਆ ਜਿਸ ਦਾ ਨਾਂ ਰਾਹੁਲ ਰੱਖਿਆ ਗਿਆ।

ਬੋਧੀ ਪਰੰਪਰਾ ਅਨੁਸਾਰ ਇਕ ਦਿਨ ਸਿਧਾਰਥ ਆਪਣੇ ਰੱਥ ਵਿੱਚ ਸਾਰਥੀ ਚੰਨ ਨਾਲ ਸੈਰ ਕਰਨ ਨਿਕਲਿਆ ਤਾਂ ਚਾਰ ਦ੍ਰਿਸ਼ ਵੇਖੇ ਜਿਨ੍ਹਾਂ ਨੇ ਉਸਦੇ ਮਨ ਤੇ ਡੂੰਘਾ ਪ੍ਰਭਾਵ ਪਾਇਆ। ਉਹ ਚਾਰ ਦ੍ਰਿਸ਼ ਸਨ- ਬੁੱਢਾ ਆਦਮੀ, ਰੋਗੀ, ਮੁਰਦਾ ਅਤੇ ਸੰਨਿਆਸੀ। ਸਿਧਾਰਥ ਨੇ ਸੱਚੇ ਗਿਆਨ ਦੀ ਖੋਜ ਦਾ ਦ੍ਰਿੜ ਨਿਸ਼ਚੇ ਕੀਤਾ। ਉਸਨੇ ਆਪਣੇ ਪਰਿਵਾਰ ਤੇ ਹੋਰ ਸੁੱਖ ਆਰਾਮ ਛੱਡ ਕੇ ਆਪਣੇ ਘੋੜੇ ਕੰਥਕ ਤੇ ਸਵਾਰ ਹੋ ਕੇ ਸੱਚੇ ਗਿਆਨ ਦੀ ਭਾਲ ਵਿੱਚ ਨਿਕਲ ਗਿਆ। ਛੇਤੀ ਹੀ ਉਸਨੇ ਆਪਣੇ ਰੇਸ਼ਮੀ ਬਸਤਰ ਅਤੇ ਬਾਲ ਕੱਟ ਦਿੱਤੇ ਅਤੇ ਸੰਨਿਆਸੀ ਬਣ ਗਿਆ। ਪ੍ਰਸਿੱਧ ਵਿਦਵਾਨ ਅਲਾਰ ਤੋਂ ਸਿਖਿੱਆ ਪ੍ਰਾਪਤ ਕੀਤੀ ਪਰ ਉਹ ਸੰਤੁਸ਼ਟ ਨਾ ਹੋਇਆ। ਅੰਤ ਗੋਤਮ ਉਰਵਲਾ ਗਏ ਜਿੱਥੇ ਨਿਰੰਜਨ ਨਦੀ ਦੇ ਕੰਢੇ ਪਿੱਪਲ ਦੇ ਇਕ ਬ੍ਰਿਛ ਹੇਠ ਸਮਾਧੀ ਲਾ ਲਈ। ਅਖੰਡ ਸਮਾਧੀ ਦੇ 49ਵੇਂ ਦਿਨ ਗੋਤਮ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਅਤੇ ਉਹ 'ਬੁੱਧ' ਕਹਿਲਾਉਣ ਲੱਗੇ। ਸਭ ਤੋਂ ਪਹਿਲਾਂ ਬੁਧ ਨੇ ਬਨਾਰਸ ਦੇ ਮ੍ਰਿਗ ਬਾਗ ਵਿੱਚ ਪਹਿਲਾ ਭਾਸ਼ਣ ਦਿੱਤਾ ਜਿਸਨੂੰ ਧਰਮ ਚੱਕਰ ਪਰਿਵਰਤਨ ਕਿਹਾ ਜਾਂਦਾ ਹੈ। ਅਵਸ਼ਜੀਤ, ਉਪਾਲੀ, ਮੋਗਲਾਨਾਂ, ਸਰੀਪੁੱਤਰ ਅਤੇ ਅਨੰਦਾਉਹਨਾਂ ਦੇ ਪਹਿਲੇ ਪੰਜ ਸ਼ਿਸ਼ ਬਣੇ। ਹੋਲੀ-ਹੋਲੀ ਬੋਧੀ ਸੰਘ ਦੀ ਸਥਾਪਨਾ ਕੀਤੀ। ਮਹਾਤਮਾ ਬੁੱਧ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਮਗਧ ਦੇ ਬਿੰਬਿਸਾਰ, ਅਜਾਤਸ਼ਤਰੂ, ਕੋਸ਼ਾਲ ਰਾਜ ਦੇ ਰਾਜਾ ਪ੍ਰਸੰਨਜੀਤ, ਕੋਸ਼ਾਬੀ ਦੇ ਉਦਾਯਨ, ਬੁਧ ਦੀ ਪਤਨੀ ਅਤੇ ਪੁੱਤਰ ਰਾਹੁਲ ਆਦਿ ਨੇ ਬੁਧ ਧਰਮ ਅਪਣਾਇਆ। ਮਹਾਤਮਾ ਬੁੱਧ ਨੇ ਸਾਰਨਾਥ, ਮਥੁਰਾ, ਰਾਜਗ੍ਰਿਹਿ, ਪਾਟਲੀਪੁਤਰ ਆਦਿ ਥਾਵਾਂ ਤੇ ਪ੍ਰਚਾਰ ਕੀਤਾ। ਅੰਤ 80 ਸਾਲ ਦੀ ਉਮਰ ਵਿੱਚ ਸਿਹਤ ਵਿਗੜ ਜਾਣ ਕਾਰਨ 486 ਈ. ਪੂ. ਨੂੰ ਕੁਸ਼ੀਨਗਰ ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ।

## 1. ਮਹਾਤਮਾ ਬੁੱਧ ਦੀਆਂ ਸਿਖਿਆਵਾਂ:

ਮਹਾਤਮਾ ਬੁਧ ਦੀਆਂ ਸਿਖਿਆਵਾਂ ਸਰਲ ਅਤੇ ਉਹਨਾਂ ਦੇ ਜੀਵਨ ਦੇ ਤਜਰਬੇ ਤੇ ਆਧਾਰਿਤ ਸਨ। ਉਹਨਾਂ ਨੇ ਸਿਖਿੱਆ ਦਾ ਪ੍ਰਚਾਰ ਲੋਕ ਬੋਲੀ ਪਾਲੀ ਵਿੱਚ ਕੀਤਾ। ਉਹਨਾਂ ਦੀਆਂ ਸਿੱਖਿਆਵਾਂ ਹੇਠ ਲਿਖੀਆਂ ਹਨ:-

I. **ਚਾਰ ਮੂਲ ਸੱਚਾਈਆਂ**:- ਮਹਾਤਮਾ ਬੁਧ ਦੇ ਉਪਦੇਸ਼ਾਂ ਦਾ ਪਹਿਲਾ ਸਿਧਾਂਤ ਜੀਵਨ ਦੀਆਂ ਚਾਰ ਮੂਲ ਸੱਚਾਈਆਂ ਸਨ:-

   a) ਸੰਸਾਰ ਦੁੱਖਾਂ ਨਾਲ ਭਰਿਆ ਹੋਇਆ ਹੈ।

   b) ਦੁੱਖ ਦਾ ਕਾਰਨ ਹੈ - ਲਾਲਸਾ।

   c) ਲਾਲਸਾ ਦਾ ਦਮਨ ਨਾਲ ਦੁੱ ਦੂਰ ਹੋ ਜਾਂਦਾ ਹੈ।

   d) ਇਹ ਲਾਲਸਾ ਦਾ ਦਮਨ ਅਸ਼ਟ ਮਾਰਗ ਦੁਆਰਾ ਕੀਤਾ ਜਾ ਸਕਦਾ ਹੈ।

II. **ਅਸ਼ਟ ਮਾਰਗ** :- ਮਹਾਤਮਾ ਬੁਧ ਨੇ ਅੱਠ ਸਿਧਾਂਤ ਦਿੱਤੇ ਜਿਨ੍ਹਾਂ ਨੂੰ ਅਸ਼ਟ ਮਾਰਗ ਕਿਹਾ ਜਾਂਦਾ ਹੈ। ਇਹ ਹੇਠ ਲਿਖੇ ਹਨ:-

(i) **ਸੱਚਾ ਵਿਚਾਰ:**- ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੰਸਾਰ ਦੁੱਖਾਂ ਨਾਲ ਭਰਿਆ ਹੋਇਆ ਹੈ ਅਤੇ ਜਿਸ ਦਾ ਕਾਰਨ ਹੈ - ਤ੍ਰਿਸ਼ਨਾ। ਤ੍ਰਿਸ਼ਨਾ ਦੇ ਅੰਤ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ।

(ii) **ਸੱਚਾ ਉਦੇਸ਼:**- ਸਾਨੂੰ ਸੁੱਖ, ਆਰਾਮ ਛੱਡ, ਮਾਨਵਵਾਦ ਅਤੇ ਦੂਜਿਆਂ ਦੀ ਖੁਸ਼ੀ ਵੱਲ ਧਿਆਨ ਦੇਣਾ ਚਾਹੀਦਾ ਹੈ।

(iii) **ਸੁੱਚਾ ਵਚਨ:**- ਸਾਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ।

(iv) **ਸੁੱਚਾ ਕਰਮ:**- ਮਨੁੱਖ ਦੇ ਸੱਚੇ ਕਰਮ ਹੋਣੇ ਚਾਹੀਦੇ ਹਨ ਜਿਵੇਂ ਅਹਿੰਸਾ, ਦਾਨ, ਦਿਆਲਤਾ, ਪ੍ਰੇਮ ਆਦਿ।

(v) **ਸੱਚਾ ਰਹਿਣ-ਸਹਿਣ:**- ਮਨੁੱਖ ਨੂੰ ਆਪਣੀ ਰੋਜੀ ਰੋਟੀ ਸ਼ੁੱਧ ਸਾਧਨਾ ਰਾਹੀ ਕਮਾਉਣੀ ਚਾਹੀਦੀ ਹੈ।

(vi) **ਸੱਚਾ ਯਤਨ:**- ਮਨੁੱਖ ਦੇ ਯਤਨ ਸੱਚੇ ਹੋਣੇ ਚਾਹੀਦੇ ਹਨ ਤਾਂ ਜੋ ਉਹ ਬੁਰੇ ਖਿਆਲ ਦੂਰ ਕਰ ਆਪਣੀ ਲਾਲਸਾ ਦਾ ਦਮਨ ਕਰ ਸਕੇ।

(vii) **ਸੱਚੀ ਸਮ੍ਰਿਤੀ:**- ਮਨੁੱਖ ਨੂੰ ਮਾੜੀਆਂ ਗੱਲਾਂ ਭੁੱਲ ਕੇ ਸੱਚੀਆਂ ਗੱਲਾਂ ਦਾ ਚਿੰਤਨ ਕਰਨਾ ਚਾਹੀਦਾ ਹੈ।

(viii) **ਸੱਚਾ ਧਿਆਨ:**- ਮਨੁੱਖ ਨੂੰ ਮੋਹ ਮਾਇਆ ਨੂੰ ਛੱਡ ਕੇ ਸੱਚਾ ਧਿਆਨ ਲਾਉਣਾ ਚਾਹੀਦਾ ਹੈ ਤਾਂ ਜੋ ਉਸਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਸਕੇ।

III. **ਕਰਮ ਸਿਧਾਂਤ**- ਮਹਾਤਮਾ ਬੁਧ ਨੇ ਕਰਮ ਸਿਧਾਂਤ ਤੇ ਜੋਰ ਦਿੱਤਾ ਜਿਸ ਅਨੁਸਾਰ ਵਰਤਮਾਨ ਪਿਛਲੇ ਜਨਮ ਵਿੱਚ ਕੀਤੇ ਗਏ ਕਰਮਾਂ ਤੇ ਆਧਾਰਿਤ ਹੈ। ਇਸ ਲਈ ਸਾਨੂੰ ਚੰਗੇ ਅਤੇ ਸੱਚੇ ਕਰਮ ਕਰਨੇ ਚਾਹੀਦੇ ਹਨ। ਜੋ ਜਿਹਾ ਬੀਜੇਗਾ, ਉਹ ਉਹੋ ਜਿਹਾ ਹੀ ਵੱਢੇਗਾ ਭਾਵ ਮਨੁੱਖ ਆਪਣੇ ਭਾਗਾਂ ਦਾ ਆਪ ਨਿਰਮਾਤਾ ਹੈ।

IV. **ਅਹਿੰਸਾ:**- ਅਹਿੰਸਾ ਬੁਧ ਧਰਮ ਦਾ ਮਹੱਤਵਪੂਰਨ ਸਿਧਾਂਤ ਮੰਨਿਆ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਮਨੁੱਖ ਨੂੰ ਸਾਰੇ ਜੀਵਾਂ ਨਾਲ ਭਾਵ ਮਨੁੱਖ ਅਤੇ ਪਸ਼ੂ ਪੰਛੀਆਂ ਨਾਂਲ ਪਿਆਰ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੀ ਹੱਤਿਆ ਨਹੀਂ ਕਰਨੀ ਚਾਹੀਦੀ। ਮਹਾਤਮਾ ਬੁੱਧ ਨੇ ਮਾਸ ਖਾਣ ਦੀ ਨਿੰਦਿਆ ਵੀ ਕੀਤੀ। ਪਰੰਤੂ ਮਹਾਤਮਾ ਬੁਧ ਨੇ ਮਹਾਵੀਰ ਦੀ ਤਰ੍ਹਾਂ ਇਹ ਪ੍ਰਚਾਰ ਨਹੀਂ ਕੀਤਾ ਕਿ ਪੇੜ, ਪੋਦਿਆਂ ਅਤੇ ਪੱਥਰਾਂ ਵਿੱਚ ਵੀ ਜਾਨ ਹੈ।

V. **ਭਰਾਤਰੀ ਭਾਵ**- ਮਹਾਤਮਾ ਬੁਧ ਨੇ ਭਰਾਤਰੀ ਭਾਵ ਦੇ ਸਿਧਾਂਤ ਦਾ ਵੀ ਪ੍ਰਚਾਰ ਕੀਤਾ। ਉਹਨਾਂ ਨੈ ਸਾਰਿਆਂ ਨੂੰ ਆਪਸ ਵਿੱਚ ਮਿਲ ਜੁਲ ਕੇ ਰਹਿਣ ਦਾਉਪਦੇਸ਼ ਦਿੱਤਾ। ਮਹਾਤਮਾ ਬੁਧ ਨੇ ਸਾਰੀਆਂ ਜਾਤੀਆਂ ਪ੍ਰਤੀ ਪ੍ਰੇਮ ਅਤੇ ਨਿਮਰਤਾ ਦਾ ਸਲੂਕ ਕਰਕੇ ਇੱਕ ਉਦਹਾਰਣ ਲੋਕਾਂ ਸਾਹਮਣੇ ਰੱਖਿਆ।

VI. **ਨਿਰਵਾਣ**- ਮਹਾਤਮਾ ਬੁਧ ਨੇ ਲੋਕਾਂ ਨੂੰ ਨਿਰਵਾਣ ਦਾ ਸਿਧਾਂਤ ਦਿੱਤਾ। ਇਸ ਦੇ ਅਨੁਸਾਰ ਮਨੁੱਖ ਦੇ ਜੀਵਨ ਦਾ ਮੁੱਖ ਉਦੇਸ਼ ਮਨ ਦੀ ਪੂਰਨ ਸ਼ਾਂਤੀ ਪ੍ਰਾਪਤ ਕਰਨਾ ਹੈ। ਜਿਸ ਦੀ ਪ੍ਰਾਪਤੀ ਲਈ ਤ੍ਰਿਸ਼ਨਾ ਦੀ ਸਮਾਪਤੀ ਜਰੂਰੀ ਹੈ। ਤ੍ਰਿਸ਼ਨਾ ਦੀ ਸਮਾਪਤੀ ਨੈਤਿਕਤਾ ਦੁਆਰਾ ਹੀ ਕੀਤੀ ਜਾ ਸਕਦੀ ਹੈ।

VII. **ਜਾਤੀ ਪ੍ਰਥਾ ਦਾ ਖੰਡਨ**- ਹਿੰਦੂ ਧਰਮ ਵਿੱਚ ਜਾਤੀ ਪ੍ਰਥਾ ਸਥਾਪਿਤ ਹੋ ਜਾਣ ਨਾਲ ਸਮਾਜ ਚਾਰ ਮੁੱਖ ਜਾਤਾਂ ਵਿੱਚ ਵੰਡਿਆ ਗਿਆ ਸੀ। ਉਚ ਜਾਤੀ ਦੇ ਲੋਕ ਜਿਵੇਂ:- ਬ੍ਰਾਹਮਣ ਅਤੇ ਕਸ਼ੱਤਰੀ ਨੀਵੀਂ ਜਾਤਾਂ ਜਿਵੇਂ ਵੈਸ਼, ਸ਼ੂਦਰ ਨਾਲ ਮੇਲ ਜੋਲ ਨਹੀਂ ਸਨ ਰੱਖਦੇ ਅਤੇ ਨਾ ਹੀ ਉਹਨਾਂ ਦਾ ਸਤਿਕਾਰ ਕਰਦੇ ਸਨ। ਮਹਾਤਮਾ ਬੁਧ ਨੇ ਬੁਧ ਧਰਮ ਵਿੱਚ ਜਾਤੀ ਪ੍ਰਥਾ ਨੂੰ ਕੋਈ ਸਥਾਨ ਨਾ ਦਿੱਤਾ ਅਤੇ ਸਭ ਨੂੰ ਇੱਕ ਸਮਾਨ ਸਮਝਿਆ ਜਾਣ ਲੱਗਾ। ਉਹਨਾਂ ਆਪਣੇ ਅਨੁਯਾਈਆਂ ਵਿੱਚ ਏਕਤਾ ਅਤੇ ਆਪਸੀ ਭਾਈਚਾਰੇ ਨੂੰ ਉਤਸ਼ਾਹਿਤ ਕੀਤਾ।

VIII. **ਯੱਗ ਅਤੇ ਬਲੀ ਵਿੱਚ ਅਵਿਸ਼ਵਾਸ**- ਹਿੰਦੂ ਧਰਮ ਵਿੱਚ ਯੱਗ ਅਤੇ ਬਲੀ ਨੂੰ ਮਹੱਤਵਪੂਰਨ ਮੰਨਿਆ ਗਿਆ ਸੀ। ਕਿਸੇ ਵੀ ਦੇਵੀ ਜਾਂ ਦੇਵਤੇ ਨੂੰ ਖੁਸ਼ ਕਰਨ ਲਈ ਬ੍ਰਾਹਮਣਾਂ ਤੋਂ ਯੱਗ ਅਤੇ ਉਸ ਉਪਰੰਤ ਬਲੀ ਦੀ ਰਸਮ ਕਰਵਾਉਂਦੇ ਸਨ। ਮਹਾਤਮਾ ਬੁਧ ਨੇ ਇਸ ਦਾ ਖੰਡਨ ਕੀਤਾ ਅਤੇ ਅਹਿੰਸਾ ਦਾ ਸਿਧਾਂਤ ਦਿੱਤਾ। ਜਿਸ ਅਨੁਸਾਰ ਬੁਧ ਧਰਮ ਵਿੱਚ ਕਿਸੇ ਵੀ ਜੀਵ, ਮਨੁੱਖ ਜਾਂ ਪਸ਼ੂ ਦੀ ਹੱਤਿਆ ਕਰਨ ਦੀ ਮਨਾਹੀ ਸੀ।

ਮਹਾਤਮਾ ਬੁਧ ਦੀਆਂ ਸਿੱਖਿਆਵਾਂ ਨੂੰ ਸਾਹਿਤਬੱਧ ਕੀਤਾ ਗਿਆ ਅਤੇ ਇਹਨਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ:-

1. **ਸੂਤ-ਪਿਟਕ**- ਇਸ ਗ੍ਰੰਥ ਦੀ ਰਚਨਾ ਆਨੰਦਾ ਨੇ ਕੀਤੀ ਅਤੇ ਇਹ ਪਾਲੀ ਭਾਸ਼ਾਂ ਵਿੱਚ ਰਚਿਆ ਗਿਆ। ਇਸ ਗ੍ਰੰਥ ਵਿੱਚ ਬੁੱਧ ਧਰਮ ਦੇ ਸਿਧਾਂਤ ਮਹਾਤਮਾ ਬੁਧ ਦੇ ਆਪਣੇ ਸ਼ਬਦਾਂ ਵਿੱਚ ਦਿੱਤੇ ਗਏ ਹਨ। ਇਸ ਗ੍ਰੰਥ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਸਨੂੰ 'ਨਿਕਾਯਾ' ਕਿਹਾ ਜਾਂਦਾ ਹੈ:- ਦਿਗ ਨਿਕਾਯਾ, ਮਾਜਿਮਾ ਨਿਕਾਯਾ, ਸਮਯੂਤ ਨਿਕਾਯਾ, ਅਗੂਤਰ ਨਿਕਾਯਾ, ਖੂਹਦਕ ਨਿਕਾਯਾ।
2. **ਵਿਨੈ ਪਿਟਕ**- ਇਸ ਗ੍ਰੰਥ ਦੀ ਰਚਨਾ ਉਪਾਲੀ ਨੇ ਕੀਤੀ। ਇਸ ਗ੍ਰੰਥ ਵਿੱਚ ਭਿਕਸ਼ੂ ਅਤੇ ਭਿਕਸ਼ੂਣੀਆਂ ਦੇ ਜੀਵਨ ਸੰਬੰਧੀ ਨਿਯਮ ਦਰਜ ਹਨ।
3. **ਅਭਿਧਮ ਪਿਟਕ**- ਇਸ ਗ੍ਰੰਥ ਵਿੱਚ ਜੀਵਨ ਦਰਸ਼ਨ ਸੰਬੰਧੀ ਮਹਾਤਮਾ ਬੁਧ ਦੀਆਂ ਸਿੱਖਿਆ ਨੂੰ ਪ੍ਰਸ਼ਨ ਅਤੇ ਉਤਰ ਰੂਪ ਵਿੱਚ ਲਿਖਿਆ ਗਿਆ ਹੈ।

**3. ਬੋਧੀ ਸਭਾਵਾਂ :**

(i) **ਪਹਿਲੀ ਸਭਾ**- ਮਹਾਤਮਾ ਬੁਧ ਦੇ ਦੇਹਾਂਤ ਤੋਂ ਕੁਝ ਸਮੇਂ ਬਾਅਦ ਹੀ ਰਾਜਗ੍ਰਹਿ ਵਿਖੇ 483 ਈ. ਪੂ. ਵਿੱਚ ਪਹਿਲੀ ਬੋਧੀ ਸਭਾ ਬੁਲਾਈ ਗਈ। ਇਸ ਸਭਾ ਦੀ ਪ੍ਰਧਾਨਗੀ ਮਹਾਂਕਸ਼ਿਅਪ ਨੇ ਕੀਤੀ ਜਿਸ ਵਿੱਚ 500 ਭਿਕਸ਼ੂਆਂ ਨੇ ਭਾਗ ਲਿਆ। ਇਸ ਸਭਾ ਦਾ ਉਦੇਸ਼ ਬੁਧ ਦੀਆਂ ਸਿਖਿਆਵਾਂ ਦਾ ਸੰਗ੍ਰਹਿ ਕਰਨਾ ਸੀ। ਮਹਾਤਮਾ ਬੁਧ ਦੇ ਸਭ ਤੋਂ ਪਿਆਰੇ ਚੇਲੇ ਆਨੰਦਾ ਅਤੇ ਉਪਾਲੀ ਉਹਨਾਂ ਦੀਆਂ ਸਿਖਿਆਵਾਂ ਦਾ ਸੰਗ੍ਰਹਿ ਉਸ ਸਮੇਂ ਦੀ ਲੋਕ ਬੋਲੀ ਪਾਲੀ ਵਿੱਚ ਕੀਤਾ ਅਤੇ ਇਹਨਾਂ ਗ੍ਰੰਥਾਂ ਨੂੰ ਸੂਤ ਪਿਟਕ ਅਤੇ ਵਿਨੈ ਪਿਟਕ ਦਾ ਨਾਂ ਦਿੱਤਾ ਗਿਆ।

(ii) **ਦੂਜੀ ਸਭਾ**- ਬੁਧ ਧਰਮ ਦੀ ਦੂਜੀ ਮਹਾਂ ਸਭਾ ਮਹਾਤਮਾ ਬੁਧ ਦੇ ਦੇਹਾਂਤ ਤੋਂ 100 ਸਾਲ ਪਿੱਛੋਂ ਵੈਸ਼ਾਲੀ ਵਿਖੇ 383 ਈ. ਪੂ. ਵਿੱਚ ਆਯੋਜਿਤ ਕੀਤੀ ਗਈ।* ਇਸ ਵਿੱਚ ਲਗਭਗ 700 ਭਿਖਸ਼ੂਆਂ ਨੇ ਭਾਗ ਲਿਆ। ਇਸ ਸਭਾ ਵਿੱਚ ਵੈਸ਼ਾਲੀ ਅਤੇ ਪਾਟਲੀਪੁਤਰ ਦੇ ਭਿਖਸ਼ੂਆਂ ਅਤੇ ਕੋਸ਼ਾਬੀ ਤੇ ਅਵੰਤੀ ਦੇ ਭਿਖਸ਼ੂਆਂ ਵਿੱਚ ਕੁਝ ਸਿਖਿਆ ਨੂੰ ਲੈ ਕੇ ਮਤਭੇਦ ਹੋ ਗਿਆ। ਇਸ

ਸਭਾ ਵਿੱਚ ਮਤਭੇਦ ਦੂਰ ਨਾ ਹੋ ਸਕਿਆ। ਜਿਸ ਕਾਰਨ ਬੁਧ ਧਰਮ ਵਿੱਚ ਦੋ ਮਤ ਕਾਇਮ ਹੋ ਗਏ-ਸਥਾਵੀਰਵਾਦੀ ਅਤੇ ਮਹਾਂਸੰਘਿਕ।* ਇਹ ਸਭਾ ਸ਼ਿਸ਼ੂਨਾਗ ਵੰਸ਼ ਦੇ ਰਾਜਾ ਕਾਲਸੋਕ ਦੇ ਰਾਜ ਕਾਲ ਵਿੱਚ ਹੋਈ।

(iii) **ਤੀਜੀ ਸਭਾ**- ਤੀਜੀ ਮਹਾਂਬੋਧੀ ਸਭਾ ਮੋਰੀਆ ਸਮਰਾਟ ਅਸ਼ੋਕ ਦੇ ਰਾਜ ਕਾਲ ਦੋਰਾਨ 251 ਈ.ਪੂ. ਵਿੱਚ ਪਾਟਲੀਪੁਤਰ ਵਿਖੇ ਬੁਲਾਈ ਗਈ। ਇਸ ਸਭਾ ਦੀ ਪ੍ਰਧਾਨਗੀ ਮੋਗਲੀਪੁਤ ਤਿੱਸ ਨੇ ਕੀਤੀ। ਇਸ ਸਭਾ ਵਿੱਚ ਬੁਧ ਧਰਮ ਦੇ ਦਾਰਸ਼ਨਿਕ ਸਿਧਾਂਤਾਂ ਨੂੰ ਤੀਜੇ ਪਿਟਕ ਵਿੱਚ ਸੰਗ੍ਰਹਿ ਕੀਤਾ ਗਿਆ ਅਤੇ ਉਸਦਾ ਨਾਂ ਅਤਿਧਮ ਪਿਟਕ ਰੱਖਿਆ ਗਿਆ। ਇਸ ਤੋਂ ਇਲਾਵਾ ਬੋਧੀਆਂ ਦੇ ਆਪਸੀ ਮਤਭੇਦ ਵੀ ਦੂਰ ਕੀਤੇ ਗਏ ਅਤੇ ਧਰਮ ਪ੍ਰਚਾਰ ਦਾ ਵੀ ਫੈਸਲਾ ਕੀਤਾ ਗਿਆ।

(iv) **ਚੌਥੀ ਸਭਾ**- ਬੁਧ ਧਰਮ ਦੀ ਚੋਥੀ ਮਹਾਂਸਭਾ ਸਮਰਾਟ ਕਨਿਸ਼ਕ ਦੇ ਰਾਜਕਾਲ ਦੋਰਾਨ ਪਹਿਲੀ ਸ਼ਤਾਬਦੀ ਵਿੱਚ ਕਸ਼ਮੀਰ ਵਿਖੇ ਬੁਲਾਈ ਗਈ। ਇਸ ਦਾ ਸਭਾਪਤੀ ਵਾਸੂਮਿਤਰ ਅਤੇ ਉਪ-ਸਭਾਪਤੀ ਅਸ਼ਵਘੋਸ਼ ਸੀ। ਇਸ ਸਭਾ ਵਿੱਚ ਤ੍ਰਿਪਿਟਕ ਗ੍ਰੰਥਾਂ ਉਤੇ ਟਿਪਣੀਆਂ ਲਿਖੀਆਂ ਗਈਆਂ ਜਿਨ੍ਹਾਂ ਨੂੰ 'ਵਿਭਾਸ਼' ਕਿਹਾ ਜਾਂਦਾ ਹੈ। ਬੁਧ ਧਰਮ ਦੇ ਮਤ-ਭੇਦ ਨੂੰ ਨਿਪਟਾਉਣ ਦਾ ਯਤਨ ਕੀਤਾ ਗਿਆ ਪਰੰਤੂ ਇਸ ਵਿੱਚ ਸਫਲਤਾ ਹਾਸਿਲ ਨਾ ਹੋਈ (ਕਸ਼ਮੀਰ ਅਤੇ ਗੰਧਾਰ ਦੇ ਭਿਖਸ਼ੂਆਂ ਵਿੱਚ ਮਤ-ਭੇਦ)।

## 4. ਬੁਧ ਧਰਮ ਵਿੱਚ ਸੰਪਰਦਾਇਕਤਾ ਦਾ ਵਿਕਾਸ :

(i) **ਸਥਵੀਰਵਾਦੀ ਅਤੇ ਮਹਾਂਸੰਘਿਕ**- ਬੁਧ ਧਰਮ ਦੀ ਦੂਜੀ ਮਹਾਂਸਭਾ ਜੋ ਵੈਸ਼ਾਲੀ ਵਿੱਚ ਬੁਲਾਈ ਗਈ ਜਿੱਥੇ ਵੈਸ਼ਾਲੀ ਅਤੇ ਅਵੰਤੀ ਦੇ ਭਿਖਸ਼ੂਆਂ ਵਿੱਚ ਮਤਭੇਦ ਹੋ ਗਿਆ। ਵੈਸ਼ਾਲੀ ਦੇ ਬੋਧੀਆਂ ਦੀਆਂ ਦਸ ਅਗਿਆਵਾਂ ਨੂੰ ਨਹੀਂ ਮੰਨਿਆ ਗਿਆ। ਬਾਅਦ ਵਿੱਚ ਪਾਟਲੀਪੁਤਰ ਵਿਖੇ ਹੋਈ ਇਕ ਸਭਾ ਵਿੱਚ ਭਿਖਸ਼ੂਆਂ ਦੇ ਆਚਰਣ ਸੰਬੰਧੀ ਵੀ ਕੁਝ ਨਿਯਮ ਬਣਾਏ ਗਏ। ਇਨ੍ਹਾਂ ਨਿਯਮਾਂ ਨੂੰ ਮੰਨਣ ਵਾਲਿਆਂ ਨੂੰ ਮਹਾਂਸੰਘਿਕ ਕਿਹਾ ਜਾਣ ਲੱਗਾ ਅਤੇ ਜਿਨ੍ਹਾਂ ਭਿਖਸ਼ੂਆਂ ਨੇ ਇਨ੍ਹਾਂ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਉਹਨਾਂ ਨੂੰ ਸਥਵੀਰਵਾਦੀ ਕਿਹਾ ਜਾਣ ਲੱਗਾ। ਇਹ ਭਿਖਸ਼ੂ ਸਖਤੀ ਅਤੇ ਕੜੇ ਅਨੁਸ਼ਾਸਨ ਵਿੱਚ ਜੀਵਨ ਬਿਤਾਉਣ ਦੇ ਪੱਖ ਵਿੱਚ ਸਨ।

(ii) **ਮਹਾਯਾਨ ਅਤੇ ਹਿਨਯਾਨ**- ਸਮਾਂ ਬੀਤਣ ਤੇ ਬੁਧ ਧਰਮ ਵਿੱਚ ਇਕ ਨਵੀਂ ਸੰਪਰਦਾ ਦਾ ਜਨਮ ਹੋਇਆ। ਜਿਸਨੂੰ ਮਹਾਂਯਾਨ ਆਖਦੇ ਸਨ। ਮਹਾਂਸੰਘਿਕਾ ਨੂੰ ਮਹਾਯਾਨ ਦਾ ਅਗਵਾਨ ਮੰਨਿਆ ਜਾਂਦਾ ਹੈ। ਇਹ ਉਦਾਰਵਾਦੀ ਵਿਚਾਰਾਂ ਦੇ ਭਿਖਸ਼ੂਆਂ ਨੇ ਆਪਣੀਆਂ ਲੋੜਾਂ ਅਨੁਸਾਰ ਕਈ ਤਬਦੀਲੀਆਂ ਲੈ ਆਂਦੀਆਂ ਅਤੇ ਇਹ ਮਹਾਂਯਾਨ ਅਖਵਾਉਣ ਲੱਗੇ ਭਾਵ ਮਹਾਂ-ਚੱਕਰ। ਇਸ ਸੰਪਰਦਾ ਦੇ ਅਨੁਯਾਈ ਬੋਧੀਸਤਵਾਂ ਦੀ ਮਹਾਨਤਾ ਤੇ ਵਿਸ਼ਵਾਸ ਰੱਖਦੇ ਸਨ। ਉਹ ਮਹਾਤਮਾ ਬੁਧ ਨੂੰ ਦੇਵਤਾ ਦੇ ਰੂਪ ਵਿੱਚ ਪੂਜਦੇ ਸਨ ਅਤੇ ਉਨਾਂ ਨੇ ਬੁਧ ਅਤੇ ਬੋਧੀਸਤਵਾਂ ਦੀਆਂ ਮੂਰਤੀਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਇਸ ਸੰਪਰਦਾ ਦਾ ਚੀਨ, ਜਾਪਾਨ, ਤਿਬਤ, ਉਤਰੀ ਭਾਰਤ ਆਦਿ ਥਾਵਾਂ ਤੇ ਪ੍ਰਚਾਰ ਹੋਇਆ। ਦੂਜੇ ਪਾਸੇ ਪੁਰਾਣੇ ਵਿਚਾਰਾਂ ਦੇ ਕੱਟਣ ਬੋਧੀਆਂ ਨੇ ਬੁਧ ਧਰਮ ਵਿੱਚ ਕਿਸੇ ਪ੍ਰਕਾਰ ਦੀਆਂ ਤਬਦੀਲੀਆਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਇਹਨਾਂ ਬੋਧੀਆਂ ਦੀ ਹੀਨਯਾਨ ਨਾਮਕ ਅਲੱਗ ਸੰਪਰਦਾਬਣ ਗਈ

ਭਾਵ ਛੋਟਾ ਚੱਕਰ। ਇਸ ਸੰਪਰਦਾ ਦੇ ਅਨੁਯਾਈ ਮਹਾਤਮਾ ਬੁਧ ਦੁਆਰਾ ਦਿੱਤੀਆਂ ਗਈਆਂ ਸਿਖਿਆਵਾਂ ਨੂੰ ਬਿਨ੍ਹਾਂ ਕਿਸੇ ਬਦਲਾਵ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਲੱਗੇ। ਇਸ ਸੰਪਰਦਾ ਦਾ ਪ੍ਰਸਾਰ ਲੰਕਾ, ਬਰਮਾ ਆਦਿ ਦੇਸ਼ਾਂ ਵਿੱਚ ਹੋਇਆ।

## 5. ਬੁੱਧ ਧਰਮ ਦਾ ਵਿਕਾਸ :

ਮਹਾਤਮਾ ਬੁਧ ਦੇ ਕਾਲ ਵਿੱਚ ਹੀ ਬਹੁ-ਸੰਖਿਆ ਵਿੱਚ ਲੋਕਾਂ ਅਤੇ ਹਾਕਮਾਂ ਨੇ ਬੁਧ ਧਰਮ ਨੂੰ ਅਪਣਾਇਆ। ਮਗਧ, ਕੋਸ਼ਾਲ, ਕੋਸਾਬੀ ਦੇ ਰਾਜਿਆਂ ਨੇ ਅਤੇ ਸਾਕਯ, ਵਜੀ ਆਦਿ ਰਾਜਾਂ ਵਿੱਚ ਬੁਧ ਧਰਮ ਦਾ ਬੋਲਬਾਲਾ ਸੀ। ਮਹਾਤਮਾ ਬੁਧ ਦੇ ਦੇਹਾਂਤ ਤੋਂ ਬਾਅਦ ਅਸ਼ੋਕ ਅਤੇ ਕਨਿਸ਼ਕ ਵਰਗੇ ਰਾਜਿਆਂ ਨੇ ਬੁਧ ਧਰਮ ਨੂੰ ਅਪਣਾਇਆ ਅਤੇ ਇਸਨੂੰ ਰਾਜ ਧਰਮ ਦਾ ਦਰਜਾ ਦਿੱਤਾ। ਇਹ ਹੀ ਨਹੀਂ ਬਲਕਿ ਬੁਧ ਧਰਮ ਦਾ ਵਿਦੇਸ਼ਾਂ ਵਿੱਚ ਵੀ ਪ੍ਰਚਾਰ ਕਰਨ ਲਈ ਪ੍ਰਚਾਰਕ ਭੇਜੇ। ਨਤੀਜੇ ਵਜੋਂ ਕੇਂਦਰੀ ਏਸ਼ੀਆ, ਪੱਛਮੀ ਏਸ਼ੀਆ, ਲੰਕਾ ਆਦਿ ਥਾਵਾਂ ਤੇ ਬੁਧ ਧਰਮ ਦਾ ਪ੍ਰਸਾਰ ਹੋਇਆ। ਬੁਧ ਧਰਮ ਦੇ ਪ੍ਰਸਾਰ ਲਈ ਕਈ ਕਾਰਣ ਸਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ:-

1. **ਬੁਧ ਧਰਮ ਦੀਆਂ ਸਰਲ ਸਿਖਿਆਵਾਂ**- ਬੁਧ ਧਰਮ ਦੀਆਂ ਸਿਖਿਆਵਾਂ ਮਹਾਤਮਾ ਬੁਧ ਨੇ ਆਪਣੇ ਜੀਵਨ ਦੇ ਨਿੱਜੀ ਅਨੁਭਵ ਤੇ ਅਧਾਰਿਤ ਸਨ। ਉਹਨਾਂ ਨੇ ਜੀਵਨ ਦੀਆਂ ਚਾਰ ਮੂਲ ਸੱਚਾਈਆਂ, ਅਸ਼ਟ ਮਾਰਗ, ਅਹਿੰਸਾ, ਨੈਤਿਕਤਾ ਵਰਗੇ ਸਿਧਾਂਤ ਦਿੱਤੇ ਜੋ ਵੈਦਿਕ ਧਰਮ ਦੀ ਤਰ੍ਹਾਂ ਖਰਚੀਲੇ ਨਹੀਂ ਸਨ।
2. **ਲੋਕ ਭਾਸ਼ਾ ਵਿੱਚ ਪ੍ਰਚਾਰ**- ਮਹਾਤਮਾ ਬੁਧ ਅਤੇ ਬੁਧ ਧਰਮ ਦੇ ਭਿਖਸ਼ੂਆਂ ਨੇ ਬੁਧ ਧਰਮ ਦੀ ਸਿਖਿਆ ਦਾ ਉਸ ਸਮੇਂ ਦੀ ਲੋਕ ਭਾਸ਼ਾ ਪ੍ਰਾਕ੍ਰਿਤ ਵਿੱਚ ਪ੍ਰਚਾਰ ਕੀਤਾ। ਉਹਨਾਂ ਦਾ ਮੁੱਖ ਉਦੇਸ਼ ਲੋਕਾਂ ਤੱਕ ਆਪਣੇ ਵਿਚਾਰ ਪਹੁੰਚਾਉਣਾ ਸੀ ਤਾਂ ਜੋ ਲੋਕ ਇਹਨਾਂ ਨੂੰ ਸਮਝ ਸਕਣ ਅਤੇ ਵਿਚਾਰ ਵਟਾਂਦਰਾ ਵੀ ਕਰ ਸਕਦੇ ਸਨ।
3. **ਸਮਾਨਤਾ ਦਾ ਸਿਧਾਂਤ**- ਉਸ ਸਮੇਂ ਦੇ ਹਿੰਦੂ ਧਰਮ ਵਿੱਚ ਆਈਆਂ ਕੁਰੀਤੀਆਂ ਨੂੰ ਮਹਾਤਮਾ ਬੁਧ ਨੇ ਦੂਰ ਕਰਨ ਦਾ ਯਤਨ ਕੀਤਾ। ਉਹਨਾਂ ਕੁਰੀਤੀਆਂ ਨੂੰ ਬੁਧ ਧਰਮ ਵਿੱਚ ਕੋਈ ਸਥਾਨ ਨਾ ਦਿੱਤਾ। ਸਾਰੇ ਭਿਖਸ਼ੂਆਂ ਨੂੰ ਇਕ ਸਮਾਨ ਸਮਝਿਆ ਜਾਂਦਾ ਸੀ ਚਾਹੇ ਉਹ ਕਿਸੇ ਵੀ ਵਰਗ ਨਾਲ ਸੰਬੰਧਿਤ ਹੋਣ। ਇਸ ਤਰ੍ਹਾਂ ਕਈ ਜਾਤੀਆਂ ਦੇ ਲੋਕਾਂ ਨੇ ਇਸ ਧਰਮ ਨੂੰ ਅਪਣਾਇਆ।
4. **ਮਹਾਤਮਾ ਬੁਧ ਦੀ ਸਖਸ਼ੀਅਤ**- ਮਹਾਤਮਾ ਬੁਧ ਦੀ ਸਖਸ਼ੀਅਤ ਨੇ ਵੀ ਲੋਕਾਂ ਨੂੰ ਬੁਧ ਧਰਮ ਵੱਲ ਖਿੱਚ ਪਾਈ। ਮਹਾਤਮਾ ਬੁਧ ਵਿੱਚ ਸੱਚਾਈ, ਨਿਮਰਤਾ, ਉਦਾਰਤਾ, ਹਮਦਰਦੀ, ਦਇਆ ਆਦਿ ਗੁਣ ਕੁੱਟ-ਕੁੱਟ ਕੇ ਭਰੇ ਹੋਏ ਸਨ। ਉਹਨਾਂ ਨੇ ਰਾਜਸੀ ਸੁੱਖ ਦਾ ਤਿਆਗ ਕਰਕੇ ਮਨੁੱਖ ਜਾਤੀ ਦੀ ਸੇਵਾ ਦਾ ਰਸਤਾ ਅਪਣਾਇਆ। ਮਹਾਤਮਾ ਬੁਧ ਦੀ ਆਚਰਣਿਕ ਵਿਸ਼ੇਸ਼ਤਾਵਾਂ ਨੇ ਉਹਨਾਂ ਦੀ ਸਖਸ਼ੀਅਤ ਨੂੰ ਇੰਨਾ ਪ੍ਰਭਾਵਸ਼ਾਲੀ ਬਣਾ ਦਿੱਤਾ ਸੀ ਕਿ ਜੋ ਕੋਈ ਵੀ ਉਹਨਾਂ ਦੇ ਦਰਸ਼ਨ ਕਰਦਾ ਸੀ ਉਸਨੂੰ ਭਰਪੂਰ ਆਨੰਦ ਦੀ ਪ੍ਰਾਪਤੀ ਹੁੰਦੀ ਸੀ।
5. **ਰਾਜਸੀ ਸਹਾਇਤਾ**- ਰਾਜਸੀ ਸਹਾਇਤਾ ਕਰਕੇ ਵੀ ਬੁੱਧ ਧਰਮ ਦਾ ਵਿਕਾਸ ਹੋਇਆ। ਅਸ਼ੋਕ ਤੇ ਕਨਿਸ਼ਕ ਵਰਗੇ ਰਾਜਿਆਂ ਨੇ ਨਾ ਕੇਵਲ ਬੁਧ ਧਰਮ ਨੂੰ ਅਪਣਾਇਆ ਬਲਕਿ ਇਸ ਧਰਮ ਦੇ ਪ੍ਰਚਾਰ ਲਈ ਭਿਕਸ਼ੂਆਂ ਨੂੰ ਬਰਮਾ, ਚੀਨ, ਲੰਕਾ, ਜਾਪਾਨ, ਤਿੱਬਤ ਆਦਿ ਦੇ

ਸ਼ਾਂ ਵਿੱਚ ਭੇਜਿਆ। ਅਸ਼ੋਕ ਨੇ ਆਪਣੇ ਕਾਲ ਵਿੱਚ ਤੀਜੀ ਬੋਧੀ ਮਹਾਂਸਭਾ ਬੁਲਾਈ ਅਤੇ ਕਨਿਸ਼ਕ ਨੇ ਆਪਣੇ ਸ਼ਾਸਨ ਕਾਲ ਦੋਰਾਨ ਚੋਥੀ ਬੋਧੀ ਮਹਾਂਸਭਾ ਬੁਲਾਈ।

6. **ਪ੍ਰਚਾਰਕਾਂ ਦਾ ਯੋਗਦਾਨ**- ਬੁਧ ਧਰਮ ਦੇ ਵਿਕਾਸ ਵਿੱਚ ਭਿਕਸ਼ੂਆਂ ਨੇ ਮਹੱਤਵਪੂਰਨ ਯੋਗਦਾਨ ਪਾਇਆ। ਹਿੰਦੂ ਧਰਮ ਵਿੱਚ ਪ੍ਰਚਾਰ ਦੀ ਭਾਵਨਾ ਦੀ ਅਣਹੋਂਦ ਸੀ ਅਤੇ ਦੂਜੇ ਪਾਸੇ ਬੋਧੀ ਭਿਖਸ਼ੂਆਂ ਨੇ ਵੱਖ-ਵੱਖ ਸਥਾਨਾਂ ਤੇ ਜਾ ਕੇ ਬੁੱਧ ਧਰਮ ਦਾ ਪ੍ਰਚਾਰ ਕੀਤਾ। ਨਤੀਜੇ ਵਜੋਂ ਨਾ ਕੇਵਲ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਬੁੱਧ ਧਰਮ ਦਾ ਪ੍ਰਸਾਰ ਹੋਇਆ। ਅਸ਼ੋਕ ਨੇ ਆਪਣੇ ਰਾਜ-ਕਾਲ ਦੌਰਾਨ ਕਈ ਪ੍ਰਚਾਰਕਾਂ ਨੂੰ ਭਾਰਤ ਦੇ ਵੱਖ-ਵੱਖ ਭਾਗਾਂ ਅਤੇ ਦੂਜੇ ਦੇਸ਼ਾਂ ਵਿੱਚ ਭੇਜਿਆ। ਮਝਾਂਤਿਕ ਨੂੰ ਕਸ਼ਮੀਰ ਅਤੇ ਗੰਧਾਰ, ਮਹਾਂਰਕਸ਼ਿਤ ਨੂੰ ਯਵਨ ਦੇਸ਼ ਵਿੱਚ, ਮਝਿਮ ਨੂੰ ਹਿਮਾਲਾ, ਮਹਾਂਦੇਵ ਨੂੰ ਮੈਸੂਰ, ਉਤਰਾ ਨੂੰ ਬਰਮਾ, ਮਹਿੰਦਰ ਨੂੰ ਲੰਕਾ ਆਦਿ।

7. **ਅਨੁਕੂਲ ਪ੍ਰਸਥਿਤੀਆਂ**- ਛੇਵੀਂ ਸਦੀ ਈ.ਪੂਰਵ ਦਾ ਸਮਾਂ ਧਾਰਮਿਕ ਅਤੇ ਸਮਾਜਿਕ ਸੁਧਾਰਾਂ ਦਾ ਕਾਲ ਸੀ ਕਿਉਂਕਿ ਇਸ ਸਮੇਂ ਤੱਕ ਹਿੰਦੂ ਧਰਮ 'ਚ ਬਹੁਤ ਬੁਰਾਈਆਂ ਆ ਜਾਣ ਕਾਰਨ ਲੋਕ ਤੰਗ ਆ ਚੁੱਕੇ ਸਨ ਅਤੇ ਇਕ ਸਰਲ ਧਰਮ ਦੇ ਇਛੁੱਕ ਸਨ। ਇਸ ਸਮੇਂ ਦੋਰਾਨ ਹੀ ਬੁਧ ਧਰਮ ਦਾ ਜਨਮ ਹੋਇਆ ਜਿਸ ਦੇ ਸਿਧਾਂਤ ਮਹਾਤਮਾ ਬੁਧ ਦੇ ਜੀਵਨ ਦੇ ਤਜਰਬੇ ਤੇ ਅਧਾਰਿਤ ਸਨ। ਉਨ੍ਹਾਂ ਨੇ ਬੁਧ ਧਰਮ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਹੀ ਰੱਖਿਆ ਅਤੇ ਸਮਾਨਤਾ ਤੇ ਵਿਸ਼ਵ ਭਾਈਚਾਰੇ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ। ਅਜਿਹੇ ਸਰਲ ਸਿਧਾਂਤਾਂ ਨੇ ਲੋਕਾਂ ਵਿੱਚ ਖਿੱਚ ਪਾਈ ਅਤੇ ਵੱਡੀ ਗਿਣਤੀ ਵਿੱਚ ਬੁਧ ਧਰਮ ਨੂੰ ਅਪਣਾਇਆ।

## 6. ਬੁੱਧ ਧਰਮ ਦੇ ਪਤਨ ਦੇ ਕਾਰਣ :

ਬੁੱਧ ਧਰਮ ਨਾ ਕੇਵਲ ਭਾਰਤ ਦੇ ਵੱਖ ਵੱਖ ਥਾਵਾਂ ਤੇ ਬਲਕਿ ਵਿਦੇਸ਼ਾਂ ਵਿੱਚ ਵੀ ਪ੍ਰਸਾਰ ਹੋਇਆ। ਪਰੰਤੂ ਮਹਾਤਮਾ ਬੁਧ ਦੇ ਦੇਹਾਂਤ ਤੋਂ ਬਾਅਦ ਕੁਝ ਸਮਾਂ ਪਾ ਕੇ ਬੁਧ ਧਰਮ ਦਾ ਪਤਨ ਸ਼ੁਰੂ ਹੋ ਗਿਆ। ਭਾਰਤ ਜਿੱਥੇ ਬੁਧ ਧਰਮ ਦਾ ਜਨਮ ਹੋਇਆ ਉਥੇ ਹੀ ਇਸ ਧਰਮ ਦੀ ਮਹੱਤਤਾ ਖਤਮ ਹੋ ਗਈ। ਬੁਧ ਧਰਮ ਦੇ ਪਤਨ ਦੇ ਕਈ ਕਾਰਨ ਸਨ:-

1. **ਬੁਧ ਧਰਮ ਵਿੱਚ ਫੁੱਟ ਪੈਣਾ**- 383 ਈ. ਪੂਰਵ ਵਿੱਚ ਵੈਸ਼ਾਲੀ ਵਿਖੇ ਹੋਈ ਦੂਜੀ ਬੋਧੀ ਮਹਾਂਸਭਾ ਵਿੱਚ ਬੋਧੀਆਂ ਵਿੱਚ ਫੁੱਟ ਪੈ ਈ ਅਤੇ ਉਹ ਦੋ ਭਾਗਾਂ ਵਿੱਚ ਵੰਡੇ ਗਏ- ਸਥਾਵਿਰਵਾਦੀ ਅਤੇ ਮਹਾਂਸੰਘਿਕਾ। ਬਾਅਦ ਵਿੱਚ ਚੋਥੀ ਬੋਧੀ ਮਹਾਂਸਭਾ ਜੋ 100 ਈ. ਵਿੱਚ ਕਸ਼ਮੀਰ ਵਿਖੇ ਹੋਈ ਤਾਂ ਇਸ ਸਭਾ ਵਿੱਚ ਬੁਧ ਧਰਮ ਸਪੱਸ਼ਟ ਰੂਪ ਵਿੱਚ ਦੋ ਮਤ ਕਾਇਮ ਹੋ ਗਏ। ਹੀਨਯਾਨ ਅਤੇ ਮਹਾਂਯਾਨ। ਦੋਹਾਂ ਮਤਾਂ ਵਿੱਚ ਆਪਸੀ ਝਗੜੇ ਚਲਦੇ ਰਹੇ ਜਿਸ ਕਾਰਨ ਬੁਧ ਧਰਮ ਦੀ ਲੋਕਪ੍ਰਿਯਤਾ ਘਟਦੀ ਗਈ।

2. **ਬੋਧੀ ਸੰਘ ਵਿੱਚ ਭ੍ਰਿਸ਼ਟਾਚਾਰ**:- ਗੌਤਮ ਬੁਧ ਦੇ ਜੀਵਨ ਕਾਲ ਵਿੱਚ ਭਿਕਸ਼ੂ ਸ਼ੁੱਧ ਅਤੇ ਸਾਦਾ ਜੀਵਨ ਬਤੀਤ ਕਰਦੇ ਸਨ। ਸੰਘ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਸੀ। ਪਰੰਤੂ ਬੁਧ ਦੇ ਦੇਹਾਂਤ ਤੋਂ ਬਾਅਦ ਭਿਖਸ਼ੂਆਂ ਦੇ ਜੀਵਨ ਵਿੱਚ ਤਬਦੀਲੀ ਆ ਗਈ। ਉਹ ਭੋਗ ਵਿਲਾਸੀ, ਦੁਰਾਚਾਰੀ ਬਣ ਗਏ ਅਤੇ ਵੱਧ ਤੋਂ ਵੱਧ ਧਨ ਬਟੋਰਨ ਵਿੱਚ ਲੱਗ ਗਏ। ਜਿਸ ਨਾਲ ਲੋਕਾਂ ਦੀ ਬੁਧ ਧਰਮ ਪ੍ਰਤੀ ਸ਼ਰਧਾ ਨਾ ਰਹੀ ਅਤੇ ਧਰਮ ਦਾ ਪ੍ਰਭਾਵ ਵੀ ਘਟਦਾ ਗਿਆ।

3. **ਹਿੰਦੂ ਧਰਮ ਵਿੱਚ ਸੁਧਾਰ**:- ਹਿੰਦੂ ਧਰਮ ਦੇ ਪੈਰੋਕਾਰਾਂ ਨੇ ਆਪਣੇ ਧਰਮ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਉਸ ਵਿੱਚ ਸੁਧਾਰ ਕਰਨੇ ਸ਼ੁਰੂ ਕਰ ਦਿੱਤੇ। ਉਹਨਾਂ ਬੁਧ ਧਰਮ ਦੇ ਉਹ ਸਾਰੇ ਗੁਣ ਅਪਣਾਏ ਜਿਨਾਂ ਕਰਕੇ ਬੁਧ ਧਰਮ ਹਰਮਨ ਪਿਆਰਾ ਸੀ। ਉਹਨਾਂ ਨੇ ਭਗਤੀ, ਮੂਰਤੀ-ਪੂਜਾ, ਸਦਾਚਾਰ ਆਦਿ ਗੁਣਾਂ ਤੇ ਜ਼ੋਰ ਦਿੱਤਾ। ਇਸ ਤਰ੍ਹਾਂ ਲੋਕਾਂ ਨੇ ਬੁਧ ਧਰਮ ਛੱਡ ਹਿੰਦੂ ਧਰਮ ਅਪਣਾਉਣਾ ਸ਼ੁਰੂ ਕਰ ਦਿੱਤਾ।

4. **ਰਾਜਸੀ ਸਹਾਇਤਾ ਦੀ ਘਾਟ**:- ਮਹਾਤਮਾ ਬੁਧ ਦੇ ਜੀਵਨ ਕਾਲ ਦੌਰਾਨ ਮਗਧ, ਕੋਸ਼ਲ, ਸਰਾਵਸਤੀ, ਵੈਸ਼ਾਲੀ ਆਦਿ ਥਾਵਾਂ ਦੇ ਰਾਜਿਆਂ ਅਤੇ ਅਮੀਰ ਲੋਕਾਂ ਦੁਆਰਾ ਬੁਧ ਧਰਮ ਦੀ ਸਰਪ੍ਰਸਤੀ ਕੀਤੀ ਗਈ। ਮਹਾਤਮਾ ਬੁਧ ਦੇ ਦੇਹਾਂਤ ਤੋਂ ਬਾਅਦ ਅਸ਼ੋਕ, ਕਨਿਸ਼ਕ ਅਤੇ ਹਰਸ਼ ਵਰਗੇ ਰਾਜਿਆਂ ਸਮੇਂ ਬੁੱਧ ਧਰਮ ਇੱਕ ਰਾਜ ਧਰਮ ਬਣ ਗਿਆ ਅਤੇ ਇਹਨਾਂ ਰਾਜਿਆਂ ਨੇ ਖੁੱਲੇ ਦਿਲ ਨਾਲ ਬੁਧ ਧਰਮ ਦੀ ਸਰਪ੍ਰਸਤੀ ਕੀਤੀ। ਪਰੰਤੂ ਬਾਕੀ ਦੇ ਰਾਜੇ ਹਿੰਦੂ ਧਰਮ ਦੇ ਅਨੁਯਾਈ ਸਨ ਅਤੇ ਉਹਨਾਂ ਹਿੰਦੂ ਧਰਮ ਦੀ ਉਨਤੀ ਲਈ ਕਈ ਕੰਮ ਕੀਤੇ। ਗੁਪਤ ਸ਼ਾਸਕ ਜੋ ਹਿੰਦੂ ਧਰਮ ਦੇ ਉਤਸ਼ਾਹੀ ਸ਼ਰਧਾਲੂ ਸਨ, ਉਹਨਾਂ ਨੇ ਹਿੰਦੂ ਧਰਮ ਦੀ ਸਰਪ੍ਰਸਤੀ ਕੀਤੀ। ਨਤੀਜੇ ਵਜੋਂ ਗੁਪਤ ਕਾਲ ਵਿੱਚ ਹਿੰਦੂ ਧਰਮ ਹਰਮਨ ਪਿਆਰਾ ਬਣ ਗਿਆ ਅਤੇ ਬੁਧ ਧਰਮ ਦਾ ਮਹੱਤਵ ਘੱਟ ਗਿਆ।

5. **ਬੁਧ ਧਰਮ ਦਾ ਅਹਿੰਸਾ ਦਾ ਸਿਧਾਂਤ**:- 261 ਈ. ਪੂਰਵ ਵਿੱਚ ਕਲਿੰਗ ਦੇ ਯੁੱਧ ਤੋਂ ਬਾਅਦ ਅਸ਼ੋਕ ਨੇ ਬੁਧ ਧਰਮ ਨੂੰ ਅਪਣਾਇਆ। ਬੁਧ ਧਰਮ ਦੇ ਸਿਧਾਂਤਾਂ ਦੀ ਪਾਲਣਾ ਕਰਦੇ ਹੋਏ ਅਸ਼ੋਕ ਨੇ ਦਿਗਵਿਜੈ ਦੀ ਥਾਂ ਧਰਮ ਵਿਜੈ ਦੀ ਨੀਤੀ ਅਪਣਾਈ। ਜਿਸ ਅਧੀਨ ਉਸਨੇ ਕੋਈ ਵੀ ਯੁੱਧ ਨਾ ਕੀਤਾ। ਇਸ ਨਾਲ ਸੈਨਿਕਾਂ ਵਿੱਚ ਜੋਸ਼ ਅਤੇ ਬਹਾਦਰੀ ਦੀਆਂ ਭਾਵਨਾਵਾਂ ਜਾਂਦੀਆਂ ਰਹੀਆਂ ਅਤੇ ਉਹ ਨਿਕੰਮੇ ਹੋ ਗਏ। ਪੁਸ਼ਯਮਿੱਤਰ ਨਾਮਕ ਬ੍ਰਾਹਮਣ ਨੇ ਅਜਿਹੀ ਪਰਸਥਿਤੀ ਦਾ ਫਾਇਦਾ ਉਠਾਂਦਿਆਂ ਮੌਰੀਆ ਸਾਮਰਾਜ ਦੀ ਥਾਂ ਸੁੰਗ ਵੰਸ਼ ਦੀ ਨੀਂਹ ਰੱਖੀ। ਰਾਜਾ ਬਣਨ ਉਪਰੰਤ ਉਸਨੇ ਸਾਰੇ ਸਾਮਰਾਜ ਦੇ ਬੋਧੀਆਂ ਵਿਰੁੱਧ ਜੁਲਮ ਦੀ ਨੀਤੀ ਅਪਣਾਈ ਅਤੇ ਹਜਾਰਾਂ ਬੋਧੀ ਮੌਤ ਦੇ ਘਾਟ ਉਤਾਰ ਦਿੱਤੇ।

6. **ਹੂਣਾਂ ਦੇ ਹਮਲੇ**:- ਹੂਣ ਜਾਤੀ ਦੇ ਲੋਕਾਂ ਨੇ ਭਾਰਤ ਦੇ ਉਤਰ ਪੱਛਮੀ ਭਾਗਾਂ ਵਿੱਚ ਆਪਣਾ ਰਾਜ ਸਥਾਪਿਤ ਕਰ ਲਿਆ ਸੀ। ਇਸ ਜਾਤੀ ਦੇ ਲੋਕ ਬੜੇ ਹੀ ਨਿਰਦਈ ਅਤੇ ਅੱਤਿਆਚਾਰੀ ਸਨ। ਉਹਨਾਂ ਦੇ ਹਾਕਮ ਮਿਹਰਕੁਲ ਹਿੰਦੂ ਧਰਮ ਦਾ ਅਨੁਯਾਈ ਸੀ ਅਤੇ ਬੁਧ ਧਰਮ ਪ੍ਰਤੀ ਵਿਰੋਧੀ ਭਾਵਨਾਵਾਂ ਰੱਖਦਾ ਸੀ। ਉਸਨੇ ਬੋਧੀਆਂ ਪ੍ਰਤੀ ਜੁਲਮ ਦੀ ਨੀਤੀ ਅਪਣਾਈ। ਬੋਧੀਆਂ ਦਾ ਕਤਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹਨਾਂ ਦੇ ਸਤੂਪ ਅਤੇ ਮੱਠਾਂ ਨੂੰ ਵੀ ਨਸ਼ਟ ਕਰਵਾ ਦਿੱਤਾ। ਭਾਰੀ ਮਾਤਰਾ ਵਿੱਚ ਬੋਧੀ ਤਾਂ ਉਸਦਾ ਰਾਜ ਹੀ ਛੱਡ ਕੇ ਦੋੜ ਗਏ। ਇਸ ਤਰ੍ਹਾਂ ਭਾਰਤ ਦੇ ਉਤਰ ਪੱਛਮੀ ਭਾਗਾਂ ਵਿੱਚ ਬੁਧ ਧਰਮ ਵਿੱਚ ਨਸ਼ਟ ਹੋ ਗਿਆ।

## 7. ਬੁੱਧ ਧਰਮ ਦਾ ਪ੍ਰਭਾਵ :

ਬੁਧ ਧਰਮ ਪ੍ਰਾਚੀਨ ਕਾਲ ਦਾ ਇਕ ਪ੍ਰਭਾਵਸ਼ਾਲੀ ਅੰਦੋਲਨ ਸੀ ਜਿਸਨੇ ਭਾਰਤੀ ਜੀਵਨ ਦੇ ਹਰ ਇੱਕ ਪਹਿਲੂ ਉਤੇ ਡੂੰਘਾ ਪ੍ਰਭਾਵ ਪਾਇਆ:-

1. **ਏਕਤਾ ਦਾ ਸੰਚਾਰ**:- ਬੁਧ ਧਰਮ ਦਾ ਪ੍ਰਸਾਰ ਉਤਰੀ ਭਾਰਤ ਵਿੱਚ ਹੋਇਆ ਜਿੱਥੇ ਜਾਤੀ ਪ੍ਰਥਾ ਦਾ ਬੋਲਬਾਲਾ ਸੀ। ਪਰੰਤੂ ਬੁਧ ਧਰਮ ਨੇ ਜਾਤੀ ਭੇਦ ਭਾਵਾਂ ਅਤੇ ਅੰਧ ਵਿਸ਼ਵਾਸਾਂ ਨੂੰ

ਦੂਰ ਕੀਤਾ ਕਿਉਂਕਿ ਬੁਧ ਧਰਮ ਵਿੱਚ ਸਭ ਨੂੰ ਸਮਾਨਤਾ ਦਾ ਦਰਜਾ ਦਿੱਤਾ ਜਾਂਦਾ ਸੀ ਅਤੇ ਨਾਲ ਹੀ ਵਿਸ਼ਵ ਭਾਈਚਾਰੇ ਨੂੰ ਉਤਸ਼ਾਹਿਤ ਕੀਤਾ। ਇਸ ਤਰ੍ਹਾਂ ਲੋਕਾਂ ਵਿੱਚ ਏਕਤਾ ਕਾਇਮ ਹੋ ਗਈ ਜਿਸਨੇ ਅੱਗੇ ਰਾਸ਼ਟਰੀ ਏਕਤਾ ਲਈ ਰਾਹ ਤਿਆਰ ਕੀਤਾ ਅਤੇ ਵਿਸ਼ਾਲ ਸਾਮਰਾਜਾਂ ਦੀ ਸਥਾਪਨਾ ਹੋਈ।

2. **ਲੋਕ ਭਲਾਈ ਦੇ ਕਾਰਜ**:- ਬੁਧ ਧਰਮ ਦੇ ਪ੍ਰਭਾਵ ਹੇਠ ਹੀ ਅਸ਼ੋਕ ਅਤੇ ਹਰਸ਼ ਵਰਗੇ ਰਾਜਿਆਂ ਨੇ ਲੋਕ ਕਲਿਆਣ ਕਾਰਜ ਦੇ ਸਫਲ ਯਤਨ ਕੀਤੇ। ਪਰਜਾ ਲਈ ਅਰਾਮ ਘਰ, ਪੱਕੀਆਂ ਸੜਕਾਂ, ਸੜਕਾਂ ਦੇ ਦੋਹਾਂ ਪਾਸੇ ਛਾਂਦਾਰ ਰੁੱਖ ਲਗਵਾਏ, ਖੂਹ ਖੁਦਵਾਏ, ਮਨੁੱਖਾਂ ਤੇ ਪਸ਼ੂਆਂ ਲਈ ਹਸਪਤਾਲ, ਜਰੂਰਤਮੰਦ ਲੋਕਾਂ ਲਈ ਦਾਨ ਆਦਿ ਵਰਗੇ ਕਾਰਜ ਕੀਤੇ।

3. **ਹਿੰਦੂ ਧਰਮ ਦਾ ਪੁਨਰ-ਸੁਧਾਰ**:- ਬੁਧ ਧਰਮ ਦੇ ਪ੍ਰਭਾਵ ਕਾਰਨ ਹੀ ਹਿੰਦੂ ਧਰਮ ਵਿੱਚ ਪੁਨਰ ਸੁਧਾਰ ਦੀ ਲਹਿਰ ਚੱਲੀ। ਜਿਸ ਦੇ ਅਧੀਨ ਹਿੰਦੂ ਧਰਮ ਦੀਆਂ ਬੁਰਾਈਆਂ ਨੂੰ ਖਤਮ ਕਰਨ ਦਾ ਨਿਸ਼ਚੇ ਕੀਤਾ ਗਿਆ। ਗੁਪਤ ਕਾਲ ਵਿੱਚ ਹਿੰਦੂ ਧਰਮ ਦੇ ਪੁਨਰ ਸੁਧਾਰ ਹੋਇਆ ਜਿਸ ਵਿੱਚ ਪਵਿੱਤਰ ਜੀਵਨ ਬਤੀਤ ਕਰਨ, ਮੂਰਤੀ ਪੂਜਾ ਕਰਨ, ਬਲੀ ਤੇ ਰੋਕ ਆਦਿ ਨਵੇ ਂ ਨਿਯਮ ਉਲੀਕੇ ਗਏ। ਇਸ ਤਰ੍ਹਾਂ ਹਿੰਦੂ ਧਰਮ ਵਿੱਚ ਸੁਧਾਰ ਆ ਜਾਣ ਨਾਲ ਇਹ ਧਰਮ ਹਰਮਨ ਪਿਆਰਾ ਹੋ ਗਿਆ।

4. **ਕਲਾ ਦਾ ਵਿਕਾਸ**:- ਬੁਧ ਧਰਮ ਦੇ ਪ੍ਰਸਾਰ ਲਈ ਅਸ਼ੋਕ ਅਤੇ ਕਨਿਸ਼ਕ ਵਰਗੇ ਸਮਰਾਟਾਂ ਨੇ ਕਲਾ ਦਾ ਮਾਧਿਅਮ ਅਪਣਾਇਆ। ਨਤੀਜੇ ਵਜੋਂ ਕਲਾ ਦਾ ਅਦਭੁੱਤ ਵਿਕਾਸ ਹੋਇਆ। ਅਸ਼ੋਕ ਨੇ ਵਿਹਾਰ, ਸਤੂਪ ਅਤੇ ਸਤੰਭਾਂ ਦੀ ਉਸਾਰੀ ਕਰਵਾਈ ਅਤੇ ਕਨਿਸ਼ਕ ਦੇ ਕਾਲ ਵਿੱਚ ਗੰਧਾਰ ਕਲਾ ਦਾ ਵਿਕਾਸ ਹੋਇਆ। ਜਿਸ ਦੇ ਅਧੀਨ ਮਹਾਤਮਾ ਬੁਧ ਅਤੇ ਹੋਰ ਬੋਧੀਸਤਵਾਂ ਦੀਆਂ ਮੂਰਤੀਆਂ ਬਣਾਈਆਂ ਗਈਆਂ।

5. **ਸਿੱਖਿਆ ਦਾ ਪ੍ਰਸਾਰ**:- ਬੋਧੀ ਵਿਹਾਰਾਂ ਵਿੱਚ ਧਰਮ ਦੇ ਨਾਲ ਸਿੱਖਿਆ ਵੀ ਦਿੱਤੀ ਜਾਂਦੀ ਸੀ। ਮੌਰੀਆ, ਕੁਸ਼ਾਣ ਅਤੇ ਵਰਧਨ ਹਾਕਮਾਂ ਦੀ ਸਰਪ੍ਰਸਤੀ ਕਾਰਨ ਕਈ ਵਿਸ਼ਵ-ਵਿਦਿਆਲੇ ਹੋਂਦ ਵਿੱਚ ਆਏ। ਜਿਨ੍ਹਾਂ ਵਿੱਚੋਂ ਟੈਕਸਲਾ ਅਤੇ ਨਾਲੰਦਾ ਵਿਸ਼ਵ-ਵਿਦਿਆਲੇ ਸਭ ਤੋਂ ਪ੍ਰਸਿੱਧ ਸਨ। ਇੱਥੇ ਭਾਰਤ ਦੇ ਵੱਖ-ਵੱਖ ਚੀਨੀ ਯਾਤਰੀ ਫਾਹੀਯਾਨ, ਹਿਊਸਾਂਗ, ਇਤਸਿੰਗ ਅਤੇ ਤਾਰਾਨਾਥ ਆਦਿ ਨਾਂ ਵਰਨਣਯੋਗ ਹਨ। ਇਹ ਸਭ ਕੇਵਲ ਬੁਧ ਧਰਮ ਸਦਕਾ ਹੀ ਸੰਭਵ ਹੋ ਸਕਿਆ।

6. **ਭਾਰਤੀ ਸਾਹਿਤ ਦਾ ਵਿਕਾਸ**:- ਭਾਰਤੀ ਸਾਹਿਤ ਤੇ ਵੀ ਬੁਧ ਧਰਮ ਦਾ ਪ੍ਰਭਾਵ ਪਿਆ। ਬੁਧ ਧਰਮ ਦੇ ਪ੍ਰਸਿੱਧ ਗ੍ਰੰਥ- ਤ੍ਰਿਪਿਟਕ, ਜਾਤਕ ਅਤੇ ਹੋਰ ਬੋਧੀ ਵਿਦਵਾਨਾਂ ਦੁਆਰਾ ਰਚਿਤ ਰਚਨਾਵਾਂ ਦਾ ਭਾਰਤੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਹੈ। ਉਸ ਸਮੇਂ ਦੇ ਸਾਹਿਤ ਦਾ ਧਿਆਨ ਪੂਰਵਕ ਅਧਿਐਨ ਕੀਤਾ ਜਾਵੇ ਤਾਂ ਸਾਨੂੰ ਉਸ ਸਮੇਂ ਦੀ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਜੀਵਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਇਹ ਸਾਹਿਤ ਇਤਿਹਾਸਕ ਪੱਖੋਂ ਵੀ ਮਹੱਤਵਪੂਰਣ ਹੈ।

7. **ਭਾਰਤੀ ਸੰਸਕ੍ਰਿਤੀ ਦਾ ਪ੍ਰਸਾਰ**:- ਬੁਧ ਧਰਮ ਦੇ ਪ੍ਰਚਾਰ ਲਈ ਭਿਖਸ਼ੂ ਦੇਸ਼ ਅਤੇ ਵਿਦੇਸ਼ਾਂ ਵਿੱਚ ਵੱਖ ਵੱਖ ਥਾਵਾਂ ਤੇ ਜਾਂਦੇ ਸਨ। ਭਾਰਤੀ ਸਮਰਾਟਾਂ ਵਿਸ਼ੇਸ਼ ਕਰ ਅਸ਼ੋਕ ਨੇ ਵੀ ਬੁਧ

ਧਰਮ ਦੇ ਪ੍ਰਚਾਰ ਲਈ ਬਰਮਾ, ਲੰਕਾ, ਚੀਨ, ਜਾਪਾਨ, ਤਿੱਬਤ, ਸੁਮਾਤਰਾ ਆਦਿ ਵਿਦੇਸ਼ਾਂ ਵਿੱਚ ਭਿਖਸ਼ੂ ਭੇਜੇ। ਭਿਖਸ਼ੂਆਂ ਦੇ ਬੁਧ ਧਰਮ ਦੇ ਪ੍ਰਚਾਰ ਨਾਲ ਭਾਰਤੀ ਸੰਸਕ੍ਰਿਤੀ ਦਾ ਵੀ ਵਿਕਾਸ ਹੋਇਆ। ਇਸ ਤਰ੍ਹਾਂ ਭਾਰਤੀ ਸੰਸਕ੍ਰਿਤੀ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਪ੍ਰਸਾਰ ਹੋਇਆ।

8. **ਭਾਰਤੀ ਸਾਮਰਾਜਾਂ ਦਾ ਨਸ਼ਟ ਹੋਣਾ** :-ਜਿਨ੍ਹਾਂ ਭਾਰਤੀ ਹਾਕਮਾਂ ਨੇ ਬੁਧ ਧਰਮ ਨੂੰ ਅਪਣਾਇਆ ਉਹਨਾਂ ਨੇ ਅਹਿੰਸਾ ਦੇ ਸਿਧਾਂਤ ਅਧੀਨ ਯੁਧ ਨੀਤੀ ਦਾ ਤਿਆਗ ਕਰ ਦਿੱਤਾ। ਉਹ ਯੁੱਧ ਤੋਂ ਨਫਰਤ ਕਰਨ ਲੱਗੇ ਅਤੇ ਸੈਨਿਕਾਂ ਨੇ ਵੀ ਕੋਈ ਯੁਧ ਨਾ ਕੀਤਾ। ਨਤੀਜੇ ਵਜੋਂ ਸੈਨਿਕਾਂ ਦੀਆਂ ਦਲੇਰੀ ਅਤੇ ਬਹਾਦਰੀ ਦੀਆਂ ਭਾਵਨਾਵਾਂ ਜਾਂਦੀਆਂ ਰਹੀਆਂ। ਇਸ ਲਈ ਜਦੋਂ ਵੀ ਕਿਸੇ ਹਮਲਾਵਰ ਨੇ ਉਹਨਾਂ ਦੇ ਰਾਜ ਤੇ ਹਮਲਾ ਕੀਤਾ ਤਾਂ ਉਹਨਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਅਤੇ ਕਈ ਸਾਮਰਾਜ ਨਸ਼ਟ ਹੋ ਗਏ।

## 8. ਸਾਰਾਂਸ਼ :

ਮਹਾਤਮਾ ਬੁੱਧ ਜਿਨ੍ਹਾਂ ਦਾ ਜਨਮ ਕਸ਼ੱਤਰੀਆ ਜਾਤੀ ਦੇ ਰਾਜ ਪਰਿਵਾਰ ਵਿੱਚ ਹੋਇਆ ਸੀ, ਨੇ ਬੁਧ ਧਰਮ ਦੀ ਨੀਂਹ ਰੱਖੀ। ਉਹਨਾਂ ਸਾਰੇ ਰਾਜਸੀ ਸੁੱਖਾਂ ਦਾ ਤਿਆਗ ਕਰ, ਸੱਚੇ ਗਿਆਨ ਦੀ ਪ੍ਰਾਪਤੀ ਲਈ ਭਟਕਣ ਲੱਗੇ। ਅੰਤ ਗਯਾ ਵਿਖੇ ਉਨ੍ਹਾਂ ਨੇ ਪਿੱਪਲ ਦੇ ਬ੍ਰਿਛ ਹੇਠ ਸਮਾਧੀ ਲਾ ਲਈ ਅਤੇ 49ਵੇਂ ਦਿਨ ਉਨ੍ਹਾਂ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਅਤੇ ਉਹ 'ਬੁਧ' ਕਹਿਲਾਉਣ ਲੱਗੇ। ਉਹਨਾਂ ਸਭ ਤੋਂ ਪਹਿਲਾਂ ਬਨਾਰਸ ਵਿੱਚ ਆਪਣਾ ਪਹਿਲਾ ਭਾਸ਼ਣ ਦਿੱਤਾ ਜਿਸਨੂੰ 'ਧਰਮ ਚੱਕਰ ਪਰਿਵਰਤਨ' ਕਿਹਾ ਜਾਂਦਾ ਹੈ। ਉਹਨਾਂ ਦੀਆਂ ਸਿੱਖਿਆ ਉਹਨਾਂ ਆਪਣੇ ਜੀਵਨ ਦੇ ਤਜਰਬਿਆਂ ਤੇ ਅਧਾਰਿਤ ਸਨ। ਉਹਨਾਂ ਜੀਵਨ ਦੀਆਂ ਚਾਰ ਮੂਲ ਸੱਚਾਈਆਂ ਦੱਸੀਆਂ ਜਿਨ੍ਹਾਂ ਵਿੱਚ ਇਹ ਕਿਹਾ ਗਿਆ ਸੀ ਕਿ ਤ੍ਰਿਸ਼ਨਾ ਦੀ ਪੂਰਤੀ ਨਾ ਹੋਣ ਕਾਰਨ ਮਨੁੱਖ ਦੁਖੀ ਰਹਿੰਦਾ ਹੈ। ਇਸ ਤ੍ਰਿਸ਼ਨਾ ਤੇ ਕਾਬੂ ਕੇਵਲ ਅਸ਼ਟ-ਮਾਰਗ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਬੁਧ ਧਰਮ ਵਿੱਚ ਜਿੱਥੇ ਸਮਾਨਤਾ ਅਤੇ ਵਿਸ਼ਵ ਭਾਈਚਾਰੇ ਤੇ ਜੋਰ ਦਿੱਤਾ ਉਥੇ ਨਾਲ ਹੀ ਜਾਤੀ ਪ੍ਰਥਾ ਵਰਗੀ ਕੁਰੀਤੀਆਂ, ਅੰਧ ਵਿਸ਼ਵਾਸ, ਯੱਗ ਅਤੇ ਬਲੀ ਨੂੰ ਕੋਈ ਸਥਾਨ ਨਾ ਦਿੱਤਾ। ਉਹਨਾਂ ਦੀ ਸਖਸ਼ੀਅਤ ਅਤੇ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਕਈ ਰਾਜਿਆਂ ਨੇ ਇਸ ਧਰਮ ਨੂੰ ਅਪਣਾਇਆ ਜਿਨ੍ਹਾਂ ਵਿੱਚੋਂ ਬਿੰਬੀਸਾਰ, ਅਜਾਤਸ਼ਤਰੂ, ਪਸੇਨਜੀਤ, ਅਸ਼ੋਕ, ਕਨਿਸ਼ਕ ਅਤੇ ਹਰਸ਼ ਵਰਧਨ ਦੇ ਨਾਂ ਵਰਨਣਯੋਗ ਹਨ। ਅਸ਼ੋਕ ਅਤੇ ਕਨਿਸ਼ਕ ਨੇ ਬੁੱਧ ਧਰਮ ਨੂੰ ਰਾਜ ਧਰਮ ਦਾ ਦਰਜਾ ਦਿੱਤਾ। ਕੇਵਲ ਇਹ ਨਹੀਂ ਬੁਧ ਧਰਮ ਦੇ ਪ੍ਰਚਾਰ ਲਈ ਕੇਵਲ ਭਾਰਤ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਪ੍ਰਚਾਰਕ ਭੇਜੇ। ਕਨਿਸ਼ਕ ਦੇ ਕਾਲ ਵਿੱਚ ਤਾਂ ਮਹਾਤਮਾ ਬੁੱਧ ਅਤੇ ਬੋਧੀਸਤਵਾਂ ਦੀਆਂ ਮੂਰਤੀਆਂ ਦਾ ਵੀ ਨਿਰਮਾਣ ਕੀਤਾ ਗਿਆ। ਮੂਰਤੀ ਕਲਾ ਵਿੱਚ ਯੂਨਾਨੀ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਅਤੇ ਗੰਧਾਰ ਕਲਾ ਸਕੂਲ ਹੋਂਦ ਵਿੱਚ ਆਇਆ। ਬੁਧ ਦੇ ਦੇਹਾਂਤ ਤੋਂ ਬਾਅਦ ਸੰਪਰਦਾਇਕਤਾ ਧਰਮ ਵਿੱਚ ਪ੍ਰਵੇਸ਼ ਕਰ ਗਈ। ਇਸਨੂੰ ਰੋਕਣ ਲਈ ਅਸ਼ੋਕ ਵਰਗੇ ਸਮਰਾਟਾਂ ਨੇ ਯਤਨ ਵੀ ਕੀਤੇ, ਪਰੰਤੂ ਸਮੇਂ ਨਾਲ ਇਹ ਉਭਰ ਕੇ ਸਾਹਮਣੇ ਆਈ। ਇਸ ਤਰ੍ਹਾਂ ਬੁੱਧ ਧਰਮ ਵਿੱਚ ਦੋ ਮੱਤ ਕਾਇਮ ਹੋ ਗਏ- ਮਹਾਂਯਾਨ ਅਤੇ ਹਿਨਯਾਨ। ਨਾਲ ਹੀ ਬੁਧ ਧਰਮ ਵਿੱਚ ਕਈ ਕੁਰੀਤੀਆਂ ਆ ਗਈਆਂ ਜਿਨ੍ਹਾਂ ਕਾਰਨ ਇਸ ਧਰਮ ਦਾ ਭਾਰਤ ਜੋ ਕਿ ਇਸ ਦੀ ਜਨਮ ਭੂਮੀ ਸੀ, ਇੱਥੇ ਪਤਨ ਹੋ ਗਿਆ।

## 9. ਸ਼ਬਦਾਵਲੀ :

1. ਅਹਿੰਸਾ:- ਕਿਸੇ ਵੀ ਮਨੁੱਖ ਜਾਂ ਜੀਵ ਜੰਤੂ ਦੀ ਹੱਤਿਆ ਨਾ ਕਰਨਾ
2. ਧਰਮ ਚੱਕਰ ਪਰਿਵਰਤਨ:- ਗਿਆਨ ਪ੍ਰਾਪਤੀ ਤੋਂ ਬਾਅਦ ਮਹਾਤਮਾ ਬੁਧ ਦੁਆਰਾ ਬਨਾਰਸ ਦੇ ਮ੍ਰਿਗ ਬਾਗ ਵਿੱਚ ਦਿੱਤਾ ਗਿਆ ਪਹਿਲਾ ਧਾਰਮਿਕ ਭਾਸ਼ਣ।

3. ਪਿੱਟਕ:- ਬੁਧ ਧਰਮ ਦੇ ਧਾਰਮਿਕ ਗ੍ਰੰਥ ਜਿਨਾਂ ਦੀ ਗਿਣਤੀ ਤਿੰਨ ਹੈ:-
ਸੂਤਪਿਟਕ, ਵਿਨੈਪਿਟਕ ਅਤੇ ਅਭਿਧਮ ਪਿਟਕ
4. ਜਾਤਕ:- ਉਹ ਗ੍ਰੰਥ ਜਿਸ ਵਿੱਚ ਮਹਾਤਮਾ ਬੁਧ ਦੇ ਜਨਮ ਤੋਂ ਪਹਿਲਾਂ ਦੀਆਂ ਕਥਾਵਾਂ ਦਰਜ ਹਨ। ਇਹਨਾਂ ਕਥਾਵਾਂ ਦੀ ਗਿਣਤੀ 549 ਹੈ।
5. ਦਿਗਵਿਜੈ:- ਯੁੱਧਨੀਤੀ
6. ਬੋਧੀਸਤੱਵ:- ਬੋਧੀ ਗਿਆਨੀ ਜਿਸਨੇ ਨਿਰਵਾਣ ਦੀ ਪ੍ਰਾਪਤੀ ਨਹੀਂ ਕੀਤੀ ਤਾਂ ਜੋ ਉਹ ਦੁਖੀ ਲੋਕਾਂ ਪ੍ਰਤੀ ਦਇਆ ਭਾਵ ਕਾਰਨ ਬਾਰ ਬਾਰ ਜਨਮ ਲੈਂਦਾ ਰਹੇ। ਮਹਾਯਾਨ ਮੱਤ ਦੇ ਅਨੁਯਾਈ ਬੋਧੀਸਤਵ ਵਿੱਚ ਦ੍ਰਿੜ ਵਿਸ਼ਵਾਸ ਰੱਖਦੇ ਹਨ।

**Suggested Readings**


1. A.L. Basham - The Wonder that was India.passim
2. D.D. Kosambi - The culture and civilisation of Ancient India in Historical Out-line,passsim
3. R.S. Sharma - Material cultures and social formations in Ancient India,passim
4. A.C.Arora - Prachin Bharat Da Itihas.(Punjabi)

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.